@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 30 June 2025

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 30 ਜੂਨ 2025, 16 ਹਾੜ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 43, ਅੰਕ 230, qpatrika@gmail.com ਫੋਨ : 9971359517 www.qaumipatrika.org

## ਮੁੱਖ ਮੰਤਰੀ ਭਗਵੰਤ ਮਾਨ ਨੇ ਨਿਭਾਇਆ ਵਾਅਦਾ, ਕਰ 'ਤਾ ਵੱਡਾ ਐਲਾਨ

ਕੌਮੀ ਪਤ੍ਰਿਕਾ

ਬੁਢਲਾਡਾ 29 ਜੂਨ। ਬੁਢਲਾਡਾ ਵਿਚ ਆਪਣੀ ਸੁਭਾਵਿਕ ਫੇਰੀ ਦੌਰਾਨ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਬੁਢਲਾਡਾ ਸ਼ਹਿਰ ਵਿਚ ਨਵੀਂ ਅਨਾਜ ਮੰਡੀ ਬਣਾਉਣ ਦਾ ਵਾਅਦਾ ਕੀਤਾ ਸੀ। ਇਸ ਦੇ ਮੱਦੇਨਜ਼ਰ ਮੁੱਖ ਮੰਤਰੀ ਵੱਲੋਂ ਆਪਣਾ ਵਾਅਦਾ ਪੂਰਾ ਕਰਦਿਆਂ ਬੁਢਲਾਡਾ ਵਿਚ ਨਵੀਂ ਅਨਾਜ ਮੰਡੀ ਬਣਾਉਣ ਲਈ ਲੋੜੀਂਦੀ ਰਾਸ਼ੀ ਜਾਰੀ ਕਰਕੇ ਅਨਾਜ ਮੰਡੀ ਦੀ ਰਜਿਸਟਰੀ ਬੁਢਲਾਡਾ ਮੰਡੀ ਦੇ ਨਾਮ ਕਰਵਾ ਦਿੱਤੀ ਹੈ ਅਤੇ ਜਲਦੀ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਹੋ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਵਿਧਾਇਕ ਹਲਕਾ ਬੁਢਲਾਡਾ ਪ੍ਰਿੰਸੀਪਲ ਬੁੱਧ ਰਾਮ ਨੇ ਦੱਸਿਆ ਕਿ ਅੱਜ ਬੁਢਲਾਡਾ ਵਿਚ ਆਪਣੀ ਖ਼ੁਸ਼ੀ ਦੀ ਨੂੰ ਸਾਂਝੀ ਕਰਦੇ ਹੋਏ ਆੜ੍ਹਤੀਆ ਵਰਗ ਦੇ ਨੁਮਾਇੰਦੇ ਉਨ੍ਹਾਂ ਨਾਲ ਮੁੱਖ ਮੰਤਰੀ ਨੂੰ ਵਧਾਈ ਦੇਣ ਲਈ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਗਏ ਅਤੇ ਆਪਣਾ ਵਾਅਦਾ ਪੂਰਾ ਕਰਨ ਲਈ ਵਿਸ਼ੇਸ਼ ਧੰਨਵਾਦ ਅਤੇ ਸਨਮਾਨ ਕੀਤਾ। ਇਸ ਸਮੇਂ ਮੁੱਖ ਮੰਤਰੀ ਨੇ ਵਿਸ਼ਵਾਸ ਦਵਾਇਆ ਕਿ ਇਸ ਕੰਮ ਲਈ ਫੰਡਾਂ ਦੀ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਨਿਯਮਤ ਸਮੇਂ ਵਿਚ ਅਨਾਜ ਮੰਡੀ ਦਾ ਕੰਮ ਸੰਪੂਰਨ ਕਰਕੇ ਆੜ੍ਹਤੀਆਂ ਅਤੇ ਬੁਢਲਾਡਾ ਹਲਕੇ ਦੇ ਲੋਕਾਂ ਦੇ ਸਪੁਰਦ ਕਰ ਦਿੱਤੀ ਜਾਵੇਗੀ। ਮੁੱਖ ਮੰਤਰੀ ਨਾਲ ਮੁਲਾਕਾਤ ਕਰਨ ਲਈ ਵਿਧਾਇਕ ਸਮੇਤ ਚੇਅਰਮੈਨ ਮਾਰਕੀਟ ਕਮੇਟੀ ਬੁਢਲਾਡਾ ਸਤੀਸ਼ ਸਿੰਗਲਾ, ਗਿਆਨ ਚੰਦ, ਪਰਵੀਨ ਕੁਮਾਰ, ਵਿਸ਼ਾਲ ਰਿਸ਼ੀ ਭੋਲਾ ਰਾਮ ਪਟਵਾਰੀ, ਜਤਿੰਦਰ ਜੀਤੂ ਵਿਸ਼ਾਲ ਰਿਸ਼ੀ, ਸੁਨੀਲ ਕੁਮਾਰ ਸ਼ੀਲਾ, ਅਨਿਲ ਕੁਮਾਰ ਹਾਜ਼ਰ ਸਨ। ਇਸ ਮੌਕੇ ਵਿਧਾਇਕ ਬੁੱਧ ਰਾਮ ਨੇ ਕਿਹਾ ਕਿ ਇਸ ਸਮੇਂ ਖ਼ੁਸ਼ੀ ਦੀ ਗੱਲ ਇਹ ਹੋਈ ਕਿ ਬੁਢਲਾਡਾ ਦੇ ਵਪਾਰੀਆਂ ਨਾਲ ਵਿਸ਼ੇਸ਼ ਮੋਹ ਜਤਾਉਂਦੇ ਹੋਏ ਮੁੱਖ ਮੰਤਰੀ ਨੇ ਆਪਣੇ ਸਮੇਂ ਦੀ ਪਰਵਾਹ ਨਾ ਕਰਦਿਆਂ 40 ਮਿੰਟ ਦਾ ਸਮਾਂ ਦਿੱਤਾ ਅਤੇ ਹਰ ਪ੍ਰਕਾਰ ਦਾ ਮੁੱਦਾ ਸਾਂਝਾ ਕੀਤਾ



# ਸਮਾਜਿਕ ਸੁਰੱਖਿਆ ਯੋਜਨਾਵਾਂ 'ਤੇ 95 ਕਰੋੜ ਲੋਕ ਲੈ ਰਹੇ ਇਸ ਦਾ ਲਾਭ: ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 29 ਜੂਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਕਿਹਾ ਕਿ ਲਗਭਗ 95 ਕਰੋੜ ਲੋਕ ਕਿਸੇ ਨਾ ਕਿਸੇ ਸਮਾਜਿਕ ਸੁਰੱਖਿਆ ਯੋਜਨਾ ਦਾ ਲਾਭ ਲੈ ਰਹੇ ਹਨ, ਜਦੋਂ ਕਿ 2015 ਤੱਕ ਸਰਕਾਰੀ ਯੋਜਨਾਵਾਂ 25 ਕਰੋੜ ਤੋਂ ਘੱਟ ਲੋਕਾਂ ਤੱਕ ਪਹੁੰਚੀਆਂ ਸਨ। ਆਪਣੇ ਮਾਸਿਕ 'ਮਨ ਕੀ ਬਾਤ' ਰੇਡੀਓ ਪ੍ਰਸਾਰਣ ਵਿੱਚ ਮੋਦੀ ਨੇ ਅੰਤਰਰਾਸ਼ਟਰੀ ਕਿਰਤ ਸੰਗਠਨ (9*®) ਦੀ ਇੱਕ ਰਿਪੋਰਟ ਦਾ ਹਵਾਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਦੀ 64 ਫ਼ੀਸਦੀ ਤੋਂ ਵੱਧ ਆਬਾਦੀ ਕਿਸੇ ਨਾ ਕਿਸੇ ਰੂਪ ਵਿੱਚ ਸਮਾਜਿਕ ਸੁਰੱਖਿਆ ਲਾਭ ਪ੍ਰਾਪਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਮਾਜਿਕ ਸੁਰੱਖਿਆ ਦੇ ਮਾਮਲੇ ਵਿੱਚ, ਇਹ ਦੁਨੀਆ ਦੇ ਸਭ ਤੋਂ ਵੱਡੇ ਕਵਰੇਜ ਵਿੱਚੋਂ ਇੱਕ ਹੈ। ਮੋਦੀ ਨੇ ਕਿਹਾ, ਇਸ ਵੇਲੇ, ਜ਼ਿਆਦਾਤਰ ਭਾਰਤੀ ਆਬਾਦੀ ਕਿਸੇ ਨਾ ਕਿਸੇ ਰੂਪ ਵਿੱਚ ਸਮਾਜਿਕ ਸੁਰੱਖਿਆ ਲਾਭ ਪ੍ਰਾਪਤ ਕਰ ਰਹੀ ਹੈ ਅਤੇ ਹਾਲ ਹੀ ਵਿੱਚ ਅੰਤਰਰਾਸ਼ਟਰੀ ਕਿਰਤ ਸੰਗਠਨ (9*®) ਦੀ ਇੱਕ ਬਹੁਤ ਮਹੱਤਵਪੂਰਨ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਵਿੱਚ ਜ਼ਿਕਰ ਕੀਤਾ ਗਿਆ ਹੈ ਕਿ 64 ਫ਼ੀਸਦੀ ਤੋਂ ਵੱਧ ਭਾਰਤੀ ਆਬਾਦੀ ਹੁਣ ਨਿਸ਼ਚਤ ਤੌਰ 'ਤੇ ਕਿਸੇ ਨਾ ਕਿਸੇ ਰੂਪ ਵਿੱਚ ਸਮਾਜਿਕ ਸੁਰੱਖਿਆ ਲਾਭ ਪ੍ਰਾਪਤ ਕਰ ਰਹੀ ਹੈ। ਮੋਦੀ ਨੇ ਕਿਹਾ, "ਅੱਜ ਦੇਸ਼ ਦੇ ਲਗਭਗ 95 ਕਰੋੜ ਲੋਕਾਂ ਨੂੰ ਕਿਸੇ ਨਾ ਕਿਸੇ ਸਮਾਜਿਕ ਸੁਰੱਖਿਆ ਯੋਜਨਾ ਦਾ ਲਾਭ ਮਿਲ ਰਿਹਾ ਹੈ, ਜਦੋਂਕਿ 2015 ਤੱਕ 25 ਕਰੋੜ ਤੋਂ ਘੱਟ ਲੋਕ ਸਰਕਾਰੀ ਯੋਜਨਾਵਾਂ ਦਾ ਲਾਭ ਪ੍ਰਾਪਤ ਕਰਨ ਦੇ ਯੋਗ ਸਨ। ਉਨ੍ਹਾਂ ਕਿਹਾ ਕਿ ਦੇਸ਼ ਸਿਹਤ ਤੋਂ ਲੈ ਕੇ ਸਮਾਜਿਕ ਸੁਰੱਖਿਆ ਤੱਕ ਹਰ ਖੇਤਰ ਵਿੱਚ ਸੰਪੂਰਨਤਾ



ਦੀ ਭਾਵਨਾ ਨਾਲ ਅੱਗੇ ਵਧ ਰਿਹਾ ਹੈ। ਮੋਦੀ ਨੇ ਕਿਹਾ, ਇਹ ਸਮਾਜਿਕ ਨਿਆਂ ਦੀ ਇੱਕ ਮਹਾਨ ਤਸਵੀਰ ਵੀ ਹੈ। ਇਨ੍ਹਾਂ ਸਫਲਤਾਵਾਂ ਨੇ ਇਹ ਵਿਸ਼ਵਾਸ ਜਗਾਇਆ ਹੈ ਕਿ ਆਉਣ ਵਾਲਾ ਸਮਾਂ ਹੋਰ ਵੀ ਬਿਹਤਰ ਹੋਵੇਗਾ; ਭਾਰਤ ਹਰ ਕਦਮ 'ਤੇ ਮਜ਼ਬੂਤ ??ਹੋ ਕੇ ਉਭਰੇਗਾ। ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵ ਸਿਹਤ ਸੰਗਠਨ ਦੁਆਰਾ ਭਾਰਤ ਨੂੰ 'ਟ?ਰੈਕੋਮਾ' ਮੁਕਤ ਐਲਾਨੇ ਜਾਣ ਨੂੰ ਇੱਕ ਮਾਣਯੋਗ ਪ੍ਰਾਪਤੀ ਦੱਸਿਆ ਅਤੇ ਇਸ ਸਫਲਤਾ ਲਈ ਸਿਹਤ ਕਰਮਚਾਰੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਟ?ਰੈਕੋਮਾ ਇੱਕ ਬਹੁਤ ਹੀ ਛੂਤ ਵਾਲੀ ਬੈਕਟੀਰੀਆ ਦੀ ਲਾਗ ਹੈ, ਜੋ ਅੰਨ੍ਹੇਪਣ ਦਾ ਇੱਕ ਵੱਡਾ ਕਾਰਨ ਰਹੀ ਹੈ। ਆਪਣੇ ਪ੍ਰੋਗਰਾਮ ਵਿੱਚ ਮੋਦੀ ਨੇ ਵੱਖ-ਵੱਖ ਤੀਰਥ ਯਾਤਰਾਵਾਂ 'ਤੇ ਜਾਣ ਵਾਲੇ ਸਾਰੇ ਖੁਸ਼ਕਿਸਮਤ ਸ਼ਰਧਾਲੂਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਪ੍ਰਧਾਨ ਮੰਤਰੀ ਮੋਦੀ ਨੇ ਵਿਸ਼ਵ ਸਿਹਤ ਸੰਗਠਨ ਦੁਆਰਾ ਭਾਰਤ ਨੂੰ 'ਟ?ਰੈਕੋਮਾ' ਮੁਕਤ ਐਲਾਨੇ ਜਾਣ ਨੂੰ ਇੱਕ ਮਾਣਯੋਗ ਪ੍ਰਾਪਤੀ ਦੱਸਿਆ ਅਤੇ ਇਸ ਸਫਲਤਾ ਲਈ ਸਿਹਤ ਕਰਮਚਾਰੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਟ?ਰੈਕੋਮਾ ਇੱਕ ਬਹੁਤ ਹੀ ਛੂਤ ਵਾਲੀ ਬੈਕਟੀਰੀਆ ਦੀ ਲਾਗ ਹੈ, ਜੋ ਅੰਨ੍ਹੇਪਣ ਦਾ ਇੱਕ ਵੱਡਾ ਕਾਰਨ ਰਹੀ ਹੈ। ਆਪਣੇ ਪ੍ਰੋਗਰਾਮ ਵਿੱਚ ਮੋਦੀ ਨੇ ਵੱਖ-ਵੱਖ ਤੀਰਥ ਯਾਤਰਾਵਾਂ 'ਤੇ ਜਾਣ ਵਾਲੇ ਸਾਰੇ ਖੁਸ਼ਕਿਸਮਤ ਸ਼ਰਧਾਲੂਆਂ ਨੂੰ ਆਪਣੀਆਂ ਸ਼ੁਭਕਾਮਨਾਵਾਂ ਵੀ ਦਿੱਤੀਆਂ। ਉਹਨਾਂ ਕਿਹਾ ਕਿ ਮੈਂ ਉਹਨਾਂ ਲੋਕਾਂ ਦੀ ਵੀ ਪ੍ਰਸ਼ੰਸਾ ਕਰਦਾ ਹਾਂ, ਜੋ ਸੇਵਾ ਦੀ ਭਾਵਨਾ ਦੇ ਨਾਲ ਇਨ੍ਹਾਂ ਯਾਤਰਾਵਾਂ ਨੂੰ ਸਫ਼ਲ ਅਤੇ ਸੁਰੱਖਿਅਤ ਬਣਾਉਣ ਵਿਚ ਲੱਗੇ ਹੋਏ ਹਨ। ਉਹਨਾਂ ਇਹ ਵੀ ਕਿਹਾ ਕਿ ਪੂਰੇ ਭਾਰਤ ਵਿਚ ਵਿਅਕਤੀ ਅਤੇ ਭਾਈਚਾਰੇ ਤਬਦੀਲੀ ਲਈ ਉਤਪ੍ਰੇਰਕ ਬਣਾ ਰਹੇ ਹਨ। ਮੋਦੀ ਨੇ ਕਿਹਾ ਕਿ ਸੰਭਾਲ ਦੇ ਪ੍ਰਤੀ ਉਹਨਾਂ ਦੀ ਅਟੁੱਟ ਵਚਨਬੱਧਤਾ ਨਾ ਸਿਰਫ਼ ਕੁਦਰਤ ਦੀ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਦੇ ਭਵਿੱਖ ਦੀ ਰੱਖਿਆ ਕਰ ਰਹੀ ਹੈ।

# ਦਿੱਲੀ ਵਿੱਚ ਸਿੰਗਲ ਵਿੰਡੋ ਸਿਸਟਮ ਸ਼ੁਰੂ ਹੋਇਆ: ਕਪਿਲ ਮਿਸ਼ਰਾ

ਕੌਮੀ ਪਤ੍ਰਿਕਾ

ਨਵੀਂ ਦਿੱਲੀ: 29 ਜੂਨ: ਦਿੱਲੀ ਸਰਕਾਰ ਵੱਲੋਂ ਆਯੋਜਿਤ ਅੰਬ ਉਤਸਵ 2025 ਦੀ ਇੱਕ ਵਿਲੱਖਣ ਅਤੇ ਇਤਿਹਾਸਕ ਝਲਕ ਅੱਜ ਤਿਆਗਰਾਜ ਸਟੇਡੀਅਮ ਵਿੱਚ ਦੇਖਣ ਨੂੰ ਮਿਲੀ। ਇੱਕ ਨਵੀਂ ਪਰੰਪਰਾ ਦੀ ਸ਼ੁਰੂਆਤ ਕਰਦੇ ਹੋਏ, ਦਿੱਲੀ ਸਰਕਾਰ ਦੇ ਕਲਾ, ਸੱਭਿਆਚਾਰ, ਭਾਸ਼ਾ ਅਤੇ ਸੈਰ-ਸਪਾਟਾ ਮੰਤਰੀ ਸ਼੍ਰੀ ਕਪਿਲ ਮਿਸ਼ਰਾ ਨੇ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਅੰਬ ਉਤਪਾਦਕ ਕਿਸਾਨਾਂ ਅਤੇ ਵਪਾਰੀਆਂ ਨਾਲ ਬੈਠ ਕੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੇ ਪ੍ਰਸਿੱਧ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਦੇ 123ਵੇਂ ਐਡੀਸ਼ਨ ਨੂੰ ਸੁਣਿਆ। ਇਸ ਸਮਾਗਮ ਨੇ ਨਾ ਸਿਰਫ਼ ਅੰਬ ਮੇਲੇ ਦੀ ਸ਼ਾਨ ਵਧਾਈ, ਸਗੋਂ ਕਿਸਾਨਾਂ ਅਤੇ ਵਪਾਰੀਆਂ ਨਾਲ ਸੰਚਾਰ ਅਤੇ ਜੁੜਨ ਦਾ ਇੱਕ ਸਕਾਰਾਤਮਕ ਯਤਨ ਵੀ ਸੀ। ਸ਼੍ਰੀ ਮਿਸ਼ਰਾ ਨੇ ਕਿਹਾ ਕਿ ਇਹ ਬਹੁਤ ਮਾਣ ਅਤੇ ਖ਼ੁਸ਼ੀ ਦੀ ਗੱਲ ਹੈ ਕਿ ਦੇਸ਼ ਦੇ ਦੂਰ-ਦੁਰਾਡੇ ਥਾਵਾਂ ਤੋਂ ਇਸ ਮੇਲੇ ਨੂੰ ਆਪਣੀ ਮੌਜੂਦਗੀ ਨਾਲ ਮਨਾਉਣ ਲਈ ਆਏ ਕਿਸਾਨ ਅਤੇ ਵਪਾਰੀ, ਉਨ੍ਹਾਂ ਵਿਚਕਾਰ ਬੈਠਣਾ ਅਤੇ ਪ੍ਰਧਾਨ ਮੰਤਰੀ ਦੇ ਵਿਚਾਰ ਸੁਣਨਾ ਇੱਕ ਵਿਲੱਖਣ ਅਨੁਭਵ ਸੀ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਪ੍ਰੋਗਰਾਮ ਨਹੀਂ ਸੀ, ਸਗੋਂ ਕਿਸਾਨਾਂ ਨੂੰ ਸਿੱਧੇ ਤੌਰ 'ਤੇ ਜੋੜਨ ਅਤੇ ਉਨ੍ਹਾਂ ਨੂੰ ਜਾਣਕਾਰੀ ਦੇਣ ਦਾ ਇੱਕ ਪਲੇਟਫਾਰਮ ਵੀ ਸੀ। ਬਹੁਤ ਸਾਰੇ ਕਿਸਾਨ ਭਰਾ ਆਪਣੇ ਖੇਤਾਂ ਵਿੱਚ ਰੁੱਝੇ ਹੋਏ ਹਨ ਅਤੇ 'ਮਨ ਕੀ ਬਾਤ' ਵਰਗੇ



ਪ੍ਰੋਗਰਾਮ ਸੁਣਨ ਤੋਂ ਅਸਮਰੱਥ ਹਨ। ਇਸ ਪਹਿਲਕਦਮੀ ਰਾਹੀਂ, ਉਹ ਇਹ ਜਾਣਨ ਦੇ ਯੋਗ ਹੋਏ ਕਿ ਮਾਣਯੋਗ ਪ੍ਰਧਾਨ ਮੰਤਰੀ ਉਨ੍ਹਾਂ ਲਈ ਕੀ ਸੋਚਦੇ ਹਨ, ਕੇਂਦਰ ਸਰਕਾਰ ਵੱਲੋਂ ਕਿਹੜੀਆਂ ਯੋਜਨਾਵਾਂ ਲਿਆਂਦੀਆਂ ਜਾ ਰਹੀਆਂ ਹਨ, ਅਤੇ ਦੇਸ਼ ਭਰ ਵਿੱਚ ਖੇਤੀ ਨਾਲ ਸਬੰਧਤ ਕਿਹੜੀਆਂ ਨਵੀਆਂ ਚੀਜ਼ਾਂ ਹੋ ਰਹੀਆਂ ਹਨ। 'ਮਨ ਕੀ ਬਾਤ' ਪ੍ਰੋਗਰਾਮ ਦੌਰਾਨ, ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੰਤਰਰਾਸ਼ਟਰੀ ਯੋਗ ਦਿਵਸ ਦੀ ਸਫਲਤਾ, ਧਾਰਮਿਕ ਯਾਤਰਾਵਾਂ ਦੇ ਸਮਾਜਿਕ ਅਤੇ ਮਾਨਸਿਕ ਲਾਭ, ਸਿਹਤ ਸੇਵਾਵਾਂ ਵਿੱਚ ਭਾਰਤ ਦੀ ਪ੍ਰਗਤੀ ਅਤੇ 25 ਜੂਨ 1975 ਨੂੰ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਵਰਗੀਆਂ ਇਤਿਹਾਸਕ ਘਟਨਾਵਾਂ 'ਤੇ ਵੀ ਚਾਨਣਾ ਪਾਇਆ। ਸ਼੍ਰੀ ਕਪਿਲ ਮਿਸ਼ਰਾ ਨੇ ਕਿਹਾ ਕਿ ਇਹ ਸਾਰੀਆਂ ਚੀਜ਼ਾਂ ਨਾ ਸਿਰਫ਼ ਹਰ ਨਾਗਰਿਕ ਲਈ ਮਹੱਤਵਪੂਰਨ ਹਨ, ਸਗੋਂ ਕਿਸਾਨਾਂ ਲਈ ਵੀ ਬਹੁਤ ਲਾਭਦਾਇਕ ਹਨ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਦੇਸ਼ ਕਿਸ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ ਅਤੇ ਉਨ੍ਹਾਂ ਦੇ ਯੋਗਦਾਨ ਦੀ ਕਿਵੇਂ ਸ਼ਲਾਘਾ ਕੀਤੀ ਜਾ ਰਹੀ ਹੈ। ਮੈਂਗੋ ਫੈਸਟੀਵਲ ਬਾਰੇ ਗੱਲ ਕਰਦਿਆਂ, ਦਿੱਲੀ ਸਰਕਾਰ ਨੇ ਦੇਸ਼ ਭਰ ਦੇ ਅੰਬ ਉਤਪਾਦਕਾਂ ਨੂੰ ਵਿਸ਼ੇਸ਼ ਤੌਰ 'ਤੇ ਸੱਦਾ ਦਿੱਤਾ ਹੈ ਅਤੇ ਉਨ੍ਹਾਂ ਨੂੰ ਇੱਕ ਪਲੇਟਫਾਰਮ ਪ੍ਰਦਾਨ ਕੀਤਾ ਹੈ। ਅੰਬਾਂ ਦੀਆਂ ਵੱਖ-ਵੱਖ ਦੁਰਲੱਭ ਅਤੇ ਸੁਆਦੀ ਕਿਸਮਾਂ ਅਤੇ ਅੰਬਾਂ ਦੇ ਉਤਪਾਦਾਂ ਦੀ ਪ੍ਰਦਰਸ਼ਨੀ ਨੇ ਇੱਕ ਵਾਰ ਫਿਰ ਦਿੱਲੀ ਦੇ ਲੋਕਾਂ ਨੂੰ 'ਫਲਾਂ ਦੇ ਰਾਜਾ' ਦੇ ਰੰਗਾਂ ਵਿੱਚ ਰੰਗ ਦਿੱਤਾ ਹੈ। ਸ਼੍ਰੀ ਮਿਸ਼ਰਾ ਨੇ ਕਿਹਾ ਕਿ ਇਸ ਸਮਾਗਮ ਦਾ ਉਦੇਸ਼ ਸਿਰਫ਼ ਇੱਕ ਪ੍ਰਦਰਸ਼ਨੀ ਨਹੀਂ ਹੈ, ਸਗੋਂ ਕਿਸਾਨਾਂ ਅਤੇ ਖਪਤਕਾਰਾਂ ਵਿਚਕਾਰ ਸਿੱਧਾ ਸੰਵਾਦ ਸਥਾਪਤ ਕਰਨਾ ਵੀ ਹੈ। ਇਸ ਦੇ ਨਾਲ ਹੀ ਸ਼੍ਰੀ ਕਪਿਲ ਮਿਸ਼ਰਾ ਨੇ ਇੱਕ ਹੋਰ ਮਹੱਤਵਪੂਰਨ ਪਹਿਲਕਦਮੀ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਇਸ ਵਾਰ ਦਿੱਲੀ ਸਰਕਾਰ ਮਾਣਯੋਗ ਮੁੱਖ ਮੰਤਰੀ ਸ਼੍ਰੀਮਤੀ ਰੇਖਾ ਗੁਪਤਾ ਦੀ ਅਗਵਾਈ ਹੇਠ ਸ਼ਿਵ ਭਗਤ ਕਾਵੜੀਆਂ ਲਈ ਬੇਮਿਸਾਲ ਸਹੂਲਤਾਂ ਨੂੰ ਯਕੀਨੀ ਬਣਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਲੱਖਾਂ ਕਾਵੜੀਆਂ ਦਿੱਲੀ ਵਿੱਚੋਂ ਲੰਘਦੀਆਂ ਹਨ ਅਤੇ ਉਨ੍ਹਾਂ ਨੂੰ ਕਾਵੜ ਸੇਵਾ ਕੈਂਪਾਂ ਰਾਹੀਂ ਸੇਵਾ ਪ੍ਰਦਾਨ ਕੀਤੀ ਜਾਂਦੀ ਹੈ। ਸ਼੍ਰੀ ਮਿਸ਼ਰਾ ਨੇ ਕਿਹਾ, ÷ਕਾਵੜ ਕਮੇਟੀਆਂ ਨੂੰ ਅਕਸਰ ਸਰੋਤਾਂ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਇਸ ਵਾਰ ਦਿੱਲੀ ਸਰਕਾਰ ਨੇ ਸਾਰੇ ਰਜਿਸਟਰਡ ਕੈਂਪਾਂ ਨੂੰ 1200 ਯੂਨਿਟ ਤੱਕ ਮੁਫ਼ਤ ਬਿਜਲੀ ਦੇਣ ਦਾ ਫੈਸਲਾ ਕੀਤਾ ਹੈ।

Contd............... page-12

## ਪੁਰੀ 'ਚ ਮੰਦਰ ਨੇੜੇ ਮਚੀ ਭਾਜੜ ਦੀ ਘਟਨਾ ਬਹੁਤ ਦੁਖਦ: ਰਾਹੁਲ ਗਾਂਧੀ

ਪੁਰੀ 29 ਜੂਨ। ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਪੁਰੀ ਵਿਚ ਇਕ ਮੰਦਰ ਕੋਲ ਮਚੀ ਭਾਜੜ ਦੀ ਘਟਨਾ ਨੂੰ ਬਹੁਤ ਦੁਖਦ ਦੱਸਿਆ ਅਤੇ ਓਡੀਸ਼ਾ ਸਰਕਾਰ ਤੋਂ ਰਾਹਤ ਕੋਸ਼ਿਸ਼ਾਂ ਵਿਚ ਤੇਜ਼ੀ ਲਿਆਉਣ ਦੀ ਅਪੀਲ ਕੀਤੀ। ਅਧਿਕਾਰੀਆਂ ਨੇ ਕਿਹਾ ਕਿ ਐਤਵਾਰ ਸਵੇਰੇ ਸ਼?ਰੀ ਗੁੰਡੀਚਾ ਮੰਦਰ ਕੋਲ ਭਾਜੜ ਮਚਣ ਨਾਲ ਦੋ ਔਰਤਾਂ ਸਮੇਤ 3 ਲੋਕਾਂ ਦੀ ਮੌਤ ਹੋ ਗਈ ਅਤੇ ਲੱਗਭਗ 50 ਹੋਰ ਜ਼ਖ਼ਮ ਹੋ ਗਏ। ਰਾਹੁਲ ਗਾਂਧੀ ਨੇ ਕਾਂਗਰਸ ਵਰਕਰਾਂ ਨੂੰ ਰਾਹਤ ਕੋਸ਼ਿਸ਼ਾਂ ਵਿਚ ਹਰ ਸੰਭਵ ਮਦਦ ਦੇਣ ਦੀ ਅਪੀਲ ਵੀ ਕੀਤੀ। ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ 'ਐਕਸ' 'ਤੇ ਇਕ ਪੋਸਟ ਵਿਚ ਕਿਹਾ ਕਿ ਇਹ ਤ੍ਰਾਸਦੀ ਇਕ ਗੰਭੀਰ ਚਿਤਾਵਨੀ ਹੈ। ਅਜਿਹੇ ਵੱਡੇ ਆਯੋਜਨਾਂ ਵਿਚ ਸੁਰੱਖਿਆ ਵਿਵਸਥਾ ਅਤੇ ਭੀੜ ਪ੍ਰਬੰਧਨ ਦੀਆਂ ਤਿਆਰੀਆਂ ਦੀ ਗੰਭੀਰਤਾ ਨਾਲ ਤਿਆਰੀ ਅਤੇ ਸਮੀਖਿਆ ਹੋਣੀ ਚਾਹੀਦੀ ਹੈ। ਜੀਵਨ ਦੀ ਰੱਖਿਆ ਸਭ ਤੋਂ ਪਹਿਲਾਂ ਹੈ ਅਤੇ ਇਸ ਜ਼ਿੰਮੇਵਾਰੀ ਵਿਚ ਕੋਈ ਕੁਤਾਹੀ ਮਨਜ਼ੂਰ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਦੁਖੀ ਪਰਿਵਾਰਾਂ ਪ੍ਰਤੀ ਆਪਣੀ ਡੂੰਘੀ ਹਮਦਰਦੀ ਜ਼ਾਹਰ ਕਰਦਾ ਹਾਂ ਅਤੇ ਜ਼ਖਮੀ ਸ਼ਰਧਾਲੂਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕਰਦਾ ਹਾਂ। ਮੈਂ ਓਡੀਸ਼ਾ ਸਰਕਾਰ ਨੂੰ ਰਾਹਤ ਕਾਰਜਾਂ ਵਿਚ ਤੇਜ਼ੀ ਲਿਆਉਣ ਦੀ ਅਪੀਲ ਕਰਦਾ ਹਾਂ ਅਤੇ ਕਾਂਗਰਸ ਵਰਕਰਾਂ ਨੂੰ ਇਸ ਵਿਚ ਹਰ ਸੰਭਵ ਮਦਦ ਪ੍ਰਦਾਨ ਕਰਨ ਦੀ ਅਪੀਲ ਕਰਦਾ ਹਾਂ।

## ਹਿੰਦੀ 'ਥੋਪੇ' ਜਾਣ ਦੇ ਵਿਰੁੱਧ 'ਚ ਮਿਲ ਕੇ ਪ੍ਰਦਰਸ਼ਨ ਕਰਨਗੇ ਰਾਜ ਤੇ ਊਧਵ ਠਾਕਰੇ

ਮੁੰਬਈ 29 ਜੂਨ। ਊਧਵ ਠਾਕਰੇ ਅਤੇ ਰਾਜ ਠਾਕਰੇ ਰਾਜਨੀਤਿਕ ਤੌਰ 'ਤੇ ਵੱਖਰੇ ਹੋਣ ਪਰ ਉਨ੍ਹਾਂ ਨੇ ਮਰਾਠੀ ਭਾਸ਼ਾ ਦੇ ਮੁੱਦੇ 'ਤੇ ਇਕੱਠੇ ਹੋਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦੀਆਂ ਪਾਰਟੀਆਂ ਪਹਿਲੀ ਤੋਂ 5ਵੀਂ ਜਮਾਤ ਤੱਕ ਹਿੰਦੀ ਭਾਸ਼ਾ ਥੋਪਣ ਅਤੇ ਸਰਕਾਰ ਦੇ ਤਿੰਨ-ਭਾਸ਼ਾਈ ਫਾਰਮੂਲੇ ਦਾ ਸਾਂਝੇ ਤੌਰ 'ਤੇ ਵਿਰੋਧ ਕਰਨਗੀਆਂ। 5 ਜੁਲਾਈ ਨੂੰ ਹੋਣ ਵਾਲਾ ਵਿਰੋਧ ਪ੍ਰਦਰਸ਼ਨ ਸ਼ਿਵ ਸੈਨਾ (ਊਧਵ ਬਾਲਾ ਸਾਹਿਬ ਠਾਕਰੇ) ਦੇ ਮੁਖੀ ਊਧਵ ਠਾਕਰੇ ਅਤੇ ਮਹਾਰਾਸ਼ਟਰ ਨਵਨਿਰਮਾਣ ਸੈਨਾ (ਐੱਮ. ਐੱਨ. ਐੱਸ.) ਦੇ ਪ੍ਰਧਾਨ ਰਾਜ ਠਾਕਰੇ ਨੂੰ ਇਕ ਪਲੇਟਫਾਰਮ 'ਤੇ ਲਿਆਏਗਾ। ਦੋਵਾਂ ਆਗੂਆਂ ਨੇ ਇਕੋ ਸਮੇਂ ਵੱਖ-ਵੱਖ ਪ੍ਰੈੱਸ ਕਾਨਫਰੰਸਾਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ ਕਿ ਉਹ ਹਿੰਦੀ ਅਤੇ ਤਿੰਨ-ਭਾਸ਼ੀ ਫਾਰਮੂਲਾ ਲਾਗੂ ਕਰਨ ਦਾ ਸਖ਼ਤ ਵਿਰੋਧ ਕਰਨਗੇ। ਊਧਵ ਨੇ 7 ਜੁਲਾਈ ਨੂੰ ਆਜ਼ਾਦ ਮੈਦਾਨ ਵਿਚ ਕੁਝ ਸੰਗਠਨਾਂ ਵੱਲੋਂ ਆਯੋਜਿਤ ਪ੍ਰਦਰਸ਼ਨ ਵਿਚ ਸ਼ਾਮਲ ਹੋਣ ਦਾ ਐਲਾਨ ਕੀਤਾ ਸੀ, ਜਦੋਂ ਕਿ ਉਨ੍ਹਾਂ ਦੇ ਚਚੇਰੇ ਭਰਾ ਰਾਜ ਨੇ ਕਿਹਾ ਸੀ ਕਿ ਉਹ ਗਿਰਗਾਓਂ ਚੌਪਾਟੀ ਤੋਂ ਇਕ ਗੈਰ-ਰਾਜਨੀਤਿਕ ਮਾਰਚ ਕੱਢਣਗੇ ਅਤੇ ਸ਼ਿਵ ਸੈਨਾ (ਉਬਾਠਾ) ਸਮੇਤ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨੂੰ ਇਸ ਵਿਚ ਸੱਦਾ ਦੇਣਗੇ। ਸ਼ਿਵ ਸੈਨਾ (ਉਬਾਥਾ) ਦੇ ਨੇਤਾ ਆਦਿੱਤਿਆ ਠਾਕਰੇ ਨੇ ਸ਼ੁੱਕਰਵਾਰ ਨੂੰ ਮਹਾਰਾਸ਼ਟਰ ਦੇ ਸਕੂਲਾਂ ਵਿੱਚ ਹਿੰਦੀ ਭਾਸ਼ਾ ਨੂੰ ਲਾਗੂ ਕਰਨ ਨੂੰ ਲੈ ਕੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਦੀ ਅਗਵਾਈ ਵਾਲੀ ਸਰਕਾਰ 'ਤੇ ਹਮਲਾ ਬੋਲਦਿਆਂ ਪੁੱਛਿਆ ਕਿ ਕੀ ਮੰਤਰੀ ਸਰਕਾਰ ਚਲਾ ਰਹੇ ਹਨ ਜਾਂ ਕਾਮੇਡੀ ਸ਼ੋਅ। ਠਾਕਰੇ ਨੇ ਸਕੂਲ ਸਿੱਖਿਆ ਮੰਤਰੀ ਦਾਦਾ ਭੂਸੇ 'ਤੇ ਵੀ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਨ੍ਹਾਂ ਨੂੰ ਪਹਿਲੀ ਜਮਾਤ ਵਿੱਚ ਭੇਜਿਆ ਜਾਣਾ ਚਾਹੀਦਾ ਹੈ, ਜਿਸ ਵਿੱਚੋਂ ਉਹ ਪਾਸ ਨਹੀਂ ਹੋ ਸਕਣਗੇ। ਮਹਾਰਾਸ਼ਟਰ ਵਿੱਚ ਤਿੰਨ-ਭਾਸ਼ਾਈ ਫਾਰਮੂਲੇ 'ਤੇ ਵਿਵਾਦ ਉਦੋਂ ਸ਼ੁਰੂ ਹੋਇਆ, ਜਦੋਂ ਰਾਜ ਸਰਕਾਰ ਨੇ ਪਿਛਲੇ ਹਫ਼ਤੇ ਇੱਕ ਸੋਧਿਆ ਆਦੇਸ਼ ਜਾਰੀ ਕੀਤਾ ਜਿਸ ਵਿੱਚ ਕਿਹਾ ਗਿਆ ਸੀ ਕਿ ਮਰਾਠੀ ਅਤੇ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿੱਚ ਪਹਿਲੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਹਿੰਦੀ ਆਮ ਤੌਰ 'ਤੇ ਤੀਜੀ ਭਾਸ਼ਾ ਵਜੋਂ ਸਿਖਾਈ ਜਾਵੇਗੀ।

## ਗੁਰਦਾਸਪੁਰ ਥਾਣੇ 'ਤੇ ਗ੍ਰਨੇਡ ਹਮਲੇ ਸਬੰਧੀ ਰਿੰਦਾ ਸਮੇਤ 7 ਵਿਰੁੱਧ ਚਾਰਜਸ਼ੀਟ ਦਾਇਰ

ਨਵੀਂ ਦਿੱਲੀ 29 ਜੂਨ। ਰਾਸ਼ਟਰੀ ਜਾਂਚ ਏਜੰਸੀ (ਐੱਨ. ਆਈ. ਏ.) ਨੇ ਪੰਜਾਬ ਦੇ ਗੁਰਦਾਸਪੁਰ ਪੁਲਸ ਸਟੇਸ਼ਨ 'ਤੇ ਹੋਏ ਗ੍ਰਨੇਡ ਹਮਲੇ ਸਬੰਧੀ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਅੱਤਵਾਦੀ ਰਿੰਦਾ ਸਮੇਤ 7 ਮੁਲਜ਼ਮਾਂ ਵਿਰੁੱਧ ਚਾਰਜਸ਼ੀਟ ਦਾਇਰ ਕੀਤੀ ਹੈ। ਇਹ ਹਮਲਾ ਪਿਛਲੇ ਸਾਲ ਦਸੰਬਰ 'ਚ ਕੀਤਾ ਗਿਆ ਸੀ। 7 'ਚੋਂ 3 ਅਜੇ ਵੀ ਫਰਾਰ ਹਨ। ਬੱਬਰ ਖਾਲਸਾ ਦੇ ਅੱਤਵਾਦੀ ਹਰਪ੍ਰੀਤ ਸਿੰਘ ਉਰਫ ਹੈਪੀ ਤੇ ਗੁਰਪ੍ਰੀਤ ਉਰਫ ਗੋਪੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਲੈਂਦੇ ਹੋਏ ਸੋਸ਼ਲ ਮੀਡੀਆ 'ਤੇ ਪੋਸਟ ਕੀਤੀ ਸੀ। ਅਮਰੀਕਾ 'ਚ ਰਹਿਣ ਵਾਲਾ ਹੈਪੀ, ਪਾਕਿਸਤਾਨ 'ਚ ਰਹਿਣ ਵਾਲਾ ਹਰਵਿੰਦਰ ਸਿੰਘ ਉਰਫ ਰਿੰਦਾ ਤੇ ਸ਼ਮਸ਼ੇਰ ਸਿੰਘ ਉਰਫ ਸ਼ੇਰਾ ਉਰਫ ਹਨੀ ਤਿੰਨੋਂ ਫਰਾਰ ਹਨ। ਜਾਣਕਾਰੀ ਅਨੁਸਾਰ ਬੱਬਰ ਖਾਲਸਾ ਇੰਟਰਨੈਸ਼ਨਲ ਪੰਜਾਬ ਦੇ ਕਈ ਇਲਾਕਿਆਂ 'ਚ ਨਾਬਾਲਗ ਮੁੰਡਿਆਂ ਨੂੰ ਭਰਤੀ ਕਰ ਰਿਹਾ ਹੈ। ਸੂਤਰਾਂ ਦੀ ਮੰਨੀਏ ਤਾਂ ਇਸ ਗਿਰੋਹ ਨਾਲ ਜੁੜੇ ਕਈ ਹੋਰ ਵਿਅਕਤੀਆਂ ਨੂੰ ਜਲਦੀ ਹੀ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਪੰਜਾਬ ਪੁਲਸ ਦੀ ਲਗਾਤਾਰ ਛਾਪੇਮਾਰੀ ਕਾਰਨ ਬੱਬਰ ਖਾਲਸਾ ਇੰਟਰਨੈਸ਼ਨਲ ਦੀਆਂ ਲਰਗਰਮੀਆਂ ਪੰਜਾਬ 'ਚ ਲਗਭਗ ਖਤਮ ਹੋ ਗਈਆਂ ਹਨ, ਹੁਣ ਇਹ ਪੁਲਸ ਤੋਂ ਬਚਣ ਲਈ ਨਾਬਾਲਗ ਬੱਚਿਆਂ ਦੀ ਮਦਦ ਲੈ ਰਿਹਾ ਹੈ।

## ਮਨੀਸ਼ ਸਿਸੋਦੀਆ ਨੇ ਲਗਾਇਆ ਜਲੰਧਰ ਸ਼ਹਿਰ ਦਾ ਰਾਊਂਡ, ਨਿਗਮ ਅਫ਼ਸਰਾਂ ਨੂੰ ਲਾਈ ਫਿਟਕਾਰ

ਕੌਮੀ ਪਤ੍ਰਿਕਾ

ਜਲੰਧਰ 29 ਜੂਨ। ਦਿੱਲੀ ਦੇ ਸਾਬਕਾ ਉੱਪ ਮੁੱਖ ਮੰਤਰੀ ਅਤੇ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਸੰਗਠਨ ਇੰਚਾਰਜ ਮਨੀਸ਼ ਸਿਸੋਦੀਆ ਨੇ ਜਲੰਧਰ ਸ਼ਹਿਰ ਦਾ ਅਚਾਨਕ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਨੇ ਨਗਰ ਨਿਗਮ ਅਧਿਕਾਰੀਆਂ ਨੂੰ ਥਾਂ-ਥਾਂ ਫੈਲੀ ਗੰਦਗੀ ਅਤੇ ਕੂੜੇ ਦੇ ਢੇਰ ਵਿਖਾ ਕੇ ਖ਼ੂਬ ਫਿਟਕਾਰ ਲਾਈ। ਸਿਸੋਦੀਆ ਨੇ ਸਾਫ਼ ਕਿਹਾ ਕਿ ਸ਼ਹਿਰ ਦੀ ਇਹ ਹਾਲਤ ਬਰਦਾਸ਼ਤ ਤੋਂ ਬਾਹਰ ਹੈ ਅਤੇ ਇਸ ਨੂੰ 15 ਦਿਨਾਂ ਅੰਦਰ ਹਰ ਹਾਲ ਵਿਚ ਸੁਧਾਰਿਆ ਜਾਵੇ। ਇਸ ਦੌਰੇ ਦੌਰਾਨ ਉਨ੍ਹਾਂ ਨਾਲ 'ਆਪ' ਪੰਜਾਬ ਦੇ ਜਨਰਲ ਸੈਕਟਰੀ ਅਤੇ ਕਲਚਰਲ ਐਡਵਾਈਜ਼ਰ ਦੀਪਕ ਬਾਲੀ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਨਗਰ ਨਿਗਮ ਕਮਿਸ਼ਨਰ ਗੌਤਮ ਜੈਨ ਅਤੇ ਮੇਅਰ ਵਨੀਤ ਧੀਰ ਵੀ ਮੌਜੂਦ ਸਨ। ਦੌਰਾ ਸ਼ੁੱਕਰਵਾਰ ਸਵੇਰੇ 6 ਵਜੇ ਸਥਾਨਕ ਸਰਕਟ ਹਾਊਸ ਤੋਂ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਇਹ ਟੀਮ ਹੋਟਲ ਸੁੱਖ ਮਹਿਲ ਨੇੜੇ ਪੁੱਜੀ, ਜਿੱਥੇ ਸੜਕ ਦੇ ਬਿਲਕੁਲ ਵਿਚਕਾਰ ਕੂੜਾ ਫੈਲਿਆ ਹੋਇਆ ਸੀ ਅਤੇ ਗੰਦਗੀ ਦੇ ਵੱਡੇ-ਵੱਡੇ ਢੇਰ ਲੱਗੇ ਹੋਏ ਸਨ। ਅਜਿਹਾ ਲੱਗ ਰਿਹਾ ਸੀ ਕਿ ਜਿਵੇਂ ਇਸ ਇਲਾਕੇ ਦੀ ਸਫਾਈ ਮਹੀਨਿਆਂ ਤੋਂ ਨਾ ਹੋਈ ਹੋਵੇ। ਸਿਸੋਦੀਆ ਇਸ ਦ੍ਰਿਸ਼ ਨੂੰ ਵੇਖ ਕੇ ਕਾਫ਼ੀ ਨਾਰਾਜ਼ ਹੋਏ। ਇਸ ਤੋਂ ਬਾਅਦ ਕਾਫਿਲਾ ਪਲਾਜ਼ਾ ਚੌਕ ਡੰਪ 'ਤੇ ਪੁੱਜਾ, ਜਿਥੇ ਭਾਰੀ ਮਾਤਰਾ ਵਿਚ ਕੂੜਾ ਦੇਖ ਕੇ ਮਨੀਸ਼ ਸਿਸੋਦੀਆ ਅਤੇ ਅਧਿਕਾਰੀਆਂ ਦੇ ਹੋਸ਼ ਉੱਡ ਗਏ। ਫਿਰ ਜੀ. ਟੀ. ਰੋਡ ਹੁੰਦੇ ਹੋਏ ਇਹ ਕਾਫਿਲਾ ਫੁੱਟਬਾਲ ਚੌਕ, ਸਪੋਰਟਸ ਮਾਰਕੀਟ ਅਤੇ 120 ਫੁੱਟੀ ਰੋਡ 'ਤੇ ਪੁੱਜਾ। ਇਥੇ ਵੀ ਸਥਿਤੀ ਤਰਸਯੋਗ ਸੀ। ਸੜਕ ਕੰਢੇ ਕੂੜੇ ਦੇ ਢੇਰ, ਬਰਸਾਤ ਦਾ ਪਾਣੀ ਅਤੇ ਉਸ ਵਿਚ ਮਿਲਿਆ ਗੰਦਾ ਕੂੜਾ ਪੂਰੇ ਇਲਾਕੇ ਨੂੰ ਨਰਕਮਈ ਬਣਾ ਰਿਹਾ ਸੀ। ਦੌਰੇ ਦੇ ਆਖਿਰ ਵਿਚ ਕਾਫਿਲਾ ਵਰਿਆਣਾ ਡੰਪ 'ਤੇ ਪੁੱਜਾ, ਜਿੱਥੇ ਬਾਇਓ-ਮਾਈਨਿੰਗ ਪਲਾਂਟ ਆਪਣੀ ਸਮਰੱਥਾ ਦੇ ਅਨੁਸਾਰ ਕੰਮ ਨਹੀਂ ਕਰ ਰਿਹਾ ਸੀ। ਇਸ 'ਤੇ ਸਿਸੋਦੀਆ ਨੇ ਤੁਰੰਤ ਪਲਾਂਟ ਦੀ ਸਮਰੱਥਾ ਨੂੰ ਦੁੱਗਣਾ ਕਰਨ ਦੇ ਨਿਰਦੇਸ਼ ਦਿੱਤੇ ਅਤੇ ਸਫ਼ਾਈ ਵਿਵਸਥਾ 'ਤੇ ਡੂੰਘੀ ਨਾਰਾਜ਼ਗੀ ਪ੍ਰਗਟਾਈ।

# ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਜੋੜੇ ਗਏ ਸ਼ਬਦ ਦੁਖਦਾਈ ਹਨ: ਧਨਖੜ

ਕੌਮੀ ਪਤ੍ਰਿਕਾ

ਨਵੀਂ ਦਿੱਲੀ 29 ਜੂਨ। ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਐਮਰਜੈਂਸੀ ਦੌਰਾਨ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਜੋੜੇ ਗਏ ਸ਼ਬਦਾਂ ਨੂੰ ਦੁਖਦਾਈ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਸ ਨਾਲ ਸੰਵਿਧਾਨ ਦੀ ਆਤਮਾ ਦਾ ਅਪਮਾਨ ਹੋਇਆ ਹੈ। ਸ਼੍ਰੀ ਧਨਖੜ ਨੂੰ ਸ਼ਨੀਵਾਰ ਨੂੰ ਉਪ ਰਾਸ਼ਟਰਪਤੀ ਦੇ ਨਿਵਾਸ ਸਥਾਨ 'ਤੇ ਆਯੋਜਿਤ ਇੱਕ ਸਮਾਗਮ ਵਿੱਚ ਕਰਨਾਟਕ ਦੇ ਸਾਬਕਾ ਵਿਧਾਇਕ ਅਤੇ ਲੇਖਕ ਡੀ.ਐੱਸ. ਵੀਰਈਆ ਦੁਆਰਾ ਸੰਕਲਿਤ ਕਿਤਾਬ 'ਅੰਬੇਡਕਰ ਕੇ ਸੰਦੇਸ਼' ਦੀ ਪਹਿਲੀ ਕਾਪੀ ਭੇਟ ਕੀਤੀ ਗਈ। ਇਸ ਮੌਕੇ ਉਪ ਰਾਸ਼ਟਰਪਤੀ ਨੇ ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਬਦਲਾਅ ਨੂੰ ਇੱਕ ਗੰਭੀਰ ਮੁੱਦਾ ਦੱਸਿਆ ਅਤੇ ਕਿਹਾ ਕਿ ਪ੍ਰਸਤਾਵਨਾ ਉਹ ਆਧਾਰ ਹੈ, ਜਿਸ 'ਤੇ ਪੂਰਾ ਸੰਵਿਧਾਨ ਟਿਕਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿਸੇ ਹੋਰ ਦੇਸ਼ ਦੇ ਸੰਵਿਧਾਨ ਦੀ ਪ੍ਰਸਤਾਵਨਾ ਨੂੰ ਇਸ ਤਰੀਕੇ ਨਾਲ ਬਦਲਿਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ, ਕਿਸੇ ਵੀ ਸੰਵਿਧਾਨ ਦੀ ਪ੍ਰਸਤਾਵਨਾ ਉਸ ਦੀ ਆਤਮਾ ਹੁੰਦੀ ਹੈ। ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਲੱਖਣ ਹੈ। ਭਾਰਤ ਨੂੰ ਛੱਡ ਕੇ ਦੁਨੀਆ ਦੇ ਕਿਸੇ ਵੀ ਦੇਸ਼ ਦੇ ਸੰਵਿਧਾਨ ਦੀ



ਪ੍ਰਸਤਾਵਨਾ ਨੂੰ ਨਹੀਂ ਬਦਲਿਆ ਗਿਆ ਹੈ, ਅਤੇ ਕਿਉਂ? ਪ੍ਰਸਤਾਵਨਾ ਅਟੱਲ ਹੈ। ਪ੍ਰਸਤਾਵਨਾ ਉਹ ਨੀਂਹ ਹੈ, ਜਿਸ 'ਤੇ ਪੂਰਾ ਸੰਵਿਧਾਨ ਟਿਕਿਆ ਹੋਇਆ ਹੈ। ਇਹ ਇਸਦਾ ਬੀਜ-ਰੂਪ ਹੈ। ਇਹ ਸੰਵਿਧਾਨ ਦੀ ਆਤਮਾ ਹੈ। ਪਰ ਭਾਰਤ ਦੀ ਇਸ ਪ੍ਰਸਤਾਵਨਾ ਨੂੰ 1976 ਵਿੱਚ 42ਵੇਂ ਸੰਵਿਧਾਨਕ ਸੋਧ ਐਕਟ ਦੇ ਤਹਿਤ ਬਦਲ ਦਿੱਤਾ ਗਿਆ ਸੀ ਅਤੇ 'ਸਮਾਜਵਾਦੀ', 'ਧਰਮ ਨਿਰਪੱਖ' ਅਤੇ 'ਅਖੰਡਤਾ' ਵਰਗੇ ਸ਼ਬਦ ਜੋੜੇ ਗਏ ਸਨ। ਸ਼੍ਰੀ ਧਨਖੜ ਨੇ ਐਮਰਜੈਂਸੀ ਨੂੰ ਲੋਕਤੰਤਰ ਦਾ ਸਭ ਤੋਂ ਕਾਲਾ ਦੌਰ ਦੱਸਿਆ ਅਤੇ ਕਿਹਾ ਕਿ ਇਸਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ, ਐਮਰਜੈਂਸੀ-ਭਾਰਤੀ ਲੋਕਤੰਤਰ ਦਾ ਸਭ ਤੋਂ ਕਾਲਾ ਦੌਰ ਸੀ। ਜਦੋਂ ਲੋਕ ਜੇਲ੍ਹਾਂ ਵਿੱਚ ਸਨ, ਤਾਂ ਮੌਲਿਕ ਅਧਿਕਾਰਾਂ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਉਨ੍ਹਾਂ ਲੋਕਾਂ ਦੇ ਨਾਮ 'ਤੇ – 'ਅਸੀਂ ਭਾਰਤ ਦੇ ਲੋਕ' – ਜੋ ਉਸ ਸਮੇਂ ਖੁਦ ਗੁਲਾਮੀ ਵਿੱਚ ਸਨ, ਕੀ ਇਹ ਸਿਰਫ਼ ਸ਼ਬਦਾਂ ਦਾ ਦਿਖਾਵਾ ਸੀ? ਇਸਦੀ ਸ਼ਬਦਾਂ ਤੋਂ ਪਰੇ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਉਪ ਰਾਸ਼ਟਰਪਤੀ ਨੇ ਕਿਹਾ ਕਿ ਸੰਵਿਧਾਨ ਦੇ ਨਿਰਮਾਤਾਵਾਂ ਨੇ ਬਹੁਤ ਸੋਚ-ਵਿਚਾਰ ਤੋਂ ਬਾਅਦ ਇਸਦੀ ਪ੍ਰਸਤਾਵਨਾ ਤਿਆਰ ਕੀਤੀ ਹੋਵੇਗੀ ਪਰ ਇਹ ਉਦੋਂ ਬਦਲ ਦਿੱਤੀ ਗਈ, ਜਦੋਂ ਦੇਸ਼ ਦੇ ਲੋਕ ਐਮਰਜੈਂਸੀ ਦੇ ਬੰਧਨ ਵਿੱਚ ਸਨ। ਉਨ੍ਹਾਂ ਕਿਹਾ, "ਸਾਨੂੰ ਆਤਮ-ਨਿਰੀਖਣ ਕਰਨਾ ਚਾਹੀਦਾ ਹੈ। ਡਾ. ਅੰਬੇਡਕਰ ਨੇ ਇਹ ਕੰਮ ਬਹੁਤ ਮਿਹਨਤ ਨਾਲ ਕੀਤਾ।

# ਮਨਜਿੰਦਰ ਸਿੰਘ ਸਿਰਸਾ ਨੇ ਦਿੱਲੀ ਦੇ ਪਹਿਲੇ ਸੰਭਾਵੀ 'ਸਾਫ਼ ਹਵਾ ਜ਼ੋਨ' ਦੀ ਸਮੀਖਿਆ ਕੀਤੀ

ਕੌਮੀ ਪਤ੍ਰਿਕਾ

ਨਵੀਂ ਦਿੱਲੀ, 29 ਜੂਨ: ਦਿੱਲੀ ਦੀ ਹਵਾ ਦੀ ਗੁਣਵੱਤਾ ਨੂੰ ਬਿਹਤਰ ਬਣਾਉਣ ਲਈ ਵਿਗਿਆਨਕ ਉਪਾਵਾਂ ਵੱਲ ਇੱਕ ਵੱਡਾ ਕਦਮ ਚੁੱਕਦੇ ਹੋਏ, ਵਾਤਾਵਰਣ ਮੰਤਰੀ ਸ੍ਰੀ ਮਨਜਿੰਦਰ ਸਿੰਘ ਸਿਰਸਾ ਅਤੇ ਲੋਕ ਨਿਰਮਾਣ ਮੰਤਰੀ ਅਤੇ ਇਲਾਕੇ ਦੇ ਵਿਧਾਇਕ ਪਰਵੇਸ਼ ਸਾਹਿਬ ਸਿੰਘ ਨੇ ਅੱਜ ਨਹਿਰੂ ਪਾਰਕ ਦਾ ਦੌਰਾ ਕੀਤਾ। ਉਨ੍ਹਾਂ ਨੇ ਇੱਥੇ 'ਸਾਫ਼ ਹਵਾ ਜ਼ੋਨ' ਬਣਾਉਣ ਦੀ ਸੰਭਾਵਨਾ ਦਾ ਅਧਿਐਨ ਕੀਤਾ। ਇਹ ਪਹਿਲ ਦਿੱਲੀ ਦੇ ਪਹਿਲੇ 'ਕਲੀਨ ਏਅਰ ਜ਼ੋਨ' ਬਣਨ ਵੱਲ ਇੱਕ ਸ਼ੁਰੂਆਤੀ ਅਧਿਐਨ ਦਾ ਹਿੱਸਾ ਹੈ। 85 ਏਕੜ ਦੇ ਇਸ ਪਾਰਕ ਨੂੰ ਇੱਕ ਪਾਇਲਟ ਸਾਈਟ ਵਜੋਂ ਦੇਖਿਆ ਜਾ ਰਿਹਾ ਹੈ ਜਿੱਥੇ 150 ਐਡਵਾਂਸਡ ਏਅਰ ਪਿਊਰੀਫਾਇਰ ਲਗਾਉਣ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਇਨ੍ਹਾਂ ਮਸ਼ੀਨਾਂ ਦੀ ਪਹਿਲਾਂ ISBT, ਪੈਟਰੋਲ ਪੰਪਾਂ ਅਤੇ ਹੋਰ ਥਾਵਾਂ 'ਤੇ ਜਾਂਚ ਕੀਤੀ ਜਾ ਚੁੱਕੀ ਹੈ, ਜਿੱਥੇ ਇਨ੍ਹਾਂ ਨੇ ਸੀਮਤ ਖੇਤਰ ਵਿੱਚ PM2.5 ਦੇ ਪੱਧਰ ਨੂੰ ਘਟਾਉਣ ਵਿੱਚ ਚੰਗੇ ਨਤੀਜੇ ਦਿੱਤੇ ਹਨ। ਨਿਰੀਖਣ ਦੌਰਾਨ ਵਾਤਾਵਰਣ ਵਿਭਾਗ, ਐਨਡੀਐਮਸੀ ਅਤੇ ਪੀਡਬਲਯੂਡੀ ਦੇ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ। ਮੰਤਰੀਆਂ ਨੇ ਸਵੇਰ ਦੀ ਸੈਰ ਲਈ ਆਏ ਲੋਕਾਂ ਨਾਲ ਵੀ ਗੱਲਬਾਤ ਕੀਤੀ, ਤਾਂ ਜੋ ਫੀਡਬੈਕ ਲੈ ਕੇ ਪ੍ਰਸਤਾਵ ਨੂੰ ਬਿਹਤਰ ਬਣਾਇਆ ਜਾ ਸਕੇ। ਇਸ



ਅਧਿਐਨ ਦਾ ਉਦੇਸ਼ ਇਹ ਜਾਣਨਾ ਹੈ ਕਿ ਕੀ ਇਹ ਤਕਨਾਲੋਜੀ ਵੱਡੇ ਪਾਰਕਾਂ ਵਿੱਚ AQI ਨੂੰ ਸਥਾਈ ਤੌਰ 'ਤੇ ਘਟਾ ਸਕਦੀ ਹੈ ਅਤੇ ਕੀ ਇਹ ਆਮ ਲੋਕਾਂ ਨੂੰ ਇੱਕ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰ ਸਕਦੀ ਹੈ। ਇਸ ਤਕਨੀਕ ਨੇ ਸੀਮਤ ਪੈਮਾਨੇ 'ਤੇ ਚੰਗੇ ਨਤੀਜੇ ਦਿਖਾਏ ਹਨ, ਹੁਣ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਕੀ ਇਹ ਵੱਡੇ ਖੇਤਰਾਂ ਵਿੱਚ ਵੀ ਕੰਮ ਕਰ ਸਕਦੀ ਹੈ। ਅਸੀਂ ਲੋਕਾਂ ਤੋਂ ਪੁੱਛਾਂਗੇ ਕਿ ਕੀ ਇਹ ਤਕਨੀਕ ਸਹੀ ਹੈ, ਅਤੇ ਉਨ੍ਹਾਂ ਦੇ ਫੀਡਬੈਕ ਦੇ ਆਧਾਰ 'ਤੇ ਫੈਸਲਾ ਲਿਆ ਜਾਵੇਗਾ, ਸਿਰਸਾ ਨੇ ਕਿਹਾ। ਹਰੇਕ ਪ੍ਰਸਤਾਵਿਤ ਮਸ਼ੀਨ ਲਗਭਗ 9 ਫੁੱਟ ਉੱਚੀ ਹੈ ਅਤੇ ਉੱਨਤ ਫਿਲਟਰੇਸ਼ਨ ਤਕਨਾਲੋਜੀ ਦੀ ਵਰਤੋਂ ਕਰਦੀ ਹੈ ਜੋ ਹਵਾ ਵਿੱਚੋਂ ਨੁਕਸਾਨਦੇਹ PM2.5 ਕਣਾਂ ਨੂੰ ਹਟਾਉਂਦੀ ਹੈ। ਜੇਕਰ ਇਹ ਪ੍ਰੋਜੈਕਟ ਭਵਿੱਖ ਵਿੱਚ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਪਾਰਕ ਉਪਭੋਗਤਾਵਾਂ ਨੂੰ ਸਾਲ ਦਰ ਸਾਲ ਸਾਫ਼ ਹਵਾ ਪ੍ਰਦਾਨ ਕਰ ਸਕਦਾ ਹੈ। ਪਰ ਇਸਦੀ ਤਾਇਨਾਤੀ ਪੂਰੀ ਤਰ੍ਹਾਂ ਅਧਿਐਨ ਦੇ ਨਤੀਜਿਆਂ 'ਤੇ ਨਿਰਭਰ ਕਰੇਗੀ। ਸਿਰਸਾ ਨੇ ਕਿਹਾ ਕਿ ਸਰਕਾਰ ਇਸ ਵੇਲੇ ਅਸਲ ਹਾਲਤਾਂ ਵਿੱਚ ਇਸ ਤਕਨਾਲੋਜੀ ਦੀ ਵਿਵਹਾਰਕਤਾ ਦੀ ਜਾਂਚ ਕਰ ਰਹੀ ਹੈ। ਜੇਕਰ ਇਹ ਪ੍ਰਭਾਵਸ਼ਾਲੀ ਅਤੇ ਵਿਵਹਾਰਕ ਸਾਬਤ ਹੁੰਦੀ ਹੈ, ਤਾਂ ਕਨਾਟ ਪਲੇਸ, ਖਾਨ ਮਾਰਕੀਟ ਅਤੇ ਹੋਰ ਥਾਵਾਂ 'ਤੇ ਵੀ ਇਸੇ ਤਰ੍ਹਾਂ ਦੇ ਜ਼ੋਨਾਂ 'ਤੇ ਵਿਚਾਰ ਕੀਤਾ ਜਾਵੇਗਾ। ਇਨ੍ਹਾਂ ਪ੍ਰੋਜੈਕਟਾਂ ਨੂੰ ਕਾਰਪੋਰੇਟ ਸਮਾਜਿਕ ਜ਼ਿੰਮੇਵਾਰੀ (CSR) ਰਾਹੀਂ ਲਾਗੂ ਕੀਤਾ ਜਾਵੇਗਾ ਤਾਂ ਜੋ ਸਰਕਾਰ 'ਤੇ ਕੋਈ ਵਿੱਤੀ ਬੋਝ ਨਾ ਪਵੇ। ਲੋਕ ਨਿਰਮਾਣ ਮੰਤਰੀ ਪਰਵੇਸ਼ ਸਾਹਿਬ ਸਿੰਘ, ਜੋ ਕਿ ਇਲਾਕੇ ਦੇ ਵਿਧਾਇਕ ਵੀ ਹਨ, ਨੇ ਕਿਹਾ, ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ, ਦਿੱਲੀ ਸਰਕਾਰ ਰਾਜਧਾਨੀ ਦੇ ਵਿਕਾਸ ਲਈ ਲਗਾਤਾਰ ਕੰਮ ਕਰ ਰਹੀ ਹੈ। ਮੈਂ ਦਿੱਲੀ ਦੇ ਸੜਕੀ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਮੁਰੰਮਤ ਲਈ ? 1,000 ਕਰੋੜ ਦੀ ਸਹਾਇਤਾ ਦੇਣ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਦਾ ਹਾਂ। ਉਨ੍ਹਾਂ ਇਹ ਵੀ ਕਿਹਾ, ਸਿਰਸਾ ਖੁਦ ਹਰ ਵਿਕਾਸ ਅਤੇ ਪ੍ਰਦੂਸ਼ਣ ਕੰਟਰੋਲ ਮੁਹਿੰਮ ਦੀ ਨਿਗਰਾਨੀ ਕਰਦੇ ਹਨ। ਉਨ੍ਹਾਂ ਦੀ ਵਚਨਬੱਧਤਾ ਅਟੁੱਟ ਹੈ। ਇਕੱਠੇ ਮਿਲ ਕੇ, ਅਸੀਂ ਪ੍ਰਧਾਨ ਮੰਤਰੀ ਦੇ 'ਵਿਕਸਤ ਦਿੱਲੀ' ਦੇ ਸੁਪਨੇ ਨੂੰ ਸਾਕਾਰ ਕਰਨ ਲਈ ਕੰਮ ਕਰ ਰਹੇ ਹਾਂ।

Contd............... page-12

# ਡਰਾਈਵਿੰਗ ਲਾਇਸੈਂਸ ਤੇ ਆਰ. ਸੀ. ਨੂੰ ਲੈ ਕੇ ਵੱਡੀ ਖ਼ਬਰ, ਸਰਕਾਰ ਵੱਲੋਂ ਨਵੇਂ ਹੁਕਮ ਜਾਰੀ

**ਕੌਮੀ ਪਤ੍ਰਿਕਾ**

ਮਾਲੇਰਕੋਟਲਾ 29 ਜੂਨ। ਖੇਤਰੀ ਟਰਾਂਸਪੋਰਟ ਅਫਸਰ ਗੁਰਮੀਤ ਕੁਮਾਰ ਬਾਂਸਲ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਅਹਿਮ ਫੈਸਲਾ ਲਿਆ ਹੈ, ਜਿਸ ਤਹਿਤ ਵਾਹਨਾਂ ਦੇ ਰਜਿਸਟ?ਰੇਸ਼ਨ ਸਰਟੀਫਿਕੇਟਾਂ (ਆਰ. ਸੀ.) ਅਤੇ ਡਰਾਈਵਿੰਗ ਲਾਇਸੈਂਸਾਂ ਦੀ ਰਜਿਸਟ?ਰੇਸ਼ਨ ਅਤੇ ਰੀਨਿਊਵਲ ਦੇ ਅਧਿਕਾਰ ਖੇਤਰੀ ਟਰਾਂਸਪੋਰਟ ਅਫਸਰ ਨੂੰ ਦਿੱਤੇ ਗਏ ਤਾਂ ਜੋ ਮੈਨੂਅਲ ਆਰ. ਸੀ. ਅਤੇ ਡੀ. ਐੱਲ. ਦੀ ਰਜਿਸਟ?ਰੇਸ਼ਨ ਅਤੇ ਰੀਨਿਊਅਲ ਸਬੰਧੀ ਬੈਕਲਾਗ ਦਾ ਕੰਮ ਪੂਰਾ ਕੀਤਾ ਜਾ ਸਕੇ। ਉਨ੍ਹਾਂ ਦੱਸਿਆ ਕਿ ਆਮ ਲੋਕਾਂ ਨੂੰ ਸਰਕਾਰ ਵੱਲੋਂ ਰਾਹਤ ਦਿੱਤੀ ਗਈ। ਇਸ ਸਬੰਧੀ ਮੁਕੰਮਲ ਕਾਰਜ ਹੁਣ ਦਫਤਰ, ਖੇਤਰੀ ਟਰਾਂਸਪੋਰਟ ਅਫਸਰ ਮਾਲੇਰਕੋਟਲਾ ਵਿਖੇ ਹੀ ਹੋਣਗੇ। ਖੇਤਰੀ ਟਰਾਂਸਪੋਰਟ ਅਫਸਰ ਨੇ ਦੱਸਿਆ ਕਿ ਹੁਣ ਬਿਨੈਕਾਰ ਆਪਣੇ ਪੁਰਾਣੇ ਮੈਨੂਅਲ ਰਜਿਸਟਰਡ ਵਾਹਨ ਅਤੇ ਡਰਾਈਵਿੰਗ ਲਾਇਸੈਂਸ ਨੂੰ ਆਨਲਾਈਨ ਕਰਵਾ ਸਕਦੇ ਹਨ ਅਤੇ ਸਬੰਧਤ ਦਸਤਾਵੇਜ਼ਾਂ ਨੂੰ ਰੀਨਿਊ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਟਰਾਂਸਪੋਰਟ ਨਿਯਮਾਂ ਦੀ ਪਾਲਣਾ ਹਿਤ ਲੋਕਾਂ ਦੀ ਸੁਰੱਖਿਆ ਦੇ ਮੱਦੇਨਜ਼ਰ ਹਰ ਕਿਸਮ ਦੇ ਕਮਰਸ਼ੀਅਲ ਵਾਹਨਾਂ 'ਤੇ ਸਪੀਡ ਗਵਰਨਰ ਲੱਗਿਆ ਹੋਣਾ ਲਾਜ਼ਮੀ ਹੈ। ਇਸ ਤੋਂ ਬਿਨਾਂ ਸਬੰਧਤ ਵਾਹਨ ਦੀ ਪਾਸਿੰਗ ਨਹੀਂ ਹੋਵੇਗੀ। ਇਸ ਸਬੰਧੀ ਉਲੰਘਣਾ 'ਤੇ ਨਿਯਮਾਂ ਮੁਤਾਬਕ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ। ਮੈਨੂਅਲ ਆਰ. ਸੀ. ਅਤੇ ਡੀ. ਐੱਲ. ਦੀ ਰਜਿਸਟ?ਰੇਸ਼ਨ ਅਤੇ ਰੀਨਿਊਅਲ ਸਬੰਧੀ ਵਧੇਰੇ ਜਾਣਕਾਰੀ ਸਾਂਝੀ ਕਰਦਿਆਂ ਖੇਤਰੀ ਟਰਾਂਸਪੋਰਟ ਅਫਸਰ ਨੇ ਦੱਸਿਆ ਕਿ ਆਰ. ਸੀ. ਅਤੇ ਡੀ. ਐੱਲ. ਦੇ ਬੈਕਲਾਗ ਸਬੰਧੀ ਕਾਰਜਕਾਰੀ ਮੈਜਿਸਟ?ਰੇਟ ਤੋਂ ਤਸਦੀਕਸ਼ੁਦਾ ਹਲਫੀਆ ਬਿਆਨ ਲਿਆ ਜਾਵੇਗਾ, ਜਿਸ 'ਚ



ਬੈਕਲਾਗ ਰਾਹੀਂ ਆਨਲਾਈਨ ਡਿਜੀਟੀਲਾਈਜ਼ੇਸ਼ਨ ਕਰਵਾਉਣ ਸਬੰਧੀ, ਮਿਆਦ, ਕੈਟਾਗਿਰੀ, ਮੈਨੂਅਲ ਜਾਰੀ ਕਰਨ ਵਾਲੀ ਅਥਾਰਟੀ, ਟੈਕਸ ਭਰੇ ਹੋਣ ਤੇ ਕੋਈ ਬਕਾਇਆ ਨਾ ਹੋਣ ਸਬੰਧੀ ਅਤੇ ਸਮੁੱਚੀ ਜਾਣਕਾਰੀ ਸਹੀ ਹੋਣ ਸਬੰਧੀ ਇੰਦਰਾਜ ਕਰਨਾ ਹੋਵੇਗਾ। ਆਰ. ਸੀ. ਦੇ ਬੈਕਲਾਗ ਆਨਲਾਈਨ ਸਬੰਧੀ ਸਮੁੱਚੀਆਂ ਜਾਣਕਾਰੀਆਂ ਆਨਲਾਈਨ ਅਪਲੋਡ ਕੀਤੇ ਜਾਣ ਸਮੇਂ, ਰਜਿਸਟ?ਰੇਸ਼ਨ ਨੰਬਰ ਜਿਸ ਵਾਹਨ 'ਤੇ ਲੱਗਾ ਹੈ, ਦੀ ਮੋਟਰ ਵ?ਹੀਕਲ ਇੰਸਪੈਕਟਰ ਵੱਲੋਂ ਚੈਸੀ ਅਤੇ ਇੰਜਣ ਨੰਬਰ ਦੇ ਪੂਰੇ ਵੇਰਵੇ ਦਰਜ ਕੀਤੀ ਭੌਤਿਕ ਚੈਕਿੰਗ ਰਿਪੋਰਟ ਵੀ ਅਪਲੋਡ ਕੀਤੀ ਜਾਣੀ ਜ਼ਰੂਰੀ ਹੈ। ਆਰ. ਸੀ. ਬੈਕਲਾਗ ਕਰਨ ਸਮੇਂ ਵੱਖ-ਵੱਖ ਵਿਅਕਤੀਆਂ ਦਾ ਵ?ਹੀਕਲ ਟਰਾਂਸਫਰ ਰਿਕਾਰਡ ਵੀ ਅਪਲੋਡ ਕੀਤਾ ਜਾਵੇਗਾ ਤਾਂ ਜੋ ਪਹਿਲੇ ਮਾਲਕਾਂ ਦਾ ਰਿਕਾਰਡ ਵੀ ਸਾਂਭਿਆ ਜਾ ਸਕੇ। ਬੈਕਲਾਗ ਸਬੰਧੀ ਡਰਾਈਵਿੰਗ ਲਾਇਸੈਂਸ ਬਾਬਤ ਪਹਿਲਾਂ ਜਾਰੀ ਕਰਨ ਵਾਲੀ ਅਥਾਰਟੀ ਜ਼ਰੀਏ ਅਪਲਾਈ ਕੀਤਾ ਜਾ ਸਕਦਾ ਹੈ। ਡੀਲਿੰਗ ਸਟਾਫ ਵੱਲੋਂ ਦਫਤਰੀ ਰਿਕਾਰਡ 'ਚ ਪਹਿਲਾਂ ਅਤੇ ਉਸ ਤੋਂ ਬਾਅਦ 'ਚ ਜਾਰੀ ਹੋਏ ਲਾਇਸੈਂਸ ਦੀ ਪ੍ਰਮਾਣਿਕ/ਤਸਦੀਕਸ਼ੁਦਾ ਕਾਪੀ ਸਾਰਥੀ ਸਾਫਟਵੇਅਰ 'ਚ ਅਪਲੋਡ ਕਰਨ ਉਪਰੰਤ ਲਾਇਸੈਂਸਿੰਗ ਅਥਾਰਟੀ ਵੱਲੋਂ ਪ੍ਰਵਾਨਗੀ ਕੀਤੇ ਜਾਣ ਦੀਆਂ ਹਦਾਇਤਾਂ ਹਨ। ਇਸ ਪ੍ਰਕਿਰਿਆ ਦੌਰਾਨ ਲਾਇਸੈਂਸ ਦੀ ਅਸਲ ਕਾਪੀ ਅਤੇ ਜਨਮ/ਪਤੇ ਦੇ ਸਬੂਤ ਵੀ ਅਪਲੋਡ ਕੀਤੇ ਜਾਣੇ ਜ਼ਰੂਰੀ ਹਨ। ਬੈਕਲਾਗ ਦੇ ਕਾਰਜ ਨੂੰ ਪਾਰਦਰਸ਼ੀ ਢੰਗ ਨਾਲ ਮੁਕੰਮਲ ਕਰਨ ਲਈ ਵਿਭਾਗ ਦੇ ਕਰਮਚਾਰੀ ਬਿਨੈਕਾਰ ਵੱਲੋਂ ਡਰਾਈਵਿੰਗ ਲਾਇਸੈਂਸ/ਆਰ. ਸੀ. ਨਾਲ ਸਬੰਧਤ ਬੈਕਲਾਗ ਦੀ ਐਂਟਰੀ ਦਫਤਰ 'ਚ ਦਰਜ ਕਰ ਕੇ, ਉਸ ਨੂੰ ਸਬੰਧਤ ਪੋਰਟਲ 'ਤੇ ਵੈਰੀਫਾਈ ਕਰਨਗੇ ਅਤੇ ਉਸ ਉਪਰੰਤ ਸਬੰਧਤ ਅਥਾਰਟੀ ਵੱਲੋਂ ਉਸ ਦੀ ਅਪਰੂਵਲ ਕੀਤੀ ਜਾਵੇਗੀ। ਰਜਿਸਟ?ਰੇਸ਼ਨ ਸਰਟੀਫਿਕੇਟਾਂ (ਆਰ.ਸੀ.) ਸਬੰਧੀ ਪਰਿਵਾਹਨ ਪੋਰਟਲ ਅਤੇ ਡਰਾਈਵਿੰਗ ਲਾਇਸੈਂਸਾਂ (ਡੀ. ਐੱਲ.) ਸਬੰਧੀ ਸਾਰਥੀ ਪੋਰਟਲ ਨਿਰਧਾਰਿਤ ਹਨ।

## ਸੁੰਡੀਆਂ ਵਾਲੇ ਅੰਬ ਵੇਚ ਕੇ ਦੁਕਾਨਦਾਰ ਲੋਕਾਂ ਦੀਆਂ ਕੀਮਤੀ ਜ਼ਿੰਦਗੀਆਂ ਨਾਲ ਕਰ ਰਹੇ ਖਿਲਵਾੜ

**ਕੌਮੀ ਪਤ੍ਰਿਕਾ**

ਗੁਰਦਾਸਪੁਰ 29 ਜੂਨ। ਗੁਰਦਾਸਪੁਰ ਸ਼ਹਿਰ ਅੰਦਰ ਕੁਝ ਫਰੂਟ ਦੀਆਂ ਰੇਹੜੀਆਂ ਵਾਲੇ ਘਟੀਆ ਫਰੂਟ ਵੇਚ ਕੇ ਲੋਕਾਂ ਦੀਆਂ ਕੀਮਤੀ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੇ ਹਨ। ਇਸ ਸਬੰਧੀ ਗੁਰਮੀਤ ਸਿੰਘ ਵਾਸੀ ਡਾਲਾ ਨੇ ਦੱਸਿਆ ਕਿ ਉਸ ਨੇ ਬੀਤੇ ਦਿਨੀਂ ਲਾਇਬ੍ਰੇਰੀ ਰੋਡ ਤੋਂ ਰਾਤ ਸਮੇਂ ਇਕ ਫਰੂਟ ਵਾਲੀ ਰੇਹੜੀ ਤੋਂ ਦੁਸਹਿਰੀ ਅੰਬ ਖਰੀਦੇ। ਦੁਕਾਨਦਾਰ ਵੱਲੋਂ ਢਾਈ ਕਿਲੋ ਅੰਬ 100 ਰੁਪਏ ਦੇ ਹਿਸਾਬ ਨਾਲ ਵੇਚੇ ਜਾ ਰਹੇ ਸੀ। ਜਦੋਂ ਉਸ ਨੇ ਘਰ ਜਾ ਕੇ ਅੰਬ ਖੁਦ ਖਾਧਾ ਅਤੇ ਆਪਣੇ ਪਰਿਵਾਰ ਨੂੰ ਖਾਣ ਲਈ ਦਿੱਤਾ ਤਾਂ ਥੋੜਾ ਜਿਹਾ ਖਾਣ ਤੋਂ ਬਾਅਦ ਪਤਾ ਚੱਲਿਆ ਕਿ ਸਾਰੇ ਅੰਬ 'ਚ ਸੁੰਡੀਆਂ ਪਈਆਂ ਹੋਈਆਂ ਹਨ। ਜ਼ਿਕਰਯੋਗ ਹੈ ਕਿ ਕੁਝ ਫਰੂਟ ਦੀਆਂ ਰੇਹੜੀਆਂ 'ਤੇ ਦੁਸ਼ਹਿਰੀ ਅੰਬ ਤੋਂ ਇਲਾਵਾ ਹੋਰ ਵੀ ਗਲਿਆ ਸੜਿਆ ਫਰੂਟ ਸਸਤੇ ਭਾਅ 'ਤੇ ਵੇਚ ਰਹੇ ਹਨ। ਉਨ੍ਹਾਂ ਦੱਸਿਆ ਕਿ ਇਸ ਪਾਸੇ ਸਿਹਤ ਵਿਭਾਗ ਕੋਈ ਕਾਰਵਾਈ ਨਹੀਂ ਕਰ ਰਿਹਾ, ਜਿਸ ਕਰ ਕੇ ਬੇਖੌਫ ਹੋ ਕੇ ਰੇਹੜੀ ਵਾਲੇ ਗਲਿਆ ਸੜਿਆ ਫਰੂਟ ਵੇਚ ਰਹੇ ਹਨ। ਲੋਕਾਂ ਨੇ ਸਿਹਤ ਵਿਭਾਗ ਪਾਸੋਂ ਮੰਗ ਕੀਤੀ ਕਿ ਫਰੂਟ ਵਾਲੀਆਂ ਰੇਹੜੀਆਂ ਉੱਤੇ ਖਾਸ ਤੌਰ 'ਤੇ ਵਿਸ਼ੇਸ਼ ਚੈਕਿੰਗ ਮੁਹਿਮ ਚਲਾਈ ਜਾਵੇ ਤਾਂ ਜੋ ਖਰਾਬ ਹੋਇਆ ਫਰੂਟ ਗ੍ਰਾਹਕਾਂ ਨੂੰ ਵੇਚਣ ਦੀ ਬਜਾਏ ਉਸ ਨੂੰ ਬਾਹਰ ਕਿਤੇ ਸੁੱਟ ਦੇਣ। ਇਸ ਸਬੰਧੀ ਡਾ. ਜੀ.



ਐੱਸ. ਪੰਨੂ ਅਸਿਸਟੈਂਟ ਮੈਡੀਕਲ ਕਮਿਸ਼ਨਰ (ਫੂਡ) ਗੁਰਦਾਸਪੁਰ ਨਾਲ ਗੱਲਬਾਤ ਕੀਤੀ ਥੋੜਾ ਜਿਹਾ ਖਾਣ ਤੋਂ ਬਾਅਦ ਪਤਾ ਚੱਲਿਆ ਕਿ ਸਾਰੇ ਅੰਬ 'ਚ ਸੁੰਡੀਆਂ ਪਈਆਂ ਹੋਈਆਂ ਹਨ। ਜ਼ਿਕਰਯੋਗ ਹੈ ਕਿ ਕੁਝ ਫਰੂਟ ਦੀਆਂ ਰੇਹੜੀਆਂ 'ਤੇ ਦੁਸ਼ਹਿਰੀ ਅੰਬ ਤੋਂ ਇਲਾਵਾ ਹੋਰ ਵੀ ਗਲਿਆ ਸੜਿਆ ਫਰੂਟ ਸਸਤੇ ਭਾਅ 'ਤੇ ਵੇਚ ਤਾਂ ਉਨ੍ਹਾਂ ਦੱਸਿਆ ਕਿ ਉਹ ਅੱਜ ਹੀ ਇਨ੍ਹਾਂ ਫਰੂਟ ਵਾਲੀਆਂ ਰੇਹੜੀਆਂ ਦੀ ਚੈਕਿੰਗ ਕਰਵਾਉਣਗੇ ਅਤੇ ਮਾੜਾ ਫਰੂਟ ਮਿਲਣ 'ਤੇ ਰੇਹੜੀ ਵਾਲਿਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇਗੀ।

## ਲੇਬਰ ਦਾ ਕੰਮ ਕਰਨ ਲਈ ਚਾਚੇ ਨੇ ਕੀਤਾ ਮਜਬੂਰ, ਘਰ ਛੱਡ ਕੇ ਭੱਜੀਆਂ ਨਾਬਾਲਿਗ ਸਕੀਆਂ ਭੈਣਾਂ

ਲੁਧਿਆਣਾ 29 ਜੂਨ। ਜੀ. ਆਰ. ਪੀ. ਅਤੇ ਆਰ. ਪੀ. ਐੱਫ. ਦੀਆਂ ਟੀਮਾਂ ਨੇ ਰੇਲਵੇ ਸਟੇਸ਼ਨ 'ਤੇ ਚੈਕਿੰਗ ਕਰਦੇ ਹੋਏ ਲਾਵਾਰਿਸ ਹਾਲਤ 'ਚ ਘੁੰਮ ਰਹੀਆਂ 2 ਨਾਬਾਲਿਗ ਭੈਣਾਂ ਨੂੰ ਹਿਰਾਸਤ ਵਿਚ ਲੈ ਲਿਆ। ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਪੁਲਸ ਨੇ ਬੱਚਿਆਂ ਨੂੰ ਸੀ. ਡਬਲਯੂ. ਸੀ. ਦੇ ਹਵਾਲੇ ਕਰ ਦਿੱਤਾ। ਇੰਸਪੈਕਟਰ ਪਲਵਿੰਦਰ ਸਿੰਘ ਨੇ ਦੱਸਿਆ ਕਿ



ਜੀ. ਆਰ. ਪੀ. ਦੇ ਏ. ਐੱਸ. ਆਈ. ਪੁਰਸ਼ੋਤਮ ਕੁਮਾਰ, ਜਸਪਾਲ ਸਿੰਘ, ਆਰ. ਪੀ. ਐੱਫ. ਦੇ ਵਿਨੋਦ ਕੁਮਾਰ, ਅਸ਼ੋਕ ਕੁਮਾਰ, ਕਮਲਜੀਤ ਕੌਰ ਅਤੇ ਗਗਨਦੀਪ ਸਿੰਘ ਰੇਲਵੇ ਸਟੇਸ਼ਨ 'ਤੇ ਬੱਚੀਆਂ ਦੀ ਸੁਰੱਖਿਆ ਨੂੰ ਲੈ ਕੇ ਚੈਕਿੰਗ ਕਰ ਰਹੇ ਸਨ ਤਾਂ ਉਨ੍ਹਾਂ ਨੂੰ ਰੇਲਵੇ ਸਟੇਸ਼ਨ 'ਤੇ ਟਿਕਟ ਘਰ ਨੇੜੇ 2 ਬੱਚੀਆਂ ਲਾਵਾਰਿਸ ਹਾਲਤ 'ਚ ਮਿਲੀਆਂ। ਜਦੋਂ ਉਨ੍ਹਾਂ ਨੇ ਬੱਚੀਆਂ ਨੂੰ ਫੜ ਕੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਤਾਂ ਪਤਾ ਲੱਗਿਆ ਕਿ ਇੱਕ ਦੀ ਉਮਰ 11 ਸਾਲ ਅਤੇ ਦੂਜੀ ਦੀ ਉਮਰ 9 ਸਾਲ ਦੀ ਹੈ, ਜੋ ਕਿ ਬਿਹਾਰ ਦੇ ਮਹਾਨਪੁਰ ਦੀਆਂ ਰਹਿਣ ਵਾਲੀਆਂ ਹਨ। ਲੜਕੀਆਂ ਨੇ ਦੱਸਿਆ ਕਿ ਉਨ੍ਹਾਂ ਦਾ ਚਾਚਾ ਤਾਜਪੁਰ ਰੋਡ 'ਤੇ ਰਹਿੰਦਾ ਹੈ। ਉਹ ਉਨ੍ਹਾਂ ਨੂੰ ਪਿੰਡ ਤੋਂ ਮਜ਼ਦੂਰੀ ਕਰਵਾਉਣ ਲਈ ਲਿਆਇਆ ਸੀ। ਉਨ੍ਹਾਂ ਦੱਸਿਆ ਕਿ ਚਾਚਾ ਉਨ੍ਹਾਂ ਨੂੰ ਮਜ਼ਦੂਰੀ ਕਰਵਾਉਣ ਲਈ ਮਜਬੂਰ ਕਰਦਾ ਸੀ ਅਤੇ ਉਨ੍ਹਾਂ ਨੂੰ ਤੰਗ ਕਰਦਾ ਸੀ, ਜਦੋਂਕਿ ਉਹ ਇਸ ਦਾ ਵਿਰੋਧ ਕਰਦੀਆਂ ਸਨ।

## ਵਿਅਕਤੀ ਦੀ ਬੇਰਹਿਮੀ ਨਾਲ ਕੀਤੀ ਕੁੱਟਮਾਰ

ਜ਼ੀਰਾ 29 ਜੂਨ। ਜ਼ੀਰਾ ਦੇ ਅਧੀਨ ਆਉਂਦੇ ਪਿੰਡ ਬੰਡਾਲਾ ਨੌ ਬੰਬ ਵਿਖੇ ਲੜਾਈ ਝਗੜੇ ਦੇ ਚੱਲਦਿਆਂ ਇਕ ਵਿਅਕਤੀ ਦੀ ਕੁੱਟਮਾਰ ਕਰਨ ਦੇ ਦੋਸ਼ ਵਿਚ ਥਾਣਾ ਸਦਰ ਜ਼ੀਰਾ ਪੁਲਸ ਨੇ ਦੋ ਬਾਏ ਨੇਮ ਵਿਅਕਤੀਆਂ ਅਤੇ ਪੰਜ ਅਣਪਛਾਤੇ ਵਿਅਕਤੀਆਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦਰਬਾਰਾ ਸਿੰਘ ਪੁੱਤਰ ਮਹਿਲ ਸਿੰਘ ਵਾਸੀ ਪਿੰਡ ਬੰਡਾਲਾ ਨੌ ਬੰਬ ਨੇ ਦੱਸਿਆ ਕਿ ਉਸ ਦਾ ਪਹਿਲਾਂ ਵੀ ਦੋਸ਼ੀ ਨਵਰਾਜ ਸਿੰਘ ਪੁੱਤਰ ਹਰਜਿੰਦਰ ਸਿੰਘ, ਹਰਜਿੰਦਰ ਸਿੰਘ ਪੁੱਤਰ ਅਜੀਤ ਸਿੰਘ ਵਾਸੀਅਨ ਬੰਬ ਨੌ ਬੰਡਾਲਾ ਨਾਲ ਲੜਾਈ ਝਗੜਾ ਰਹਿੰਦ ਸੀ, ਜਿਸ ਕਾਰਨ ਦੋਸ਼ੀ ਅਤੇ ਪੰਜ ਅਣਪਛਾਤੇ ਵਿਅਕਤੀਆਂ ਨੇ ਹਮਮਸ਼ਵਰਾ ਹੋ ਕੇ ਉਸ ਦੇ ਸੱਟਾਂ ਮਾਰੀਆਂ। ਦਰਬਾਰਾ ਸਿੰਘ ਨੇ ਦੱਸਿਆ ਕਿ ਉਸ ਦਾ ਇਲਾਜ ਸਿਵਲ ਹਪਸਤਾਲ ਜ਼ੀਰਾ ਵਿਖੇ ਚੱਲ ਰਿਹਾ ਹੈ।

## ਮਾਲ ਗੱਡੀ ਥੱਲੇ ਆਉਣ ਕਾਰਨ ਵਿਅਕਤੀ ਦੀ ਹੋਈ ਮੌਕੇ 'ਤੇ ਮੌਤ

ਬੁਢਲਾਡਾ 29 ਜੂਨ। ਸਥਾਨਕ ਰੇਲਵੇ ਸਟੇਸ਼ਨ ਦੇ ਰੇਲਵੇ ਯਾਰਡ ਤੇ ਮਾਲ ਗੱਡੀ ਥੱਲੇ ਆਉਣ ਕਾਰਨ ਇੱਕ ਵਿਅਕਤੀ ਦੀ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੌਂਕੀ ਇੰਚਾਰਜ ਕੁਲਵੰਤ ਸਿੰਘ ਨੇ ਦੱਸਿਆ ਕਿ ਰੇਲਵੇ ਯਾਰਡ ਤੇ ਮਾਲ ਗੱਡੀ ਦੇ ਹੇਠਾਂ ਆਉਣ ਕਾਰਨ ਬੱਬੂ ਸਿੰਘ ਪੁੱਤਰ ਗੁਰਜੰਟ ਸਿੰਘ ਦੀ ਮੌਤ ਹੋਈ ਹੈ ਮ੍ਰਿਤਕ ਵਾਰਡ ਨੰਬਰ 2 ਬੁਢਲਾਡਾ ਦਾ ਰਹਿਣ ਵਾਲਾ ਸੀ ਇਹ ਨੌਜਵਾਨ ਲਗਭਗ ਆਉਣ ਕਾਰਨ ਮੌਕੇ ਤੇ ਹੀ ਦਮ ਤੌੜ ਗਿਆ। ਉਨ੍ਹਾਂ ਦੱਸਿਆ ਕਿ ਮਾਲ ਵਾਲੀ ਗੱਡੀ ਜਾਖਲ ਤੋਂ ਮਾਨਸਾ ਜਾ ਰਹੀ ਸੀ ਇਸ ਵਿਅਕਤੀ ਨੇ ਮਾਲ ਗੱਡੀ ਹੇਠਾਂ ਆ ਕੇ ਆਤਮ ਹੱਤਿਆ ਕਰ ਲਈ ਹੈ। ਮੌਕੇ 'ਤੇ ਦੇਹ ਨੂੰ ਐਂਬੁਲੈਂਸ ਰਾਹੀ ਹਸਪਤਾਲ ਲੈਕੇ ਜਾਇਆ ਗਿਆ। ਹੌਲਦਾਰ ਇਕਬਾਲ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਵਾਰਿਸ ਦੇ ਬਿਆਨਾਂ ਦੇ ਆਧਾਰ ਤੇ ਕਾਰਵਾਈ ਕਰਦਿਆਂ ਲਾਸ਼ ਪੋਸ਼ਟਮਾਟਮ ਉਪਰੰਤ ਵਾਰਸਾਂ ਨੂੰ ਸੌਂਪ ਦਿੱਤੀ ਜਾਵੇਗੀ।

# ਹੈਰੋਇਨ ਦਾ ਸੇਵਨ ਕਰਦੇ ਤਿੰਨ ਵਿਅਕਤੀ ਕਾਬੂ

**ਕੌਮੀ ਪਤ੍ਰਿਕਾ**

ਬੰਗਾ 29 ਜੂਨ। ਥਾਣਾ ਸਿਟੀ ਬੰਗਾ ਪੁਲਸ ਵੱਲੋਂ ਹੈਰੋਇਨ ਦਾ ਸੇਵਨ ਕਰਦੇ ਹੋਏ ਤਿੰਨ ਵਿਅਕਤੀ ਨੂੰ ਮੌਕੇ 'ਤੇ ਕਾਬੂ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਥਾਣਾ ਸਿਟੀ ਬੰਗਾ ਦੇ ਐੱਸ. ਐੱਚ. ਓ. ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਸੀਨੀਅਰ ਪੁਲਸ ਕਪਤਾਨ ਡਾ. ਮਹਿਤਾਬ ਸਿੰਘ ਦੁਆਰਾ ਜਾਰੀ ਆਦੇਸ਼ਾ ਤਹਿਤ ਉਪ ਪੁਲਸ ਕਪਤਾਨ ਬੰਗਾ ਹਰਜੀਤ ਸਿੰਘ ਦੀ ਨਿਗਰਾਨੀ ਹੇਠ ਉਨ੍ਹਾਂ ਵੱਲੋਂ ਨਸ਼ੇ ਦੇ ਸੌਦਾਗਰਾ ਨੂੰ ਨੱਥ ਪਾਉਣ ਲਈ ਵੱਖ-ਵੱਖ ਟੀਮਾਂ ਦਾ ਗਠਨ ਕਰ ਕਰਕੇ ਜਰਨਲ ਚੈਕਿੰਗ ਅਤੇ ਗਸ਼ਤ ਦੌਰਾਨ ਇਲਾਕੇ ਵਿਚ ਭੇਜਿਆ ਜਾਂਦਾ ਹੈ। ਉਨ੍ਹਾਂ ਦੱਸਿਆ ਇਸੇ ਲੜੀ ਤਹਿਤ ਏ. ਐੱਸ. ਆਈ. ਵਿਜੈ ਕੁਮਾਰ ਸਮੇਤ ਪੁਲਸ ਪਾਰਟੀ ਸਰਕਾਰੀ ਗੱਡੀ 'ਤੇ ਸਵਾਰ ਹੋ ਕੇ ਥਾਣਾ ਸਿਟੀ ਤੋਂ ਪਿੰਡ ਹੱਪੋਵਾਲ ਸਾਈਡ ਨੂੰ ਜਾ ਰਹੀ ਸਨ। ਉਨ੍ਹਾਂ ਦੱਸਿਆ ਜਦੋਂ ਉਨ੍ਹਾਂ ਦੀ ਪੁਲਸ ਪਾਰਟੀ ਸੂਆ ਨਹਿਰ ਪੁਲੀ



ਨਜ਼ਦੀਕ ਪੁੱਜੀ ਤਾਂ ਉਥੇ ਬਣੇ ਬੱਸ ਸਟੈਂਡ ਨੁਮਾ ਕਮਰੇ 'ਚ ਬੈਠੇ ਤਿੰਨ ਨੌਜਵਾਨ ਜੋ ਨਸ਼ੇ ਦਾ ਸੇਵਨ ਕਰ ਰਹੇ ਸਨ, ਮੌਕੇ 'ਤੇ ਪੁੱਜੀ ਪੁਲਸ ਪਾਰਟੀ ਨੂੰ ਵੇਖ ਘਬਰਾ ਗਏ ਅਤੇ ਏ. ਐੱਸ. ਆਈ. ਵੱਲੋਂ ਜਦੋ ਉਨ੍ਹਾਂ ਨੂੰ ਸ਼ੱਕ ਦੇ ਬਿਨਾਂਹ 'ਤੇ ਕਾਬੂ ਕਰਕੇ ਉਨ੍ਹਾਂ ਦੀ ਜਾਂਚ ਕੀਤੀ ਤਾਂ ਉਨ੍ਹਾਂ ਤੋਂ ਇਕ ਅਲੂਦ ਸਿਲਵਰ ਪੰਨੀ, ਇਕ ਲਾਈਟਰ, ਇਕ 10 ਰੁਪਏ ਦੇ ਨੋਟ ਦੀ ਬਣਾਈ ਪਾਈਪ, ਖਾਲੀ ਪਾਣੀ ਵਾਲੀ ਬੋਤਲ ਬਰਾਮਦ ਹੋਈ। ਉਨ੍ਹਾਂ ਦੱਸਿਆ ਸ਼ੁਰੂਆਤੀ ਜਾਂਚ ਦੌਰਾਨ ਉਕਤ ਤਿੰਨਾਂ ਦੀ ਪਛਾਣ ਅਮਨਦੀਪ ਸਿੰਘ ਉਰਫ਼ ਅੰਬਾ ਪੁੱਤਰ ਭਜਨ ਧਾਲੀਵਾਲ ਨਿਵਾਸੀ ਕਜਲਾ, ਲਵ ਬੱਸੀ ਉਰਫ ਲਵ ਪੁੱਤਰ ਅਸ਼ੋਕ ਕੁਮਾਰ ਨਿਵਾਸੀ ਪੱਦੀ ਮੱਟ ਵਾਲੀ, ਅਤੇ ਕੁਛ ਬੱਸੀ ਪੁੱਤਰ ਬਲਵੀਰ ਕੁਮਾਰ ਨਿਵਾਸੀ ਪੱਦੀ ਮੱਟ ਵਾਲੀ ਵੱਜੋ ਹੋਈ ਜਿਨ੍ਹਾਂ ਨੂੰ ਕਾਬੂ ਕਰ ਕੇ ਥਾਣੇ ਲਿਆਂਦਾ ਗਿਆ ਅਤੇ ਉਕਤ ਤਿੰਨਾਂ 'ਤੇ ਐੱਨ. ਡੀ. ਪੀ. ਐੱਸ. ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਜਿਨ੍ਹਾਂ ਨੂੰ ਅੱਜ ਡਾਕਟਰੀ ਜਾਂਚ ਉਪਰੰਤ ਮਾਣਯੋਗ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ।

## ਪੰਜਾਬ 'ਚ ਭਾਰੀ ਮੀਂਹ, ਸਰਹੱਦੀ ਖੇਤਰ 'ਚ ਭਰਿਆ ਗੋਡੇ-ਗੋਡੇ ਪਾਣੀ

ਦੀਨਾਨਗਰ 29 ਜੂਨ। ਜਿੱਥੇ ਪਿਛਲੇ ਕੁਝ ਦਿਨਾਂ ਤੋਂ ਲਗਾਤਾਰ ਪੈ ਰਹੀ ਅੱਤ ਦੀ ਗਰਮੀ ਕਾਰਨ ਲੋਕਾਂ ਦਾ ਜਿਊਣਾ ਮੁਹਾਲ ਹੋਇਆ ਸੀ, ਉੱਥੇ ਹੀ ਕਿਸਾਨ ਵਰਗ ਨੂੰ ਆਪਣੇ ਝੋਨੇ ਦੀ ਫਸਲ ਲਗਾਉਣ ਅਤੇ ਲੱਗੀ ਹੋਈ ਨੂੰ ਪਾਣੀ ਸਹੀ ਰੂਪ ਵਿਚ ਨਾ ਮਿਲਣ ਕਾਰਨ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਦੂਜੇ ਪਾਸੇ ਹੁਣ ਮੌਸਮ ਵਿਭਾਗ ਵੱਲੋਂ ਅਲਰਟ ਕੀਤਾ ਜਾ ਰਿਹਾ ਹੈ ਕਿ ਬਾਰਿਸ਼ ਅਤੇ ਤੇਜ਼ ਤੂਫਾਨ ਹੋਣ ਦਾ ਖਦਸ਼ਾ ਹੈ। ਉਥੇ ਹੀ ਸਰਹੱਦੀ ਖੇਤਰ ਅੰਦਰ ਕਰੀਬ ਇਕ ਘੰਟਾ ਹੋਈ ਲਗਾਤਾਰ ਬਾਰਿਸ਼ ਨੇ ਪੂਰੇ ਇਲਾਕੇ ਅੰਦਰ ਜਲ ਥਲ ਕਰ ਦਿੱਤਾ ਅਤੇ ਇਸ ਬਾਰਿਸ਼ ਕਾਰਨ ਗਲੀਆਂ ਵਿਚ ਗੋਡੇ ਗੋਡੇ ਪਾਣੀ ਭਰ ਗਿਆ। ਦੂਜੇ ਪਾਸੇ ਕਿਸਾਨ ਵਰਗ ਵਿਚ ਇਸ ਬਾਰਿਸ਼ ਕਾਰਨ ਕਾਫੀ ਖੁਸ਼ੀ ਦੀ ਲਹਿਰ ਵੇਖੀ ਜਾ ਰਹੀ ਹੈ ਕਿਉਂਕਿ ਕਈ ਕਿਸਾਨਾਂ ਦੇ ਲੱਗੇ ਹੋਏ ਝੋਨੇ ਦਾ ਪਾਣੀ ਪੂਰਾ ਨਹੀਂ ਹੋ ਰਿਹਾ ਸੀ ਅਤੇ ਕਈ ਕਿਸਾਨ ਝੋਨਾ ਲਗਾਉਣ ਲਈ ਪਾਣੀ ਦੀ ਘਾਟ ਮਹਿਸੂਸ ਕਰ ਰਹੇ ਸਨ, ਜੋ ਇਸ ਮੀਂਹ ਨੇ ਪੂਰੀ ਕਰ ਦਿੱਤੀ ਹੈ। ਕਿਸਾਨਾਂ ਨੂੰ ਝੋਨਾ ਲਾਉਣ ਵਿਚ ਵੀ ਇਹ ਬਾਰਿਸ਼ ਕਾਫੀ ਲਾਭਕਾਰੀ ਸਿੱਧ ਹੋ ਰਹੀ ਹੈ ਕਿਉਕਿ ਇਸ ਬਾਰਸ਼ ਕਾਰਨ ਕਿਸਾਨ ਵਰਗ ਨੂੰ ਮਹਿੰਗੇ ਭਾਅ ਦਾ ਡੀਜ਼ਲ ਫੂਕ ਕੇ ਝੋਨੇ ਨੂੰ ਪਾਣੀ ਦਿੱਤਾ ਜਾ ਰਿਹਾ ਸੀ ਜਿਸ ਕਾਰਨ ਇਸ ਬਾਰਿਸ਼ ਤੋਂ ਬਾਅਦ ਕਾਫੀ ਹੱਦ ਤੱਕ ਕਿਸਾਨਾਂ ਨੂੰ ਰਹਿਤ ਮਹਿਸੂਸ ਹੋ ਰਹੀ ਹੈ।

## ਨਾਭਾ ਪੁਲਸ ਵਲੋਂ ਚਾਈਨਾ ਮੇਡ 32 ਬੋਰ ਪਿਸਤੌਲ ਸਮੇਤ 4 ਗ੍ਰਿਫਤਾਰ

ਨਾਭਾ 29 ਜੂਨ। ਨਾਭਾ ਪੁਲਸ ਨੂੰ ਅੱਜ ਉਸ ਸਮੇਂ ਵੱਡੀ ਸਫਲਤਾ ਮਿਲੀ ਜਦੋਂ ਥਾਣਾ ਕੋਤਵਾਲੀ ਪੁਲਸ ਵਲੋਂ 4 ਨੌਜਵਾਨਾਂ ਨੂੰ ਚਾਇਨਾ ਮੇਡ ਪਿਸਤੌਲ, 900 ਨਸ਼ੀਲੀਆਂ ਗੋਲੀਆਂ , ਤੇਜ਼ਧਾਰ ਹਥਿਆਰਾਂ ਸਣੇ ਕਾਬੂ ਕਰ ਲਿਆ ਗਿਆ । ਡੀ ਐਸ ਪੀ ਨਾਭਾ ਮਨਦੀਪ ਕੌਰ ਨੇ ਥਾਣਾ ਕੋਤਵਾਲੀ ਇੰਚਾਰਜ ਸਰਬਜੀਤ ਸਿੰਘ ਚੀਮਾ ਦੀ ਮੌਜੂਦਗੀ ਦੌਰਾਨ ਖੁਲਾਸਾ ਕੀਤਾ ਕਿ ਫੜੇ ਗਏ ਚਾਰਾਂ ਨੌਜਵਾਨਾਂ ਉੱਪਰ ਪਹਿਲਾਂ ਵੀ ਸੰਗਰੂਰ ਸਮੇਤ ਕੁੱਲ 12 ਮੁਕਦਮੇ ਦਰਜ ਹਨ ।ਉਨ੍ਹਾਂ ਕਿਹਾ ਕਿ 900 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੇ ਜਾਣ ਕਾਰਨ ਦੋਸ਼ੀਆਂ ਖਿਲਾਫ ਐਨ ਡੀ ਪੀ ਐਸ ਐਕਟ ਤਹਿਤ ਵੀ ਮਾਮਲਾ ਦਰਜ ਕੀਤਾ ਗਿਆ ਹੈ । ਡੀਐਸਪੀ ਨਾਭਾ ਮਨਦੀਪ ਕੌਰ ਨੇ ਦੱਸਿਆ ਕਿ ਇੱਕ ਗੁਪਤ ਸੂਚਨਾ ਦੇ ਆਧਾਰ 'ਤੇ ਮੁਲਜ਼ਮਾਂ ਨੂੰ ਬੱਸ ਸਟੈਂਡ ਤੋਂ ਕਾਬੂ ਕੀਤਾ ਗਿਆ ਹੈ । ਉਨ੍ਹਾਂ ਕਿਹਾ ਕਿ ਮੁਲਜ਼ਮ ਕਿਸੇ ਵੱਡੀ ਘਟਨਾ ਨੂੰ ਅੰਜਾਮ ਦੇਣ ਦੀ ਤਿਆਰੀ ਕਰ ਰਹੇ ਸਨ । ਇਸ ਤੋਂ ਇਲਾਵਾ ਮੁਲਜ਼ਮਾਂ ਵਲੋਂ ਕਈ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਹੈ । ਡੀਐਸਪੀ ਨਾਭਾ ਮਨਦੀਪ ਕੌਰ ਨੇ ਦੱਸਿਆ ਕਿ ਮੁਲਜ਼ਮਾਂ ਨੂੰ ਮਾਨਯੋਗ ਅਦਾਲਤ ਵਿੱਚ ਪੇਸ਼ ਕਰਕੇ ਉਨ੍ਹਾਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ । ਉਨ੍ਹਾਂ ਕਿਹਾ ਕਿ ਪੁੱਛਗਿੱਛ ਦੌਰਾਨ ਹੋਰ ਵੀ ਕਈ ਵੱਡੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

## ਵਿਰੋਧ ਕਾਰਨ ਪ੍ਰੇਮੀ ਜੋੜੇ ਨੇ ਕਰ ਲਈ ਸੀ ਖੁਦਕੁਸੀ, ਹੁਣ ਮਾਪਿਆਂ ਨੇ ਦੋਵਾਂ ਦੇ ਪੁਤਲੇ ਬਣਵਾ ਕੇ ਕਰਵਾਇਆ ਵਿਆਹ

ਨੈਸ਼ਨਲ ਡੈਸਕ 29 ਜੂਨ। ਗੁਜਰਾਤ ਦੇ ਤਾਪੀ ਜ਼?ਲ੍ਹੇ ਵਿੱਚ ਇਕ ਅਜੀਬ ਮਾਮਲਾ ਸਾਹਮਣੇ ਆਇਆ ਹੈ। ਇੱਥੋਂ ਦੇ ਨੇਵਾਲਾ ਪਿੰਡ ਵਿੱਚ ਇਕ ਪ੍ਰੇਮੀ ਜੋੜੇ ਦਾ ਰਿਸਤਾ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਮਨਜੂਰ ਨਹੀਂ ਸੀ, ਜਿਸ ਕਾਰਨ ਉਨ੍ਹਾਂ ਨੇ ਇਨ੍ਹਾਂ ਦਾ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ 6 ਮਹੀਨੇ ਪਹਿਲਾਂ ਪ੍ਰੇਮੀ-ਪ੍ਰੇਮਿਕਾ ਨੇ ਇਕ ਦੂਜੇ ਨੂੰ ਗਲੇ ਲਗਾ ਕੇ ਖੁਦਕੁਸੀ ਕਰ ਲਈ ਸੀ। ਇਸ ਤੋਂ ਬਾਅਦ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਖੁਦਕੁਸੀ ਕਰਨ ਵਾਲੇ ਲੜਕੇ-ਲੜਕੀ ਦੇ



ਪੁਤਲੇ ਬਣਵਾਏ ਤੇ ਉਨ੍ਹਾਂ ਦੇ ਸੱਤ ਫੇਰੇ ਕਰਵਾਏ। ਦਰਅਸਲ, ਗਣੇਸ ਨਾਂ ਦਾ ਲੜਕਾ ਆਪਣੀ ਪ੍ਰੇਮਿਕਾ ਰੰਜਨਾ ਨਾਲ ਵਿਆਹ ਕਰਨਾ ਚਾਹੁੰਦਾ ਸੀ। ਗਣੇਸ ਅਗਸਤ 2022 ਵਿੱਚ ਰੰਜਨਾ ਨੂੰ ਲੈ ਕੇ ਆਪਣੇ ਘਰ ਪਹੁੰਚਿਆ ਸੀ ਪਰ ਉਸ ਦੇ ਪਰਿਵਾਰ ਨੇ ਰਿਸਤੇ ਤੋਂ ਇਨਕਾਰ ਕਰ ਦਿੱਤਾ ਸੀ। ਇਸ ਤੋਂ ਬਾਅਦ ਦੋਵੇਂ ਘਰੋਂ ਚਲੇ ਗਏ ਅਤੇ ਕੁਝ ਘੰਟਿਆਂ ਬਾਅਦ ਉਨ੍ਹਾਂ ਦੀਆਂ ਲਾਸਾਂ ਇਕ ਦਰੱਖਤ 'ਤੇ ਇਕ ਰੱਸੀ ਨਾਲ ਲਟਕਦੀਆਂ ਮਿਲੀਆਂ ਸਨ। ਰਮੇਸਭਾਈ ਪਡਵੀ ਨੇ ਦੱਸਿਆ ਕਿ ਪਰਿਵਾਰ ਵਾਲਿਆਂ ਨੂੰ ਲੱਗਾ ਕਿ ਦੋਵੇਂ ਇਕ ਦੂਜੇ ਨੂੰ ਬਹੁਤ ਪਿਆਰ ਕਰਦੇ ਸਨ। ਜੋ ਕੰਮ ਉਨ੍ਹਾਂ ਦੋਵਾਂ ਲਈ ਪਹਿਲਾਂ ਨਹੀਂ ਕਰ ਪਾਏ, ਉਹ ਹੁਣ ਇਸ ਤਰੀਕੇ ਨਾਲ ਕਰ ਸਕਦੇ ਹਨ। ਇਸੇ ਕਾਰਨ ਉਨ੍ਹਾਂ ਦੀ ਮੌਤ ਤੋਂ ਬਾਅਦ ਦੋਹਾਂ ਦੇ ਪੁਤਲਿਆਂ ਦਾ ਵਿਆਹ ਕਰਵਾਇਆ ਗਿਆ। ਸਾਨੂੰ ਵਿਸ਼ਵਾਸ ਹੈ ਕਿ ਇਸ ਨਾਲ ਉਨ੍ਹਾਂ ਦੀ ਆਤਮਾ ਨੂੰ ਸਾਂਤੀ ਮਿਲੇਗੀ। ਇਸ ਕਾਰਨ ਦੋਵਾਂ ਦੇ ਪਰਿਵਾਰਕ ਮੈਂਬਰਾਂ ਨੇ ਲੜਕੇ-ਲੜਕੀ ਦੇ ਪੁਤਲੇ ਤਿਆਰ ਕਰਵਾਏ ਅਤੇ ਵਿਆਹ ਤੈਅ ਕਰਨ ਤੋਂ ਬਾਅਦ ਵਿਆਹ ਦੀਆਂ ਸਾਰੀਆਂ ਰਸਮਾਂ ਪੂਰੀਆਂ ਕੀਤੀਆਂ ਗਈਆਂ। ਇਹ ਵਿਆਹ ਆਦਿਵਾਸੀ ਪ੍ਰੰਪਰਾ ਅਨੁਸਾਰ ਕੀਤਾ ਗਿਆ। ਇਹ ਰਸਮ ਬੱਚਿਆਂ ਦੀ ਆਤਮਾ ਦੀ ਸਾਂਤੀ ਲਈ ਕੀਤੀ ਗਈ।

## ਕੱਵਾਲੀਆਂ ਦੇ ਪ੍ਰੋਗਰਾਮ 'ਚ ਪਿਆ ਚੀਕ-ਚਿਹਾੜਾ, ਜਵਾਨ ਮੁੰਡੇ ਦਾ ਤੇਜਧਾਰ ਹਥਿਆਰਾਂ ਨਾਲ ਕਤਲ

ਚੰਡੀਗੜ੍ਹ 29 ਜੂਨ। ਚੰਡੀਗੜ੍ਹ ਦੇ ਸੈਕਟਰ-38 'ਚ ਚੱਲ ਰਹੇ ਕੱਵਾਲੀਆਂ ਦੇ ਪ੍ਰੋਗਰਾਮ ਦੌਰਾਨ ਉਸ ਵੇਲੇ ਚੀਕ-ਚਿਹਾੜਾ ਪੈ ਗਿਆ, ਜਦੋਂ ਕੁੱਝ ਬਦਮਾਸ਼ਾਂ ਨੇ ਤੇਜਧਾਰ ਹਥਿਆਰਾਂ ਨਾਲ ਇਕ ਜਵਾਨ ਮੁੰਡੇ ਨੂੰ ਲਹੂ-ਲੁਹਾਨ ਕਰ ਦਿੱਤਾ। ਜਖਮੀ ਮੁੰਡੇ ਨੂੰ ਤੁਰੰਤ ਪੀ. ਜੀ. ਆਈ. ਦੇ ਟਰੌਮਾ ਵਾਰਡ 'ਚ ਦਾਖਲ ਕਰਵਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦਿੱਤਾ। ਮ੍ਰਿਤਕ ਦੀ ਪਛਾਣ 23 ਸਾਲਾ ਸਾਹਿਲ ਦੇ ਤੌਰ 'ਤੇ ਕੀਤੀ ਗਈ ਹੈ, ਜੋ ਕਿ ਸੈਕਟਰ-38 'ਚ ਪ੍ਰਾਈਵੇਟ ਨੌਕਰੀ ਕਰਦਾ ਸੀ। ਫਿਲਹਾਲ ਪੁਲਸ ਨੇ ਕਤਲ ਦਾ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਮ੍ਰਿਤਕ ਸਾਹਿਲ ਦੇ ਚਾਚਾ ਬਿੰਨੀ ਨੇ ਦੱਸਿਆ ਕਿ ਉਹ ਘਰ ਸੀ ਅਤੇ ਇੱਕ ਬੱਚੇ ਨੇ ਉਸ ਨੂੰ ਦੱਸਿਆ ਕਿ ਸਾਹਿਲ ਨੂੰ ਕਿਸੇ ਨੇ ਚਾਕੂ ਮਾਰ ਦਿੱਤਾ ਹੈ। ਜਦੋਂ ਉਹ ਮੌਕੇ 'ਤੇ ਪਹੁੰਚਿਆ ਤਾਂ ਸਾਹਿਲ ਲਹੂ-ਲੁਹਾਨ ਹਾਲਤ 'ਚ ਡਿੱਗਿਆ ਪਿਆ ਸੀ, ਜਿਸ ਨੂੰ ਉਹ ਤੁਰੰਤ ਪੀ. ਜੀ. ਆਈ. ਲੈ ਕੇ ਗਿਆ

# ਨੈਸ਼ਨਲ ਹਾਈਵੇ 'ਤੇ ਠੇਕੇ ਨੂੰ ਚੋਰਾਂ ਨੇ ਲਾਈ ਸੰਨ੍ਹ, 45 ਪੇਟੀਆਂ ਸ਼ਰਾਬ ਤੇ ਬੀਅਰ ਲੈ ਕੇ ਫਰਾਰ

**ਕੌਮੀ ਪਤ੍ਰਿਕਾ**

ਹਰੀਕੇ ਪੱਤਣ 29 ਜੂਨ। ਕੌਮੀ ਮਾਰਗ 54 ਦੇ ਕੰਢੇ ਬਣੇ ਸ਼ਰਾਬ ਦੇ ਠੇਕੇ ਨੂੰ ਲੰਘੀ ਰਾਤ ਅਣਪਛਾਤਿਆਂ ਨੇ ਸੰਨ੍ਹ ਲਾ ਕੇ 45 ਪੇਟੀਆਂ ਸ਼ਰਾਬ ਚੋਰੀ ਕਰ ਲਈ ਜਿਸ ਦੀ ਕੀਮਤ ਕਰੀਬ 3 ਲੱਖ ਰੁਪਏ ਤੋਂ ਵੱਧ ਦੱਸੀ ਜਾ ਰਹੀ ਹੈ । ਸਾਰਾ ਮਾਮਲਾ ਧੁੰਦਲੇ ਅਕਸ ਨਾਲ ਸੀ.ਸੀ.ਟੀ.ਵੀ. ਵਿੱਚ ਦਿਖਾਈ ਦੇ ਰਿਹਾ ਹੈ ਜਿਸ ਮੁਤਾਬਿਕ 3 ਤੋਂ 4 ਵਿਅਕਤੀ ਬਲੈਰੋ ਜੀਪ ਵਿਚ ਸ਼ਰਾਬ ਲੱਦ ਕੇ ਵਾਪਸ ਹਰੀਕੇ ਵੱਲ ਜਾਂਦੇ ਦਿਖਾਈ ਦਿੰਦੇ ਹਨ । ਥਾਣਾ ਚੋਹਲਾ ਸਾਹਿਬ ਦੀ ਪੁਲਸ ਨੇ ਕਾਨੂੰਨੀ ਕਾਰਵਾਈ ਆਰੰਭ ਕਰ ਕੇ ਮੁਲਜਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਠੇਕੇ ਦੇ ਇੰਚਾਰਜ ਬਲਜੀਤ ਸਿੰਘ ਬਿੱਟੂ, ਲਵਲੀ ਕੁਮਾਰ ਅਤੇ ਸੇਲਮੈਨ ਮੋਹਿਤ ਕੁਮਾਰ ਨੇ ਦੱਸਿਆ ਕਿ ਹਰ ਰੋਜ਼ ਦੀ ਤਰ੍ਹਾਂ ਰਾਤ 10:30 ਵਜੇ ਠੇਕਾ ਬੰਦ ਕਰਕੇ ਘਰ ਨੂੰ ਚਲੇ ਗਏ ਅਤੇ ਸਵੇਰੇ 8 ਵਜੇ ਦੇ ਕਰੀਬ ਆ ਕੇ ਦੇਖਿਆ ਤਾਂ ਸ਼ਟਰ ਤੋੜ ਕੇ ਅਣਪਛਾਤੇ ਸ਼ਰਾਬ ਗਾਇਬ ਕਰ ਚੁੱਕੇ ਸਨ । ਉਨ੍ਹਾਂ ਕਿਹਾ ਕਿ ਲੇਖਾ ਮਿਲਾਉਣ ਮਗਰੋਂ ਪਤਾ ਲੱਗਾ ਕਿ ਚੋਰ ਅੰਗਰੇਜ਼ੀ ਦੇਸੀ ਸ਼ਰਾਬ ਤੇ ਬੀਅਰ ਸਮੇਤ 45 ਪੇਟੀਆਂ ਜਿਸ ਦੀ ਕੀਮਤ 3 ਲੱਖ 40 ਹਜ਼ਾਰ ਦੇ ਕਰੀਬ ਬਣਦੀ ਹੈ, ਚੋਰੀ ਕਰ ਕੇ ਲੈ ਗਏ । ਉਨ੍ਹਾਂ




ਦੱਸਿਆ ਕਿ ਚੋਰ ਜਾਣ ਸਮੇਂ ਨਕਦੀ, ਮੋਬਾਈਲ ਚਾਰਜਰ, ਸਪੀਕਰ ਅਤੇ ਤਾਰਾਂ ਵੀ ਨਾਲ ਲੈ ਗਏ। ਮੌਕੇ 'ਤੇ ਪਹੁੰਚੇ ਸਹਾਇਕ ਥਾਣੇਦਾਰ ਹਰਦੀਪ ਸਿੰਘ ਨੇ ਕਾਨੂੰਨੀ ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਪੂਰੇ ਘਟਨਾ ਸਥਾਨ ਦਾ ਜਾਇਜ਼ਾ ਲਿਆ। ਇਸ ਸਬੰਧੀ ਥਾਣਾ ਮੁਖੀ ਰਾਜਕੁਮਾਰ ਨੇ ਫੋਨ ਸੁਣਨਾ ਮੁਨਾਸਿਬ ਨਹੀਂ ਸਮਝਿਆ ਪਰ ਡੀ.ਐੱਸ.ਪੀ. ਸ੍ਰੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨਾਲ ਰਾਬਤਾ ਕਰਨ ਤੇ ਉਨ੍ਹਾਂ ਕਿਹਾ ਕਿ ਮੈਨੂੰ ਇਸ ਚੋਰੀ ਸਬੰਧੀ ਜਾਣਕਾਰੀ ਨਹੀਂ, ਉਹ ਥਾਣਾ ਮੁਖੀ ਨਾਲ ਗੱਲ ਕਰਨ ਤੋਂ ਬਾਅਦ ਆਪਣਾ ਪੱਖ ਦੱਸਣਗੇ। ਉਧਰ ਕਾਨੂੰਨੀ ਸੂਝ ਬੂਝ ਰੱਖਣ ਵਾਲੇ ਲੋਕਾਂ ਅਨੁਸਾਰ ਇਹ ਠੇਕਾ ਨੈਸ਼ਨਲ ਹਾਈਵੇ 'ਤੇ ਹੋਣ ਕਰਕੇ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਰਿਹਾ ਹੈ ਜਿਸ ਸਬੰਧੀ ਪਤਾ ਕਰਨ ਲਈ ਈਟੀਓ ਇੰਦਰਜੀਤ ਸਿੰਘ ਸਹਜੜਾ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਠੇਕੇ ਤੋਂ ਚੋਰੀ ਹੋਣ ਦੇ ਮਾਮਲੇ ਤੋਂ ਅਨਜਾਨਤਾ ਪ੍ਰਗਟ ਕੀਤੀ।

## ਵਿਆਹ ਤੋਂ ਅਗਲੇ ਦਿਨ ਹੀ ਪੇਕੇ ਮੁੜ ਆਈ ਲਾੜੀ! ਪਰਿਵਾਰ ਨੇ ਕਾਲਾ ਕੀਤਾ ਵਿਚੋਲਣ ਦਾ ਮੂੰਹ

ਤਰਨਤਾਰਨ 29 ਜੂਨ। ਤਰਨਤਾਰਨ ਦੇ ਪਿੰਡ ਢੋਟੀਆਂ ਵਿਚ ਇਕ ਪਰਿਵਾਰ ਨੇ ਧੀ ਦਾ ਵਿਆਹ ਕਰਵਾਉਣ ਵਾਲੀ ਵਿਚੋਲਣ ਦੁਰਵਿਵਹਾਰ ਕੀਤਾ ਅਤੇ ਉਸ ਦਾ ਮੂੰਹ ਕਾਲਾ ਕਰ ਦਿੱਤਾ। ਉਕਤ ਔਰਤ ਅਨੁਸੂਚਿਤ ਜਾਤੀ ਨਾਲ ਸਬੰਧਤ ਸੀ। ਦਰਅਸਲ, ਉਸ ਨੇ ਪਿੰਡ ਦੀ ਇਕ ਕੁੜੀ ਦਾ ਰਿਸ਼ਤਾ ਪਿੰਡ ਮਾੜੀਮੇਘਾ ਦੇ ਮੁੰਡੇ ਨਾਲ ਕਰਵਾਇਆ ਸੀ, ਪਰ ਵਿਆਹ ਤੋਂ ਬਾਅਦ ਪਤਾ ਲੱਗਿਆ ਕਿ ਮੁੰਡਾ ਪਹਿਲਾਂ ਤੋਂ ਹੀ ਵਿਆਹਿਆ ਹੋਇਆ ਸੀ। ਇਸ ਤੋਂ ਭੜਕੇ ਕੁੜੀ ਦੇ ਪਰਿਵਾਰ ਨੇ ਔਰਤ ਦਾ ਮੂੰਹ ਕਾਲਾ ਕਰ ਦਿੱਤਾ। ਇਹ ਘਟਨਾ 20 ਜੂਨ ਦੀ ਹੈ। ਪੀੜਤ ਔਰਤ ਨੇ 21 ਜੂਨ ਨੂੰ ਪੁਲਸ ਨੂੰ ਲਿਖਤੀ ਸ਼ਿਕਾਇਤ ਦਿੱਤੀ, ਪਰ ਇਸ ਘਟਨਾ ਦੀ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਹੈ। ਇਸ 'ਤੇ ਐੱਸ.ਐੱਸ.ਪੀ. ਦੀਪਕ ਪਾਰਿਕ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ। ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਪਿੰਡ ਨਾਲ ਸਬੰਧਤ ਇਕ ਪਰਿਵਾਰ ਨੇ ਆਪਣੀ ਰਿਸ਼ਤੇਦਾਰ ਕੁੜੀ ਦੇ ਵਿਆਹ ਲਈ ਇਕ ਨੌਜਵਾਨ ਬਾਰੇ ਜਾਣਕਾਰੀ ਮੰਗੀ ਸੀ। ਔਰਤ ਨੇ ਪਰਿਵਾਰ ਨੂੰ ਹਲਕਾ ਖੇਮਕਰਨ ਦੇ ਪਿੰਡ ਮਦੀਮੇਘਾ ਦੇ ਰਹਿਣ ਵਾਲੇ ਇਕ ਨੌਜਵਾਨ ਬਾਰੇ ਦੱਸਿਆ। ਕੁੜੀ ਅਤੇ ਮੁੰਡੇ ਦੇ ਪਰਿਵਾਰਕ ਮੈਂਬਰਾਂ ਨੂੰ ਆਹਮੋ-ਸਾਹਮਣੇ ਬਿਠਾਇਆ ਗਿਆ। ਇਸ ਤੋਂ ਬਾਅਦ, ਦੋਵਾਂ ਪਰਿਵਾਰਾਂ ਦੀ ਸਹਿਮਤੀ ਨਾਲ ਵਿਆਹ ਹੋਇਆ। ਵਿਆਹ ਦੇ ਅਗਲੇ ਦਿਨ ਕੁੜੀ ਆਪਣੇ ਪੇਕੇ ਘਰ ਵਾਪਸ ਆ ਗਈ। ਉਸ ਨੇ ਰਿਸ਼ਤੇਦਾਰਾਂ ਨੂੰ ਦੱਸਿਆ ਕਿ ਨੌਜਵਾਨ ਪਹਿਲਾਂ ਹੀ ਵਿਆਹਿਆ ਹੋਇਆ ਹੈ। ਪੀੜਤਾ ਨੇ ਦੋਸ਼ ਲਗਾਇਆ ਕਿ ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਉਸ ਨੂੰ ਘਰ ਦੇ ਬਾਹਰ ਬੁਲਾਇਆ ਅਤੇ ਉਸ ਦੇ ਚਿਹਰੇ 'ਤੇ ਕਾਲਖ਼ ਮਲ?

# ਜ਼ਿਮਨੀ ਚੋਣ ਨਤੀਜਿਆਂ ਦੀ ਸਖ਼ਤ ਸੁਰੱਖਿਆ ਦੇ ਬਾਵਜੂਦ ਲੁਧਿਆਣਾ ਵਿਚ ਹੋ ਗਿਆ ਵੱਡਾ ਕਾਂਡ

**ਕੌਮੀ ਪਤ੍ਰਿਕਾ**

ਹਲਵਾਰਾ 29 ਜੂਨ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦੀ ਗਿਣਤੀ ਦੇ ਮੱਦੇਨਜ਼ਰ ਪੂਰੇ ਜ਼ਿਲ੍ਹੇ ਵਿਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਇਸ ਦੇ ਬਾਵਜੂਦ ਕਾਰ ਲੁੱਟਣ ਦੀ ਵੱਡੀ ਵਾਰਦਾਤ ਸਾਹਮਣੇ ਆਈ ਹੈ। ਟੈਕਸੀ ਦਾ ਚਾਲਕ ਲਾਪਤਾ ਹੈ। ਗ੍ਰੈਂਡ ਵਾਕ ਮਾਲ ਲੁਧਿਆਣਾ ਤੋਂ ਐਤਵਾਰ ਰਾਤ ਪੌਣੇ ਤਿੰਨ ਵਜੇ ਦੇ ਕਰੀਬ ਭਾੜੇ 'ਤੇ ਟੈਕਸੀ ਲੈ ਕੇ ਮੁੱਲਾਂਪੁਰ ਵੱਲ ਨਿਕਲੇ ਦੋ ਨੌਜਵਾਨਾਂ ਨੇ ਵੱਡੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਜ਼ਿਲ੍ਹਾ ਲੁਧਿਆਣਾ ਦਿਹਾਤੀ ਪੁਲਸ ਨੇ ਖ਼ੂਨ ਨਾਲ ਲੱਥਪੱਥ ਸਵਿਫਟ ਡਿਜ਼ਾਇਰ ਕਾਰ ਮੋਹੀ ਪਿੰਡ ਦੇ ਸਰਕਾਰੀ ਹਸਪਤਾਲ ਨਾਲ ਲੱਗਦੇ ਖਾਲੀ ਪਲਾਟ ਤੋਂ ਬਰਾਮਦ ਕੀਤੀ ਹੈ। ਟੈਕਸੀ ਦਾ ਮਾਲਕ ਅਤੇ ਡਰਾਈਵਰ ਗੁਰਮੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਬਾੜੇਵਾਲ ਲੁਧਿਆਣਾ ਲਾਪਤਾ ਹੈ। ਕਾਰ ਦੀਆਂ ਸੀਟਾਂ ਅਤੇ ਹੋਰ ਥਾਵਾਂ 'ਤੇ ਖ਼ੂਨ ਖਿੱਲਰਿਆ ਪਿਆ ਹੈ, ਜਿਸ ਤੋਂ ਸ਼ੱਕ ਜਤਾਇਆ ਜਾ ਰਿਹਾ ਹੈ ਕਿ ਭਾੜੇ 'ਤੇ ਕਾਰ ਲੈਣ ਵਾਲੇ ਦੋਵੇਂ ਨੌਜਵਾਨਾਂ ਨੇ ਹਮਲਾ ਕਰਕੇ ਗੁਰਮੀਤ ਸਿੰਘ ਨੂੰ ਕਿਤੇ ਸੁੱਟ



ਦਿੱਤਾ ਅਤੇ ਕਾਰ ਲੁੱਟ ਕੇ ਫ਼ਰਾਰ ਹੋ ਗਏ। ਮੌਕੇ 'ਤੇ ਫੋਰੈਂਸਿਕ ਅਤੇ ਹੋਰ ਮਾਹਿਰ ਟੀਮਾਂ ਜਾਂਚ 'ਚ ਜੁਟੀਆਂ ਹੋਈਆਂ ਹਨ ਅਤੇ ਡਰਾਈਵਰ ਗੁਰਮੀਤ ਸਿੰਘ ਦਾ ਕੁਝ ਪਤਾ ਨਹੀਂ ਚੱਲ ਸਕਿਆ ਹੈ। ਜਾਣਕਾਰੀ ਅਨੁਸਾਰ, ਰਾਤ ਪੌਣੇ ਤਿੰਨ ਵਜੇ ਦੋ ਮੋਨੇ ਨੌਜਵਾਨਾਂ ਨੇ ਗ੍ਰੈਂਡ ਵਾਕ ਮਾਲ ਤੋਂ ਗੁਰਮੀਤ ਸਿੰਘ ਦੀ ਟੈਕਸੀ ਲਈ ਅਤੇ ਮੁੱਲਾਂਪੁਰ ਵੱਲ ਨਿਕਲ ਗਏ। ਰਸਤੇ ਵਿਚ ਗੁਰਮੀਤ ਸਿੰਘ ਨੂੰ ਸ਼ੱਕ ਹੋਇਆ ਤਾਂ ਉਸਨੇ ਆਪਣੇ ਡਰਾਈਵਰ ਸਾਥੀਆਂ ਨੂੰ ਫੋਨ ਕਰਕੇ ਖ਼ਤਰੇ ਦੀ ਗੱਲ ਕਹੀ। ਇਸ ਤੋਂ ਬਾਅਦ ਕਈ ਟੈਕਸੀ ਡਰਾਈਵਰ ਮੁੱਲਾਂਪੁਰ ਵੱਲ ਗਏ। ਮੁੱਲਾਂਪੁਰ ਰਾਏਕੋਟ ਰਾਜ ਮਾਰਗ 'ਤੇ ਰਕਬਾ ਦੇ ਨੇੜੇ ਇਕ ਸਵਿਫਟ ਡਿਜ਼ਾਇਰ ਕਾਰ ਬਹੁਤ ਤੇਜ਼ ਰਫ਼ਤਾਰ ਨਾਲ ਜਾਂਦੀ ਦਿਖਾਈ ਦਿੱਤੀ। ਹਾਲਾਂਕਿ ਉਸ ਕਾਰ ਦੀ ਨੰਬਰ ਪਲੇਟ ਉਤਾਰ ਦਿੱਤੀ ਗਈ ਸੀ ਪਰ ਟੈਕਸੀ ਡਰਾਈਵਰਾਂ ਨੇ ਗੁਰਮੀਤ ਸਿੰਘ ਦੀ ਕਾਰ ਪਛਾਣ ਲਈ ਅਤੇ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਲੁਟੇਰੇ ਕਾਰ ਹਿੱਸੋਵਾਲ ਪਿੰਡ ਤੋਂ ਹੁੰਦੇ ਹੋਏ ਮੋਹੀ ਵੱਲ ਲੈ ਗਏ। ਲੁਟੇਰਿਆਂ ਨੂੰ ਪਤਾ ਚੱਲ ਚੁੱਕਾ ਸੀ ਕਿ ਕਈ ਗੱਡੀਆਂ ਉਨ੍ਹਾਂ ਦਾ ਪਿੱਛਾ ਕਰ ਰਹੀਆਂ ਹਨ। ਇਸ ਤੋਂ ਬਾਅਦ ਲੁਟੇਰਿਆਂ ਨੇ ਕਾਰ ਮੋਹੀ ਦੇ ਖਾਲੀ ਪਲਾਟ ਵਿਚ ਖੜ੍ਹੀ ਕੀਤੀ ਅਤੇ ਥੋੜ੍ਹੀ ਦੂਰ ਜਾ ਕੇ ਛਿਪ ਗਏ। ਲੁਧਿਆਣਾ ਤੋਂ ਪਿੱਛਾ ਕਰ ਰਹੇ ਗੁਰਮੀਤ ਸਿੰਘ ਦੇ ਡਰਾਈਵਰ ਦੋਸਤਾਂ ਨੇ ਮੋਹੀ ਪਿੰਡ ਦੇ ਆਪਣੇ ਦੋਸਤਾਂ ਨੂੰ ਸੰਪਰਕ ਕਰਕੇ ਉਨ੍ਹਾਂ ਨੂੰ ਵੀ ਬੁਲਾ ਲਿਆ। ਲੁਟੇਰੇ ਛਿਪੇ ਹੋਏ ਸਨ ਅਤੇ ਜਦੋਂ ਸਾਰੇ ਵਾਹਨ ਉੱਥੋਂ ਗੁਜ਼ਰ ਗਏ ਤਾਂ ਲੁਟੇਰੇ ਗੁਰਮੀਤ ਦੀ ਕਾਰ ਲੈਣ ਪਲਾਟ ਵੱਲ ਜਾਣ ਲੱਗੇ ਉਦੋਂ ਤੱਕ ਹੋਰ ਟੈਕਸੀ ਡਰਾਈਵਰ ਉੱਥੇ ਪਹੁੰਚ ਗਏ ਅਤੇ ਉਨ੍ਹਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਬਾਅਦ ਲੁਟੇਰੇ ਖੇਤਾਂ ਵੱਲ ਭੱਜ ਗਏ ਅਤੇ ਫਰਾਰ ਹੋ ਗਏ। ਮੌਕੇ 'ਤੇ, ਐੱਸਪੀ (ਡੀ) ਹਰਕਮਲ ਕੌਰ ਅਤੇ ਥਾਣਾ ਸੁਧਾਰ ਦੇ ਇੰਚਾਰਜ ਜਸਵਿੰਦਰ ਸਿੰਘ ਫੋਰੈਂਸਿਕ ਅਤੇ ਹੋਰ ਤਕਨੀਕੀ ਮਾਹਿਰ ਟੀਮਾਂ ਨਾਲ ਜਾਂਚ ਵਿਚ ਲੱਗੇ ਹੋਏ ਹਨ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਅੰਮ੍ਰਿਤਸਰ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਕਬੂਤਰਬਾਜ਼ੀ ਮੁਕਾਬਲਿਆਂ 'ਤੇ ਪਾਬੰਦੀ

ਅੰਮ੍ਰਿਤਸਰ 29 ਜੂਨ। ਜ਼ਿਲ੍ਹਾ ਮੈਜਿਸਟ?ਰੇਟ ਤੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਅੰਮ੍ਰਿਤਸਰ ਜ਼ਿਲ੍ਹੇ 'ਚ ਕਬੂਤਰਬਾਜ਼ੀ ਮੁਕਾਬਲਿਆਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਾ ਦਿੱਤੀ ਹੈ। ਇਹ ਹੁਕਮ 25 ਅਗਸਤ ਤੱਕ ਲਾਗੂ ਰਹੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਪੰਜਾਬ ਸਰਕਾਰ ਵੱਲੋਂ ਪ੍ਰਾਪਤ ਪੱਤਰ ਅਨੁਸਾਰ ਭਾਰਤੀ ਪਸ਼ੂ ਭਲਾਈ ਬੋਰਡ ਨੂੰ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਕਬੂਤਰਬਾਜ਼ੀ ਮੁਕਾਬਲਿਆਂ ਦੌਰਾਨ ਪੀ. ਸੀ. ਏ. ਐਕਟ 1960 ਦੀ ਧਾਰਾ 3 ਅਤੇ 11 ਦੀ ਉਲੰਘਣਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਮਾਣਯੋਗ ਸੁਪਰੀਮ ਕੋਰਟ ਵੱਲੋਂ ਇਹ ਵੀ ਸਪੱਸ਼ਟ ਕੀਤਾ ਗਿਆ ਹੈ ਕਿ ਅਜਿਹੇ ਮੁਕਾਬਲੇ ਅਪਰਾਧਿਕ ਗਤੀਵਿਧੀਆਂ 'ਚ ਸ਼ਾਮਲ ਹਨ, ਇਸ ਲਈ ਜ਼ਿਲੇ 'ਚ ਅਜਿਹੇ ਕਬੂਤਰਬਾਜ਼ੀ ਮੁਕਾਬਲਿਆਂ 'ਤੇ ਪਾਬੰਦੀ ਹੈ।\

### ਲੁਧਿਆਣੇ ਦੇ ਸਪਾ ਸੈਂਟਰ 'ਚ ਕੰਮ ਕਰਦੀ ਥਾਈਲੈਂਡ ਦੀ ਕੁੜੀ ਦੀ ਭੇਤਭਰੀ ਹਾਲਤ 'ਚ ਮੌਤ

ਲੁਧਿਆਣਾ 29 ਜੂਨ। ਸਪਾ ਸੈਂਟਰ 'ਚ ਕੰਮ ਕਰਨ ਵਾਲੀ ਇਕ ਔਰਤ ਦੀ ਸ਼ੱਕੀ ਹਾਲਾਤ 'ਚ ਮੌਤ ਹੋ ਗਈ। ਮਾਮਲਾ ਥਾਣਾ ਸ਼ਿਮਲਾਪੁਰੀ ਅਧੀਨ ਆਉਂਦੇ ਜਨਤਾ ਨਗਰ ਤੋਂ ਸਾਹਮਣੇ ਆਇਆ ਹੈ, ਜਿਥੇ ਹਿਨਾ (45) ਨਾਂ ਦੀ ਇਕ ਔਰਤ ਜੋ ਮੂਲ ਰੂਪ 'ਚ ਥਾਈਲੈਂਡ ਦੀ ਰਹਿਣ ਵਾਲੀ ਸੀ ਅਤੇ ਲਗਭਗ 8 ਮਹੀਨਿਆਂ ਤੋਂ ਲੁਧਿਆਣਾ 'ਚ ਰਹਿ ਰਹੀ ਸੀ, ਕਿਰਾਏ ਦੇ ਮਕਾਨ 'ਚ ਰਹਿੰਦੀ ਸੀ। ਇਸ ਦੌਰਾਨ ਹਿਨਾ ਵੱਖ-ਵੱਖ ਸਪਾ ਸੈਂਟਰਾਂ 'ਚ ਕੰਮ ਕਰਦੀ ਸੀ ਅਤੇ ਇਕੱਲੀ ਰਹਿੰਦੀ ਸੀ। ਕੱਲ ਉਸ ਨੂੰ ਬਿਮਾਰ ਹਾਲਤ 'ਚ ਇਲਾਜ ਲਈ ਸਿਵਲ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਸੀ। ਵੀਰਵਾਰ ਨੂੰ ਉਸ ਦੀ ਮੌਤ ਹੋ ਗਈ। ਪੁਲਸ ਨੇ ਲਾਸ਼ ਨੂੰ ਆਪਣੇ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ।

## ਵਿਆਹੁਤਾ ਕੁੜੀ ਦੀ ਭੇਦਭਰੇ ਤਰੀਕੇ ਨਾਲ ਮੌਤ, ਗਲੇ ਵਿਚ ਪਏ ਰੱਸੇ ਦੇ ਨਿਸ਼ਾਨ

**ਕੌਮੀ ਪਤ੍ਰਿਕਾ**

ਝਬਾਲ/ਸਰਾਏ ਅਮਾਨਤ ਖਾਂ 29 ਜੂਨ। ਪੁਲਸ ਥਾਣਾ ਸਰਾਏ ਅਮਾਨਤ ਖਾਂ ਅਧੀਨ ਆਉਂਦੇ ਪਿੰਡ ਹਵੇਲੀਆਂ ਵਿਖੇ ਇਕ ਤਿੰਨ ਸਾਲ ਪਹਿਲਾਂ ਵਿਆਹੀ ਕੁੜੀ ਦੀ ਭੇਦਭਰੇ ਤਰੀਕੇ ਨਾਲ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ, ਜਿਸ ਦੇ ਗਲੇ 'ਚ ਰੱਸੇ ਦੇ ਵੱਡੇ ਨਿਸ਼ਾਨ ਸਾਫ਼ ਦਿਖ ਰਹੇ ਹਨ। ਇਸ ਸਬੰਧੀ ਮ੍ਰਿਤਕ ਕੁੜੀ ਦੀ ਮਾਤਾ ਸੰਤੋ ਪਤਨੀ ਮੰਗਲ ਵਾਸੀ ਫਿਰੋਜ਼ਪੁਰ ਪਿੰਡ ਪੀਰਾਂ ਵਾਲਾ ਕੁਨਾਲ ਕਾਲੋਨੀ ਨੇ ਦੱਸਿਆ ਕਿ ਉਨ੍ਹਾਂ ਨੂੰ ਸਵੇਰੇ ਫੋਨ ਆਇਆ ਕਿ ਤੁਹਾਡੀ ਕੁੜੀ ਦੀ ਮੌਤ ਹੋ ਗਈ ਹੈ, ਜਦੋਂ ਅਸੀਂ ਪਹੁੰਚੇ ਤਾਂ ਵੇਖਿਆ ਕਿ ਸਾਡੀ ਕੁੜੀ ਸੰਜਨਾ ਜੋ ਵਿਹੜੇ 'ਚ ਮ੍ਰਿਤਕ ਪਈ ਸੀ ਦੇ ਗਲੇ ਵਿਚ ਰੱਸੇ ਦੇ ਨਿਸ਼ਾਨ ਸਾਫ ਦਿਸ ਰਹੇ ਸਨ। ਉਨ੍ਹਾਂ ਕਿਹਾ ਕਿ ਮ੍ਰਿਤਕ ਕੁੜੀ ਦੇ ਸਹੁਰੇ ਪਰਿਵਾਰ ਨੇ ਉਨ੍ਹਾਂ ਨੂੰ ਕਿਹਾ ਕਿ ਤੁਹਾਡੀ ਕੁੜੀ ਨੇ ਫਾਹਾ ਲੈ ਲਿਆ ਹੈ। ਜਦੋਂ ਕਿ ਕੁੜੀ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਸਾਡੀ ਕੁੜੀ ਨੇ ਆਪ ਫਾਹ ਨਹੀਂ ਲਿਆ, ਸਗੋਂ ਉਸਦੇ ਸਹੁਰੇ ਪਰਿਵਾਰ ਨੇ ਜ਼ਬਰਦਸਤੀ ਫਾਹ ਦੇ ਕੇ ਮਾਰਿਆ ਹੈ। ਉਨ੍ਹਾਂ ਦੱਸਿਆ ਕਿ ਸਾਡੀ ਕੁੜੀ ਸੰਜਨਾ ਦਾ ਲਗਭਗ ਤਿੰਨ ਸਾਲ ਪਹਿਲਾਂ ਪਿੰਡ ਹਵੇਲੀਆਂ



ਵਿਖੇ ਜੁਗਰਾਜ ਸਿੰਘ ਨਾਲ ਹੋਇਆ ਸੀ, ਜਿਸ ਦੇ ਅਜੇ ਤੱਕ ਕੋਈ ਵੀ ਬੱਚਾ ਪੈਦਾ ਨਹੀਂ ਹੋਇਆ, ਜਿਸ ਨੂੰ ਲੈ ਕੇ ਇਹਦੇ ਸਹੁਰਿਆਂ ਵੱਲੋਂ ਸਾਡੀ ਕੁੜੀ ਸੰਜਨਾ ਨੂੰ ਲਗਾਤਾਰ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਸੀ। ਇਸ ਸਬੰਧੀ ਕੁੜੀ ਦੇ ਪਰਿਵਾਰ ਵੱਲੋਂ ਥਾਣਾ ਸਰਾਏ ਅਮਾਨਤ ਖਾਂ ਦੀ ਪੁਲਸ ਨੂੰ ਸੂਚਿਤ ਕਰਨ 'ਤੇ ਥਾਣਾ ਸਰਾਏ ਅਮਾਨਤ ਖਾਂ ਤੋਂ ਪੁਲਸ ਮੌਕੇ 'ਤੇ ਪਹੁੰਚ ਗਈ ਅਤੇ ਉਨ੍ਹਾਂ ਨੇ ਕੁੜੀ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਥਾਣਾ ਮੁਖੀ ਅਮਰੀਕ ਸਿੰਘ ਨਾਲ ਜਦੋਂ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਮ੍ਰਿਤਕ ਕੁੜੀ ਦਾ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਅਤੇ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਹੀ ਅਸਲੀਅਤ ਦਾ ਪਤਾ ਚੱਲੇਗਾ। ਬਾਕੀ ਕੁੜੀ ਦੇ ਪਰਿਵਾਰ ਵਾਲੇ ਜੋ ਬਿਆਨ ਦੇਣਗੇ ਉਸ ਦੇ ਆਧਾਰ 'ਤੇ ਕਾਰਵਾਈ ਕੀਤੀ ਜਾਵੇਗੀ।

## ਟਮਾਟਰਾਂ ਨਾਲ ਭੌਰਿਆਂ ਟਰੱਕ ਹਾਈਵੇ 'ਤੇ ਪਲਟਿਆ, ਪੂਰੀ ਸੜਕ 'ਤੇ ਖਿੱਲਰੇ ਟਮਾਟਰ

ਭਵਾਨੀਗੜ੍ਹ 29 ਜੂਨ। ਸਥਾਨਕ ਸ਼ਹਿਰ ਤੋਂ ਸੰਗਰੂਰ ਨੂੰ ਜਾਂਦੇ ਨੈਸ਼ਨਲ ਹਾਈਵੇ 'ਤੇ ਪਿੰਡ ਰੌਸ਼ਨਵਾਲਾ ਵਿਖੇ ਨਵੇਂ ਬਣ ਰਹੇ ਦਿੱਲੀ-ਕੱਟੜਾ ਐਕਸਪ੍ਰੈੱਸ-ਵੇਅ ਦੇ ਓਵਰਬ੍ਰਿਜ ਨੇੜੇ ਦੇਰ ਰਾਤ ਇਕ ਟਮਾਟਰਾਂ ਦਾ ਭੌਰਿਆ ਟਰੱਕ ਪਲਟ ਗਿਆ। ਇਸ ਕਾਰਨ ਸਾਰੇ ਟਮਾਟਰ ਸੜਕ 'ਤੇ ਖਿੱਲਰ ਜਾਣ



ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋ ਗਿਆ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਇਸ ਹਾਦਸੇ 'ਚ ਵਾਲ-ਵਾਲ ਬਚੇ ਟਰੱਕ ਚਾਲਕ ਸੋਨੂੰ ਨੇ ਦੱਸਿਆ ਕਿ ਉਹ ਹਿਮਾਚਲ ਪ੍ਰਦੇਸ਼ ਤੋਂ ਆਪਣੇ ਟਰੱਕ 'ਚ ਟਮਾਟਰ ਭਰ ਕੇ ਗੁਜਰਾਤ ਨੂੰ ਜਾ ਰਿਹਾ ਸੀ। ਜਦੋਂ ਉਹ ਭਵਾਨੀਗੜ੍ਹ ਤੋਂ ਅੱਗੇ ਪਿੰਡ ਰੌਸ਼ਨਵਾਲਾ ਵਿਖੇ ਨਵੇਂ ਬਣ ਰਹੇ ਦਿੱਲੀ-ਕੱਟੜਾ-ਐਕਸਪ੍ਰੈਸ-ਵੇਅ ਦੇ ਓਵਰਬ੍ਰਿਜ ਨੇੜੇ ਪਹੁੰਚਿਆਂ ਤਾਂ ਅੱਗਿਓਂ ਗਲਤ ਸਾਈਡ ਤੋਂ ਅਚਾਨਕ ਉਸ ਦੇ ਟਰੱਕ ਅੱਗੇ ਇਕ ਹੋਰ ਵਾਹਨ ਆ ਗਿਆ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਦੇ ਸਮੇਂ ਉਸ ਦਾ ਟਰੱਕ ਸੜਕ 'ਚ ਪਏ ਖੱਡਿਆਂ ਕਾਰਨ ਬੇਕਾਬੂ ਹੋ ਕੇ ਪਲਟ ਗਿਆ। ਉਸ ਨੇ ਦੱਸਿਆ ਕਿ ਇਸ ਘਟਨਾ 'ਚ ਉਸ ਦਾ ਟਰੱਕ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ ਅਤੇ ਟਰੱਕ ਵਿਚਲੇ ਸਾਰੇ ਟਮਾਟਰਾਂ ਵਾਲੇ ਕਰੇਡ ਟੁੱਟ ਜਾਣ ਕਾਰਨ ਟਮਾਟਰ ਸੜਕ 'ਤੇ ਦੂਰ-ਦੂਰ ਤੱਕ ਖਿੱਲਰ ਗਏ। ਇਸ ਕਾਰਨ ਉਸ ਦਾ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ।

## ਮਕੌੜਾ ਪੱਤਣ ਰਾਵੀ ਦਰਿਆ ਤੋਂ ਪਲਟੂਨ ਪੁਲ ਚੁੱਕਿਆ

ਬਹਿਰਾਮਪੁਰ 29 ਜੂਨ। ਵਿਧਾਨ ਸਭਾ ਹਲਕਾ ਦੀਨਾਨਗਰ ਅਧੀਨ ਆਉਂਦੇ ਰਾਵੀ ਦਰਿਆ ਤੋਂ ਪਾਰਲੇ ਪਾਸੇ ਵੱਸੇ ਕਰੀਬ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਲਈ ਦਰਿਆ 'ਤੇ ਬਣਾਏ ਪਲਟੂਨ ਪੁਲ ਨੂੰ ਅੱਜ ਪ੍ਰਸ਼ਾਸਨ ਵੱਲੋਂ ਚੁੱਕ ਲਿਆ ਗਿਆ ਕਿਉਂਕਿ ਆਉਣ ਵਾਲੇ ਦਿਨਾਂ 'ਚ ਬਰਸਾਤ ਦਾ ਮੌਸਮ ਹੋਣ ਕਾਰਨ ਵਿਭਾਗ ਵੱਲੋਂ ਹਰ ਸਾਲ ਇਸ ਪੁਲ ਨੂੰ ਇਸ ਮਹੀਨੇ ਵਿਚ ਚੁੱਕ ਲਿਆ ਜਾਂਦਾ ਹੈ ਅਤੇ ਜਦ ਬਰਸਾਤ ਦੇ ਦਿਨ ਖਤਮ ਹੋ ਜਾਂਦੇ ਹਨ ਤਾਂ ਇਸ ਪੁਲ ਦਾ ਨਿਰਮਾਣ ਮੁੜ ਕਰ ਦਿੱਤਾ ਜਾਂਦਾ ਹੈ। ਜਦ ਇਹ ਪੁਲ ਚੁੱਕਿਆ ਜਾਂਦਾ ਤਾਂ ਰਾਵੀ ਦਰਿਆ ਦੇ ਪਾਰਲੇ ਪਾਸੇ ਵੱਸੇ ਕਰੀਬ ਅੱਧੀ ਦਰਜਨ ਪਿੰਡਾਂ ਦੇ ਲੋਕਾਂ ਦੇ ਆਉਣ ਜਾਣ ਲਈ ਸਿਰਫ ਇਕ ਕਿਸ਼ਤੀ ਦਾ ਸਹਾਰਾ ਹੀ ਰਹਿ ਜਾਦਾ ਹੈ ਜੋ ਇਹ ਕਿਸਤੀ ਸਮੇਂ-ਸਮੇਂ ਨਾਲ ਚੱਲਦੀ ਹੈ ਜਿਸ ਕਾਰਨ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ ਕਿਉਂਕਿ ਜਦ ਕੋਈ ਰਾਤ ਸਮੇਂ ਬਿਮਾਰ ਹੋ ਜਾਂਦਾ ਹੈ ਤਾਂ ਉਸ ਨੂੰ ਪਾਰਲੇ ਪਾਸੇ ਲਿਆਉਣ ਲਈ ਕਿਸੇ ਵੀ ਤਰ੍ਹਾਂ ਦਾ ਕੋਈ ਸਾਧਨ ਨਹੀਂ ਹੁੰਦਾ ਜਿਸ ਕਾਰਨ ਆਉਣ ਵਾਲੇ ਬਰਸਾਤ ਦੇ ਦਿਨਾਂ ਵਿਚ ਲੋਕਾਂ ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰ ਲਈ ਮਜਬੂਰ ਹੋਣਾ ਪਵੇਗਾ। ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੋ ਮੰਗ ਕੀਤੀ ਹੈ ਕਿ ਇਸ ਰਾਵੀ ਦਰਿਆ ਤੇ ਪੱਕੇ ਪੁਲ ਦਾ ਨਿਰਮਾਣ ਜਲਦ ਕਰਵਾਇਆ ਜਾਵੇ ਤਾਂ ਕਿ ਲੋਕਾਂ ਨੂੰ ਬਰਸਾਤ ਦੇ ਦਿਨਾਂ ਵਿੱਚ ਜੋ ਮੁਸ਼ਕਿਲਾਂ ਆਉਂਦੀਆਂ ਹਨ ਉਸ ਤੋਂ ਰਹਿਤ ਮਿਲ ਸਕੇ।

## ਮੁੰਡੇ ਨੇ ਠੁਕਰਾ'ਤਾ ਪਿਆਰ ਤਾਂ ਲੜਕੀ ਨੇ ਨਹਿਰ 'ਚ ਮਾਰ'ਤੀ ਛਾਲ

ਗੁਰਦਾਸਪੁਰ 29 ਜੂਨ। ਗੁਰਦਾਸਪੁਰ ਦੇ ਕਸਬਾ ਧਾਰੀਵਾਲ ਚੋਂ ਲੰਘਦੀ ਅਪਰ ਬਾਰੀ ਦੋਆਬ ਨਹਿਰ ਵਿੱਚ ਇੱਕ ਲੜਕੀ ਨੇ ਛਾਲ ਮਾਰ ਕੇ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਪਰ ਮੌਕੇ 'ਤੇ ਨਹਿਰ ਕਿਨਾਰੇ ਸਬਜ਼ੀ ਫਰੂਟ ਦੀਆਂ ਰੇਹੜੀਆਂ ਫੜੀਆਂ ਵਾਲੇ ਕੁਝ ਦੁਕਾਨਦਾਰਾਂ ਨੇ ਦਲੇਰੀ ਦਿਖਾਉਂਦੇ ਹੋਏ ਲੜਕੀ ਨੂੰ ਪਾਣੀ ਦੇ ਤੇਜ਼ ਵਹਾਅ ਚੋਂ ਸਹੀ ਸਲਾਮਤ ਬਾਹਰ ਕੱਢ ਲਿਆ। ਉੱਥੇ ਹੀ ਸਥਾਨਿਕ ਦੁਕਾਨਦਾਰਾਂ ਨੇ ਦੱਸਿਆ ਕਿ ਇਹ ਲੜਕੀ ਦਿਮਾਗੀ ਤੌਰ ਤੇ ਕੁਝ ਪਰੇਸ਼ਾਨ ਲੱਗ ਰਹੀ ਸੀ ਸਵੇਰ ਦੀ ਹੀ ਨਹਿਰ ਦੇ ਪੁੱਲ ਦੇ ਆਸ ਪਾਸ ਘੁੰਮ ਰਹੀ ਸੀ। ਦੁਕਾਨਦਾਰਾਂ ਨੇ ਦੱਸਿਆ ਕਿ ਗੱਲਬਾਤ ਦੌਰਾਨ ਲੜਕੀ ਨੇ ਦੱਸਿਆ ਹੈ ਕਿ ਉਹ ਗੁਰਦਾਸਪੁਰ ਦੇ ਨਜ਼ਦੀਕੀ ਕਿਸੇ ਪਿੰਡ ਦੀ ਰਹਿਣ ਵਾਲੀ ਹੈ ਪਰ ਜਦੋਂ ਉਨ੍ਹਾਂ ਨੇ ਉਸ ਕੋਲੋਂ ਕੋਈ ਮੋਬਾਈਲ ਨੰਬਰ ਪੁੱਛਿਆ ਤਾਂ ਲੜਕੀ ਕੋਈ ਵੀ ਮੋਬਾਈਲ ਨੰਬਰ ਨਾ ਦੱਸ ਸਕੀ। ਨਹਿਰ ਦੇ ਨਜ਼ਦੀਕ ਰੇਹੜੀ ਲਗਾਉਣ ਵਾਲੇ ਦੁਕਾਨਦਾਰ ਅਸ਼ੋਕ ਕੁਮਾਰ ਨੇ ਦੱਸਿਆ ਕਿ ਜਦੋਂ ਉਸਨੇ ਨਹਿਰ ਚੋਂ ਕੱਢ ਕੇ ਇਸ ਲੜਕੀ ਨਾਲ ਗੱਲ ਕੀਤੀ ਤਾਂ ਲੜਕੀ ਨੇ ਦੱਸਿਆ ਕਿ ਉਸ ਦੀ ਕਿਸੇ ਲੜਕੇ ਦੇ ਨਾਲ ਗੱਲਬਾਤ ਚੱਲ ਰਹੀ ਸੀ

## ਬੁੱਢੇ ਦਰਿਆ 'ਚ ਡਿੱਗੇ ਵਿਅਕਤੀ ਦੀ ਲਾਸ਼ 12 ਕਿਲੋਮੀਟਰ ਦੂਰ ਚੰਦਰ ਨਗਰ ਪੁਲੀ ਹੇਠੋਂ ਮਿਲੀ

ਲੁਧਿਆਣਾ 29 ਜੂਨ। ਤਾਜਪੁਰ ਰੋਡ ਸਥਿਤ ਬੁੱਢੇ ਦਰਿਆ 'ਚ ਡਿੱਗੇ ਵਿਅਕਤੀ ਦੀ ਲਾਸ਼ 2 ਦਿਨ ਬਾਅਦ 12 ਕਿਲੋਮੀਟਰ ਦੂਰ ਚੰਦਰ ਨਗਰ ਪੁਲੀ ਹੇਠੋਂ ਮਿਲੀ। ਸੂਚਨਾ ਤੋਂ ਬਾਅਦ ਪਹਿਲਾਂ ਥਾਣਾ ਹੈਬੋਵਾਲ, ਕੈਲਾਸ਼ ਨਗਰ ਪੁਲਸ ਪਹੁੰਚੀ। ਬਾਅਦ 'ਚ ਪਤਾ ਲੱਗਣ 'ਤੇ ਥਾਣਾ



ਟਿੱਬਾ ਦੀ ਪੁਲਸ ਵੀ ਮੌਕੇ 'ਤੇ ਪਹੁੰਚ ਗਈ। ਮ੍ਰਿਤਕ ਰਾਮ ਕ੍ਰਿਸ਼ਨ ਹੈ। ਪੁਲਸ ਨੇ ਲਾਸ਼ ਕਬਜ਼ੇ 'ਚ ਲੈ ਕੇ ਸਿਵਲ ਹਸਪਤਾਲ ਦੀ ਮੋਰਚਰੀ 'ਚ ਰੱਖਵਾ ਦਿੱਤੀ ਹੈ। ਇਸ ਮਾਮਲੇ 'ਚ ਥਾਣਾ ਟਿੱਬਾ ਦੀ ਪੁਲਸ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਓਮਵਤੀ ਨੇ ਦੱਸਿਆ ਕਿ ਸ਼ੁੱਕਰਵਾਰ ਰਾਤ ਲਗਭਗ ਸਾਢੇ 8 ਵਜੇ ਰਾਮ ਕ੍ਰਿਸ਼ਨ ਨਸ਼ੇ ਦੀ ਹਾਲਤ ਵਿਚ ਘਰ ਵਾਪਸ ਆਇਆ ਸੀ। ਉਨ੍ਹਾਂ ਦੇ ਇਲਾਕੇ 'ਚ ਬਿਜਲੀ ਬੰਦ ਹੋਣ ਕਾਰਨ ਉਹ ਨਾਲੇ 'ਤੇ ਬਣੇ ਪੁਲ ਦੇ ਕਿਨਾਰੇ ਬੈਠ ਗਿਆ ਸੀ। ਬੱਚੇ ਵੀ ਉਸ ਦੇ ਨਾਲ ਹੀ ਸਨ। ਅਚਾਨਕ, ਮੇਰੀ ਬੇਟੀ ਭੱਜਦੀ ਹੋਈ ਆਈ ਅਤੇ ਉਸ ਨੇ ਦੱਸਿਆ ਕਿ ਪਿਤਾ ਨਾਲੇ 'ਚ ਡਿੱਗ ਗਿਆ ਹੈ। ਉਹ ਭੱਜ ਕੇ ਮੌਕੇ 'ਤੇ ਪਹੁੰਚੀ ਅਤੇ ਉਸ ਦੀ ਭਾਲ ਸ਼ੁਰੂ ਕੀਤੀ ਪਰ ਉਸ ਦਾ ਕੁਝ ਪਤਾ ਨਹੀਂ ਲੱਗਿਆ।

## ਸਰਕਾਰ ਸਾਰਿਆਂ ਨੂੰ ਨਾਲ ਲੈ ਕੇ ਇਕਸਾਰ ਵਿਕਾਸ ਕਾਰਜ ਕਰ ਰਹੀ ਹੈ-ਰਣਬੀਰ ਗੰਗਵਾ

ਚੰਡੀਗੜ੍ਹ , 29 ਜੂਨ: ਹਰਿਆਣਾ ਦੇ ਜਨ ਸਿਹਤ ਇੰਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਹੇਠ ਸੂਬਾ ਸਰਕਾਰ ਸਬਕਾ ਸਾਥ-ਸਬਕਾ ਵਿਕਾਸ ਦੇ ਮੂਲ ਮੰਤਰ ਨਾਲ ਸੂਬੇ ਦੇ ਸਾਰੇ ਹਿੱਸਿਆਂ ਵਿੱਚ ਇੱਕੋ ਜਿਹੇ ਕੰਮ ਕਰਵਾ ਰਹੀ ਹੈ। ਸੂਬਾ ਸਰਕਾਰ ਨਾਗਰਿਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਜਨ ਸਿਹਤ ਇੰਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ ਰੋਹਤਕ ਵਿੱਚ 24 ਕਰੋੜ ਰੁਪਏ ਦੀ ਲਾਗਤ ਨਾਲ ਨਵੇਂ ਬਣੇ ਮੀਂਹ ਦੇ ਪਾਣੀ ਦੇ ਨਿਕਾਸ ਕੇਂਦਰ ਦਾ ਉਦਘਾਟਨ ਕਰਨ ਤੋਂ ਬਾਅਦ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਰੋਹਤਕ ਸ਼ਹਿਰ ਦੀ ਭੂਗੋਲਿਕ ਸਥਿਤੀ ਕਟੋਰੇ ਦੇ ਆਕਾਰ ਦੀ ਹੈ ਅਤੇ ਬਾਰਸ਼ਾਂ ਦੌਰਾਨ ਇਹ ਇਲਾਕਾ ਪਾਣੀ ਨਾਲ ਭਰ ਜਾਂਦਾ ਸੀ। ਸਰਕਾਰ ਨੇ ਨਾਗਰਿਕਾਂ ਦੀ ਇਸ ਸਮੱਸਿਆ ਨੂੰ ਹੱਲ ਕਰਨ ਲਈ ਇੱਕ ਮੀਂਹ ਦੇ ਪਾਣੀ ਦੇ ਨਿਕਾਸ ਕੇਂਦਰ ਦਾ ਨਿਰਮਾਣ ਕੀਤਾ ਹੈ। ਜਨ ਸਿਹਤ ਇੰਜੀਨੀਅਰਿੰਗ ਵਿਭਾਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਹਰ ਘਰ ਵਿੱਚ ਟੂਟੀ ਦਾ ਪਾਣੀ ਅਤੇ ਟੂਟੀ ਵਿੱਚ ਸਾਫ਼ ਪਾਣੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਲਗਾਤਾਰ ਕੰਮ ਕਰ ਰਿਹਾ ਹੈ। ਵਿਭਾਗ ਸਾਫ਼ ਪੀਣ ਵਾਲੇ ਪਾਣੀ, ਬਿਹਤਰ ਸੀਵਰੇਜ ਪ੍ਰਣਾਲੀ ਅਤੇ ਮੀਂਹ ਦੇ ਪਾਣੀ ਦੇ ਨਿਕਾਸ ਦੇ ਪ੍ਰਬੰਧਾਂ ਵਿੱਚ ਲਗਾਤਾਰ ਸੁਧਾਰ ਕਰ ਰਿਹਾ ਹੈ। ਭਵਿੱਖ ਵਿੱਚ ਵੀ, ਸਰਕਾਰ ਨਾਗਰਿਕਾਂ ਨੂੰ ਸਾਰੀਆਂ ਬੁਨਿਆਦੀ ਬਿਹਤਰ ਸਹੂਲਤਾਂ ਪ੍ਰਦਾਨ ਕਰੇਗੀ।

## ਕੋਟਕਪੂਰਾ 'ਚ ਲੁੱਟ-ਖੋਹ ਦੀ ਯੋਜਨਾ ਬਣਾ ਰਹੇ ਪੰਜ ਵਿਅਕਤੀ ਮਾਰੂ ਹਥਿਆਰਾਂ ਸਮੇਤ ਗ੍ਰਿਫਤਾਰ

**ਕੌਮੀ ਪਤ੍ਰਿਕਾ**

ਕੋਟਕਪੂਰਾ 29 ਜੂਨ। ਜ਼ਿਲਾ ਪੁਲਸ ਮੁਖੀ ਡਾ.ਪ੍ਰਗਿਆ ਜੈਨ ਵੱਲੋਂ ਸੰਗਠਿਤ ਅਪਰਾਧਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀ ਵਿੱਢੀ ਗਈ ਮੁਹਿੰਮ ਤਹਿਤ ਕਾਰਵਾਈ ਕਰਦਿਆਂ ਥਾਣਾ ਸਿਟੀ ਪੁਲਸ ਕੋਟਕਪੂਰਾ ਵੱਲੋਂ ਇਲਾਕੇ ਅੰਦਰ ਲੁੱਟ-ਖੋਹ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਪੰਜ ਵਿਅਕਤੀਆਂ ਨੂੰ ਮਾਰੂ ਹਥਿਆਰਾਂ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਪਤਾ ਲੱਗਿਆ ਹੈ। ਇਸ ਸਬੰਧ ਵਿਚ ਜਾਣਕਾਰੀ ਦਿੰਦੇ ਹੋਏ ਜਤਿੰਦਰ ਸਿੰਘ ਡੀ.ਐੱਸ.ਪੀ. ਕੋਟਕਪੂਰਾ ਨੇ ਦੱਸਿਆ ਕਿ ਚਮਕੌਰ ਸਿੰਘ ਐੱਸ.ਐੱਚ.ਓ. ਥਾਣਾ ਸਿਟੀ ਦੀ ਨਿਗਰਾਨੀ ਹੇਠ ਥਾਣਾ ਸਿਟੀ ਪੁਲਸ ਕੋਟਕਪੂਰਾ ਦੇ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਸਥਾਨਕ ਮੋਗਾ-ਬਠਿੰਡਾ ਤਿੰਨਕੋਨੀ ''ਤੇ ਮੌਜੂਦ ਸਨ ਤਾਂ ਇਸ ਦੌਰਾਨ ਮੁਖਬਰ ਨੇ ਇਤਲਾਹ ਦਿੱਤੀ ਕਿ ਰਾਹਗੀਰਾਂ ਤੋਂ ਮੋਬਾਈਲ, ਪੈਸੇ ਅਤੇ ਮੋਟਰਸਾਈਕਲ ਆਦਿ ਦੀ ਲੁੱਟ-ਖੋਹ ਕਰਨ ਦੇ ਆਦੀ ਕੁੱਝ ਵਿਅਕਤੀ ਨਾਈਆਂ ਵਾਲੀ ਬਸਤੀ ਦੇ



ਨਜ਼ਦੀਕ ਸੂਏ ਦੇ ਪੁੱਲ ਕੋਲ ਬੇਅਬਾਦ ਲੱਕੜ ਦੇ ਆਰੇ ਵਿਚ ਲੁਕ-ਛਿਪ ਕੇ ਲੁੱਟ-ਖੋਹ ਦੀ ਵਾਰਦਾਤ ਨੂੰ ਅੰਜਾਮ ਦੇਣ ਦੀ ਯੋਜਨਾ ਬਣਾ ਰਹੇ ਹਨ। ਉਕਤ ਵਿਅਕਤੀਆਂ ਖ਼?ਲਾਫ ਪਹਿਲਾਂ ਵੀ ਵੱਖ-ਵੱਖ ਜੁਰਮਾਂ ਤਹਿਤ ਮੁਕਦਮੇ ਦਰਜ ਹਨ, ਜੇਕਰ ਹੁਣੇ ਰੇਡ ਕੀਤੀ ਜਾਵੇ ਤਾਂ ਉਕਤ ਵਿਅਕਤੀਆਂ ਨੂੰ ਮਾਰੂ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਜਾ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮਿਲੀ ਸੂਚਨਾ ਦੇ ਅਧਾਰ ''ਤੇ ਸਹਾਇਕ ਥਾਣੇਦਾਰ ਗੁਰਮੇਲ ਸਿੰਘ ਵੱਲੋਂ ਪੁਲਸ ਪਾਰਟੀ ਦੀ ਮਦਦ ਨਾਲ ਕੀਤੀ ਗਈ ਕਾਰਵਾਈ ਦੌਰਾਨ ਉਕਤ ਜਗ?ਹਾ ਤੋਂ ਮਨਦੀਪ ਸਿੰਘ, ਲਖਵਿੰਦਰ ਸਿੰਘ, ਗੁਰਦਿੱਤ ਸਿੰਘ, ਸੋਨੂੰ ਤੇ ਜਸ਼ਨ ਸਾਰੇ ਵਾਸੀ ਕੋਟਕਪੂਰਾ ਨੂੰ ਇਕ ਲੋਹੇ ਦੇ ਖੰਡੇ, ਇਕ ਕਿਰਪਾਨ, ਇਕ ਲੋਹੇ ਦੇ ਕਾਪੇ, ਇਕ ਨਲਕੇ ਦੀ ਹੱਥੀ ਅਤੇ ਇਕ ਗੰਡਾਸੀ ਸਮੇਤ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿਚ ਥਾਣਾ ਸਿਟੀ ਪੁਲਸ ਕੋਟਕਪੂਰਾ ਵਿਖੇ ਉਕਤ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕਰਕੇ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਪੁਰਾਣੇ ਰਿਕਾਰਡ ਦੀ ਜਾਂਚ ਕਰਨ ''ਤੇ ਪਤਾ ਲੱਗਿਆ ਹੈ ਕਿ ਸੋਨੂੰ ਖ਼?ਲਾਫ ਪਹਿਲਾਂ ਦੀ ਤਿੰਨ ਮੁਕੱਦਮੇ ਅਤੇ ਗੁਰਦਿੱਤ ਤੇ ਜਸ਼ਨ ਦੋਵਾਂ ਖਿਲਾਫ 1-1 ਮਾਮਲਾ ਦਰਜ ਹੈ। ਉਨ੍ਹਾਂ ਦੱਸਿਆ ਕਿ ਉਕਤ ਵਿਅਕਤੀਆਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਇਨ੍ਹਾਂ ਦਾ ਪੁਲਸ ਰਿਮਾਂਡ ਲਿਆ ਜਾਵੇਗਾ, ਜਿਸ ਦੌਰਾਨ ਇਨ੍ਹਾਂ ਤੋਂ ਹੋਰ ਪੁੱਛ-ਗਿੱਛ ਕੀਤੀ ਜਾਵੇਗੀ।

## ਲੁਧਿਆਣਾ 'ਚ ਸਾਢੇ 13 ਲੱਖ ਘਰੇਲੂ ਗੈਸ ਖਪਤਕਾਰ, ਸਿਰਫ਼ 37 ਫੀਸਦੀ ਨੇ ਹੀ ਕਰਵਾਈ ਈ-ਕੇ. ਵਾਈ. ਸੀ.

**ਕੌਮੀ ਪਤ੍ਰਿਕਾ**

ਲੁਧਿਆਣਾ 29 ਜੂਨ। ਕੇਂਦਰੀ ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਵਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਤੋਂ ਬਾਅਦ ਦੇਸ਼ ਦੀਆਂ 3 ਪ੍ਰਮੁੱਖ ਗੈਸ ਕੰਪਨੀਆਂ ਇੰਡੇਨ ਗੈਸ, ਭਾਰਤ ਗੈਸ ਅਤੇ ਹਿੰਦੂਸਤਾਨ ਗੈਸ ਨਾਲ ਸਬੰਧਤ ਏਜੰਸੀਆਂ ਦੇ ਡੀਲਰਾਂ ਵਲੋਂ ਆਪਣੇ ਘਰੇਲੂ ਗੈਸ ਖਪਤਕਾਰਾਂ ਦੀ ਈ-ਕੇ. ਵਾਈ. ਸੀ. ਕਰਨ ਦੇ ਕੰਮ ਜੰਗੀ ਪੱਧਰ 'ਤੇ ਨਿਪਟਾਇਆ ਜਾ ਰਿਹਾ ਹੈ। ਹਰ ਘਰੇਲੂ ਗੈਸ ਖਪਤਕਾਰ ਨੂੰ ਆਪਣੀ ਈ-ਕੇ. ਵਾਈ. ਸੀ. ਕਰਵਾਉਣੀ ਲਾਜ਼ਮੀ ਹੈ, ਜਿਸ ਦੇ ਲਈ ਕੇਂਦਰ ਸਰਕਾਰ ਵਲੋਂ 30 ਜੂਨ ਤੱਕ ਦਾ ਅੰਤਿਮ ਸਮਾਂ ਨਿਰਧਾਰਿਤ ਕੀਤਾ ਗਿਆ ਹੈ, ਜਿਸ ਦੇ ਲਈ ਗੈਸ ਏਜੰਸੀਆਂ ਦੇ ਡਲਿਵਰੀਮੈਨ ਘਰ-ਘਰ ਜਾ ਕੇ ਅਤੇ ਏਜੰਸੀਆਂ ਨਾਲ ਸਬੰਧਤ ਦਫਤਰ 'ਚ ਹਰ ਖਪਤਕਾਰ ਦੀ ਫ?ਰੀ ਈ-ਕੇ. ਵਾਈ. ਸੀ. ਕੀਤੀ ਜਾ ਰਹੀ ਹੈ ਤਾਂ ਕਿ 30 ਜੂਨ ਤੋਂ ਬਾਅਦ ਸਰਕਾਰ ਵਲੋਂ ਈ-ਕੇ. ਵਾਈ. ਸੀ. ਨਾ ਕਰਵਾਉਣ ਵਾਲੇ ਖਪਤਕਾਰਾਂ ਦੇ ਗੈਸ ਕੁਨੈਕਸ਼ਨ ਰੱਦ ਨਾ ਕੀਤੇ ਜਾਣ ਅਤੇ ਸਬੰਧਤ ਖਪਤਕਾਰਾਂ ਨੂੰ ਗੈਸ ਸਿਲੰਡਰਾਂ ਦੀ ਸਪਲਾਈ ਲੈਣ 'ਚ ਕੋਈ ਪ੍ਰੇਸ਼ਾਨੀ ਨਾ ਹੋ ਸਕੇ। ਇਸ ਸਬੰਧ 'ਚ ਗੈਸ ਏਜੰਸੀਆਂ ਦੇ ਡੀਲਰਾਂ ਵਲੋਂ ਪਿਛਲੇ ਲੰਮੇ ਸਮੇਂ ਤੋਂ ਹਰ ਖਪਤਕਾਰ ਨੂੰ ਫੋਨ ਕਰ ਕੇ ਈ- ਕੇ. ਵਾਈ. ਸੀ. ਕਰਵਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਬਾਵਜੂਦ ਇਸ ਦੇ ਘਰੇਲੂ ਗੈਸ ਖਪਤਕਾਰਾਂ ਵਲੋਂ ਈ-ਕੇ. ਵਾਈ. ਸੀ. ਕਰਵਾਉਣ ਸਬੰਧੀ ਜੋ ਨਤੀਜੇ ਸਾਹਮਣੇ ਆਏ ਹਨ, ਉਹ ਹੈਰਾਨ ਕਰ ਦੇਣ ਵਾਲੇ ਹਨ। ਲੋਕਾਂ ਦੀ ਲਾਪ੍ਰਵਾਹੀ ਦਾ ਆਲਮ ਇਹ ਬਣਿਆ ਹੋਇਆ ਹੈ ਕਿ ਗੈਸ ਕੰਪਨੀਆਂ ਦੀ ਰਿਕਾਰਡ ਮੁਤਾਬਕ 22 ਜੂਨ 2025 ਤੱਕ ਸਿਰਫ 37 ਫੀਸਦੀ ਖਪਤਕਾਰਾਂ ਨੇ ਹੀ ਈ- ਕੇ. ਵਾਈ. ਸੀ. ਕਰਵਾਈ ਹੈ। ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਜ਼ਿਲੇ 'ਚ ਕੁੱਲ 13.50000 ਲੱਖ ਖਪਤਕਾਰਾਂ 'ਚੋਂ ਸਿਰਫ 499.500 ਖਪਤਕਾਰਾਂ ਨੇ ਹੀ ਈ-ਕੇ. ਵਾਈ. ਸੀ. ਕਰਵਾਈ ਹੈ, ਜਦੋਂਕਿ 850.500 ਅਜੇ ਵੀ ਅੱਖਾਂ ਬੰਦ ਕਰ ਕੇ ਬੈਠੇ ਹੋਏ ਹਨ। ਲੁਧਿਆਣਾ ਐੱਲ. ਪੀ. ਜੀ. ਡੀਲਰ ਫੈੱਡਰੇਸ਼ਨ ਐਸੋਸੀਏਸ਼ਨ ਦੇ ਮੁੱਖ ਸਕੱਤਰ ਅਰੁਣ ਅਗਰਵਾਲ ਵਲੋਂ ਸਾਫ ਕੀਤਾ ਗਿਆ ਹੈ ਕਿ ਕੇਂਦਰ ਸਰਕਾਰ ਵਲੋਂ ਹਰ ਘਰੇਲੂ ਖਪਤਕਾਰ ਨੂੰ ਆਪਣੀ ਈ-ਕੇ. ਵਾਈ. ਸੀ. 30 ਜੂਨ ਤੱਕ ਕਰਵਾਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਬਾਵਜੂਦ ਇਸ ਦੇ ਲਾਪ੍ਰਵਾਹੀ ਅਪਨਾਉਣ ਵਾਲੇ ਖਪਤਕਾਰਾਂ ਨੂੰ ਗੈਸ ਸਿਲੰਡਰ ਦੀ ਸਪਲਾਈ ਅਸਥਾਈ ਤੌਰ 'ਤੇ ਰੋਕ ਦਿੱਤੀ ਜਾਵੇਗੀ। ਅਰੁਣ ਅਗਰਵਾਲ ਨੇ ਕਿਹਾ ਕਿ ਖਪਤਕਾਰਾਂ ਨੂੰ ਘਰ ਬੈਠੇ ਹੀ ਡਲਿਵਰੀਮੈਨ ਦੀ ਈ-ਕੇ. ਵਾਈ. ਸੀ. ਕਰਨ ਦੀ ਸੁਵਿਧਾ ਪ੍ਰਦਾਨ ਕਰ ਰਹੇ ਹਨ, ਜੋ ਕਿ ਪੂਰੀ ਤਰਾਂ ਨਾਲ ਫ?ਰੀ ਹੈ , ਬਾਵਜੂਦ ਇਸ ਦੇ ਖਪਤਕਾਰਾਂ ਵਲੋਂ ਸਮੇਂ ਸਿਰ ਈ-ਕੇ. ਵਾਈ. ਸੀ. ਕਰਵਾਉਣ ਦਾ ਕੰਮ ਨਹੀਂ ਨਿਪਟਾਇਆ ਜਾ ਰਿਹਾ ਹੈ।

## ਚੋਰਾਂ ਨੇ ਇਕ ਘਰ ਨੂੰ ਬਣਾਇਆ ਨਿਸ਼ਾਨਾ, ਗੈਸ ਸਿਲੰਡਰ, 25000 ਦੀ ਨਕਦੀ, ਲੈਪਟਾਪ ਤੇ ਸੋਨੇ ਦੇ ਗਹਿਣੇ ਕੀਤੇ ਚੋਰੀ

ਤਰਨਤਾਰਨ 29 ਜੂਨ। ਘਰ 'ਚ ਦਾਖਲ ਹੋ ਸੋਨੇ ਦੇ ਗਹਿਣੇ, ਲੈਪਟਾਪ, 25 ਹਜ਼ਾਰ ਰੁਪਏ ਦੀ ਨਕਦੀ ਚੋਰੀ ਕਰਨ ਦੇ ਮਾਮਲੇ ਵਿਚ ਥਾਣਾ ਕੱਚਾ ਪੱਕਾ ਦੀ ਪੁਲਸ ਨੇ ਚਾਰ ਮੁਲਜ਼ਮਾਂ ਨੂੰ ਨਾਮਜ਼ਦ ਕਰਦੇ ਹੋਏ ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ। ਭਗਵਾਨ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਬੂੜ ਚੰਦ ਨੇ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਬੀਤੀ 20-21 ਜੂਨ ਦੀ ਦਰਮਿਆਨੀ ਰਾਤ ਨੂੰ ਉਸਦੇ ਘਰ ਵਿਚ ਕੁਝ ਵਿਅਕਤੀ ਦਾਖਲ ਹੋ ਕੇ ਗੈਸ ਸਿਲੰਡਰ, 25000 ਰੁਪਏ ਦੀ ਨਕਦੀ, ਇਕ ਸੋਨੇ ਦੀ ਚੈਨ ਵਜ਼ਨੀ ਇਕ ਤੋਲਾ, ਇਕ ਮੁੰਦਰੀ ਵਜ਼ਨੀ ਤਿੰਨ ਗ੍ਰਾਮ ਅਤੇ ਲੈਪਟਾਪ ਮਾਰਕਾ ਐਪਲ ਚੋਰੀ ਕਰਕੇ ਲੈ ਗਏ ਸਨ। ਜਿਸ ਤੋਂ ਬਾਅਦ ਉਸ ਨੂੰ ਪਤਾ ਲੱਗਾ ਹੈ ਕਿ ਇਹ ਚੋਰੀ ਰਣਜੀਤ ਸਿੰਘ ਪੁੱਤਰ ਧਰਮਿੰਦਰ ਸਿੰਘ, ਕੁਲਵਿੰਦਰ ਸਿੰਘ ਕਿੰਦਾ ਪੁੱਤਰ ਭਜਨ ਸਿੰਘ, ਰਸ਼ਪਾਲ ਸਿੰਘ ਉਰਫ ਚਿੱਟਾ ਪੁੱਤਰ ਰਵੇਲ ਸਿੰਘ ਅਤੇ ਕੁਲਵਿੰਦਰ ਸਿੰਘ ਪੁੱਤਰ ਜਗੀਰ ਸਿੰਘ ਸਾਰੇ ਵਾਸੀਆਨ ਭੈਣੀ ਗੁਰਮੁਖ ਸਿੰਘ ਵੱਲੋਂ ਕੀਤੀ ਗਈ ਹੈ। ਇਸ ਮਾਮਲੇ ਵਿਚ ਥਾਣਾ ਕੱਚਾ ਪੱਕਾ ਦੇ ਏ.ਐੱਸ.ਆਈ ਸੁਖਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਵੱਲੋਂ ਉਕਤ ਚਾਰ ਮੁਲਜ਼ਮਾਂ ਖਿਲਾਫ ਪਰਚਾ ਦਰਜ ਕਰਦੇ ਹੋਏ ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਹੈ।

### ਡਰਾਈਵਿੰਗ ਲਾਇਸੈਂਸ ਵਾਲਿਆਂ ਲਈ ਚੰਗੀ ਖ਼ਬਰ, ਹੁਣ ਨਹੀਂ ਹੋਵੇਗੀ ਇਹ ਪਰੇਸ਼ਾਨੀ

ਜਲੰਧਰ 29 ਜੂਨ। ਪਿਛਲੇ 2 ਦਿਨਾਂ ਤੋਂ ਡਰਾਈਵਿੰਗ ਟ?ਰੈਕ 'ਤੇ ਜਨਤਾ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਪਰ ਹੁਣ ਕੰਮਕਾਜ ਆਮ ਵਾਂਗ ਹੁੰਦਾ ਨਜ਼ਰ ਆਇਆ, ਜਿਸ ਨਾਲ ਜਨਤਾ ਨੂੰ ਰਾਹਤ ਮਿਲੀ। ਬੀਤੇ ਦਿਨੀਂ ਖ਼ਰਾਬ ਹੋਏ ਕੈਮਰੇ ਅੱਜ ਆਮ ਵਾਂਗ ਵਰਕਿੰਗ ਵਿਚ ਨਜ਼ਰ ਆਏ, ਜਿਸ ਕਾਰਨ ਲਾਇਸੈਂਸ ਬਣਵਾਉਣ ਲਈ ਟੈਸਟ ਦੇਣ ਵਾਸਤੇ ਆਉਣ ਵਾਲੇ ਲੋਕਾਂ ਦੇ ਫਾਰਮ ਆਦਿ ਜਮ?ਹਾ ਹੋ ਸਕੇ। ਉਥੇ ਹੀ ਡਰਾਈਵਿੰਗ ਟੈਸਟ ਦੀ ਪ੍ਰਕਿਰਿਆ ਵੀ ਸੁਚਾਰੂ ਰਹੀ। ਏ. ਟੀ. ਓ. ਵਿਸ਼ਾਲ ਗੋਇਲ ਨੇ ਕਿਹਾ ਕਿ ਕੈਮਰੇ ਆਦਿ ਠੀਕ ਕਰਵਾ ਲਏ ਗਏ ਸਨ ਅਤੇ ਕੰਮਕਾਜ ਆਮ ਵਾਂਗ ਹੋ ਚੁੱਕਾ ਹੈ।

**ਉਤਰ ਰੇਲਵੇ**

**ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਸੰਖੇਪ ਵੇਰਵਾ | ਮਾਤਰਾ | ਅੰਤਮ ਮਿਤੀ |
|---|---|---|---|---|
| 01 | 16250030 | ਵਾਲਵ ਅਸੇਂਬਲੀ | 417 ਨਗ | 24.07.2025 |
| 02 | 09252132 | ਕਪਲਰ ਬਾਡੀ ਵਿਥ ਸ਼ੈਂਕ ਵਿਯਰ ਪਲੇਟ | 11104 ਨਗ | 25.07.2025 |
| 03 | 09252593 | ਸਪੇਯਸ੍ਰ ਆਫ ਏ ਪੀ ਐਮ | 1683 ਸੇਟ | 28.07.2025 |
| 04 | 16250031 | ਵਾਲਵ ਅਸੇਂਬਲੀ | 264 ਨਗ | 29.07.2025 |
| 05 | 16250035 | ਪਿਸਟਨ ਅਸੇਂਬਲੀ | 190 ਨਗ | 04.08.2025 |
| 06 | 09252327 | ਰਬਰ ਸਪ੍ਰਿੰਗ ਫਾਰ ਡ੍ਰਾ ਗਿਯਰ | 2298 ਸੇਟ | 04.08.2025 |
| 07 | 19250583 | ਰਿਪੇਯਰ ਕਿਟ ਫਾਰ ਈ ਪੀ ਰਿਲੇ ਵਾਲਵ | 753 ਸੇਟ | 04.08.2025 |

ਨਿਵਿਦਾ ਸ਼ਰਤਾਂ-1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

ਟੇਂਡਰ ਨੋਟਿਸ ਨੰ. : 26/2025-2026 ਤਾਰੀਕ 27.06.2025 1957/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਉਤਰ ਰੇਲਵੇ**

**ਇਲੈਕਟ੍ਰੋਨਿਕ ਨਿਵਿਦਾ ਈ ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਮੰਗ**

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਪ੍ਰਮੁਖ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਨਵੀਂ ਦਿੱਲੀ-110001 ਦੁਆਰਾ ਇਛੁਕ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾ ਦੀ ਮੰਗ ਕੀਤੀ ਜਾਂਦੀ ਹੈ:-

| ਲ. ਨੰ. | ਨਿਵਿਦਾ ਨੰ. | ਸੰਖੇਪ ਵੇਰਵਾ | ਮਾਤਰਾ | ਅੰਤਮ ਮਿਤੀ |
|---|---|---|---|---|
| 01 | 16250030 | ਵਾਲਵ ਅਸੇਂਬਲੀ | 417 ਨਗ | 24.07.2025 |
| 02 | 09252132 | ਕਪਲਰ ਬਾਡੀ ਵਿਥ ਸ਼ੈਂਕ ਵਿਯਰ ਪਲੇਟ | 11104 ਨਗ | 25.07.2025 |
| 03 | 09252593 | ਸਪੇਯਸ੍ਰ ਆਫ ਏ ਪੀ ਐਮ | 1683 ਸੇਟ | 28.07.2025 |
| 04 | 16250031 | ਵਾਲਵ ਅਸੇਂਬਲੀ | 264 ਨਗ | 29.07.2025 |
| 05 | 16250035 | ਪਿਸਟਨ ਅਸੇਂਬਲੀ | 190 ਨਗ | 04.08.2025 |
| 06 | 09252327 | ਰਬਰ ਸਪ੍ਰਿੰਗ ਫਾਰ ਡ੍ਰਾ ਗਿਯਰ | 2298 ਸੇਟ | 04.08.2025 |
| 07 | 19250583 | ਰਿਪੇਯਰ ਕਿਟ ਫਾਰ ਈ ਪੀ ਰਿਲੇ ਵਾਲਵ | 753 ਸੇਟ | 04.08.2025 |

ਨਿਵਿਦਾ ਸ਼ਰਤਾਂ-1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਨਿਵਿਦਾ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।

ਟੇਂਡਰ ਨੋਟਿਸ ਨੰ. : 26/2025-2026 ਤਾਰੀਕ 27.06.2025 1957/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਰਾਸ਼ਟਰੀ ਰਾਜਧਾਨੀ ਖੇਤਰ ਦਿੱਲੀ ਸਰਕਾਰ**

**ਵਿੱਤ ਵਿਭਾਗ**

F. No. ਮਿਤੀ

**ਖਾਲੀ ਥਾਂ ਸਰਕੂਲਰ**

**ਵਿਸ਼ਾ: GNCTD ਦੇ ਤਕਨੀਕੀ ਮੈਂਬਰ (ਰਾਜ) ਦੇ ਅਹੁਦਿਆਂ ਲਈ ਚੋਣ ਵਸਤੂਆਂ ਅਤੇ ਸੇਵਾਵਾਂ ਟੈਕਸ ਅਪੀਲੀ ਲਈ ਟ੍ਰਿਬਿਊਨਲ ਦੇ ਰਾਜ ਬੈਂਚ - ਰਜਿ.**

1. GNCTD ਦਾ ਸਟੇਟ ਬੈਂਚ ਆਫ ਗੁੱਡਜ ਐਂਡ ਸਰਵਿਸਿਜ ਟੈਕਸ ਅਪੀਲੇਟ ਟ੍ਰਿਬਿਊਨਲ (GSTAT) ਕੇਂਦਰੀ ਗੁੱਡਜ ਐਂਡ ਸਰਵਿਸਿਜ ਟੈਕਸ ਐਕਟ, 2017 (ਇਸ ਤੋਂ ਬਾਅਦ "CGST ਐਕਟ" ਵਜੋਂ ਜਾਣਿਆ ਜਾਂਦਾ ਹੈ) ਦੇ ਅਧੀਨ ਸਥਾਪਿਤ ਦੂਜਾ ਅਪੀਲੇਟ ਅਥਾਰਟੀ ਹੈ ਜੋ CGST ਐਕਟ ਅਤੇ ਦਿੱਲੀ GST ਦੇ ਸੰਬੰਧਿਤ ਰਾਜ GST ਐਕਟਾਂ ਦੇ ਤਹਿਤ ਵੱਖ-ਵੱਖ ਅਪੀਲਾਂ ਦੀ ਸੁਣਵਾਈ ਕਰਦਾ ਹੈ। ਕੇਂਦਰ ਸਰਕਾਰ ਨੇ ਦਿੱਲੀ ਲਈ 1 (ਇੱਕ) ਰਾਜ ਬੈਂਚ ਨੂੰ ਸੂਚਿਤ ਕੀਤਾ ਹੈ। ਮੁੱਖ ਬੈਂਚ ਨਵੀਂ ਦਿੱਲੀ ਵਿਖੇ ਸਥਿਤ ਹੈ ਅਤੇ ਇਸਦੀ ਦਿੱਲੀ ਰਾਜ ਸ਼ਾਖਾ ਦਿੱਲੀ ਵਿਖੇ ਸਥਿਤ ਹੈ।
2. ਰਾਸ਼ਟਰੀ ਰਾਜਧਾਨੀ ਖੇਰਤ ਦਿੱਲੀ (GNCTD) ਦੇ ਰਾਜ ਬੈਂਚ ਵਿੱਚ GSTAT ਦੇ ਤਕਨੀਕੀ ਮੈਂਬਰ (ਰਾਜ) ਲਈ ਖਾਲੀ ਥਾਂ ਭਰਨ ਦਾ ਪ੍ਰਸਤਾਵ ਹੈ।
3. ਹੇਠ ਲਿਖੀਆਂ ਅਸਾਮੀਆਂ ਲਈ ਅਰਜੀਆਂ ਮੰਗੀਆਂ ਜਾਂਦੀਆਂ ਹਨ:

**ਸਾਰਣੀ 1: GNCTD ਵਿੱਚ GSTAT ਸਟੇਟ ਬੈਂਚ ਦੇ ਤਕਨੀਕੀ ਮੈਂਬਰ (ਰਾਜ) ਦੀ ਅਸਾਮੀ**

| ਪੋਸਟਾਂ | ਰਾਜ ਬੈਂਚ | ਖਾਲੀ ਅਸਾਮੀਆਂ ਦੀ ਗਿਣਤੀ |
|---|---|---|
| ਤਕਨੀਕੀ ਮੈਂਬਰ (ਰਾਜ) | GNCTD | 1 |
| ਕੁੱਲ ਪੋਸਟਾਂ | | 1 |

4. **ਯੋਗਤਾਵਾਂ ਅਤੇ ਯੋਗਤਾ ਸ਼ਰਤਾਂ**: ਉਮੀਦਵਾਰ ਦੀ ਨਿਯੁਕਤੀ ਦੀਆਂ ਯੋਗਤਾਵਾਂ, ਯੋਗਤਾ, ਤਨਖਾਹ ਅਤੇ ਹੋਰ ਨਿਯਮ ਅਤੇ ਸ਼ਰਤਾਂ CGST ਐਕਟ ਅਤੇ ਵਸਤੂਆਂ ਅਤੇ ਸੇਵਾਵਾਂ ਟੈਕਸ ਅਪੀਲ ਟ੍ਰਿਬਿਊਨਲ (ਨਿਯੁਕਤੀ ਅਤੇ (ਪ੍ਰਧਾਨ ਅਤੇ ਮੈਂਬਰਾਂ ਦੀਆਂ ਸੇਵਾ ਦੀਆਂ ਸਰਤਾਂ) ਨਿਯਮ, 2023 (ਇਸ ਤੋਂ ਬਾਅਦ "GSTAT ਨਿਯਮ" ਵਜੋਂ ਜਾਣਿਆ ਜਾਂਦਾ ਹੈ)। ਵਿਭਾਗ ਦੀ ਵੈੱਬਸਾਈਟ ਲਿੰਕ (https://delhitradetax.delhi.gov.in/) 'ਤੇ ਵਿਸਤ੍ਰਿਤ ਇਸ਼ਤਿਹਾਰ ਦਾ ਹਵਾਲਾ ਦੇ ਸਕਦੇ ਹਨ।

5. **ਚੋਣ ਪ੍ਰਕਿਰਿਆ**: ਕੇਂਦਰ ਸਰਕਾਰ CGST ਐਕਟ, 2017 ਦੀ ਧਾਰਾ 110 ਦੀ ਉਪ-ਧਾਰਾ (4) ਦੀ ਧਾਰਾ (a) ਅਧੀਨ ਗਠਿਤ ਖੋਜ-ਕਮ-ਚੋਣ ਕਮੇਟੀ (ਇਸ ਤੋਂ ਬਾਅਦ "ਕਮੇਟੀ" ਵਜੋਂ ਜਾਣਿਆ ਜਾਂਦਾ ਹੈ) ਦੀਆਂ ਸਿਫਾਰਸਾਂ 'ਤੇ ਤਕਨੀਕੀ ਮੈਂਬਰ (ਰਾਜ) ਦੀ ਨਿਯੁਕਤੀ ਕਰੇਗੀ। ਪ੍ਰਾਪਤ ਅਰਜੀਆਂ ਦੀ ਯੋਗਤਾ ਅਤੇ ਸੰਬੰਧਿਤ ਤਜਰਬੇ ਨੂੰ ਧਿਆਨ ਵਿੱਚ ਰੱਖਦੇ ਹੋਏ ਅਹੁਦਿਆਂ ਲਈ ਬਿਨੈਕਾਰਾਂ ਦੀ ਯੋਗਤਾ ਦੇ ਸੰਬੰਧ ਵਿੱਚ ਜਾਂਚ ਕੀਤੀ ਜਾਵੇਗੀ। ਸਾਰਟਲਿਸਟ ਕੀਤੇ ਉਮੀਦਵਾਰਾਂ ਨੂੰ ਨਿੱਜੀ ਗੱਲਬਾਤ ਲਈ ਬੁਲਾਇਆ ਜਾ ਸਕਦਾ ਹੈ।
ਕਮੇਟੀ ਦੁਆਰਾ, ਜੇਕਰ ਜਰੂਰੀ ਅਤੇ ਉਚਿਤ ਸਮਝਿਆ ਜਾਵੇ। ਕਮੇਟੀ ਨਿਯੁਕਤੀਆਂ ਕਰਨ ਲਈ ਯੋਗਤਾ, ਤਜਰਬੇ ਅਤੇ ਨਿੱਜੀ ਗੱਲਬਾਤ ਦੇ ਆਧਾਰ 'ਤੇ ਸਮੁੱਚੇ ਮੁਲਾਂਕਣ ਦੇ ਆਧਾਰ 'ਤੇ, ਯੋਗ ਉਮੀਦਵਾਰਾਂ ਦੇ ਇੱਕ ਪੈਨਲ ਦੀ ਸਿਫਾਰਸ ਕੇਂਦਰ ਸਰਕਾਰ ਨੂੰ ਕਰੇਗੀ।

6. **ਅਰਜੀ ਦੀ ਪ੍ਰਕਿਰਿਆ**:

(i) ਦਿਲਚਸਪੀ ਰੱਖਣ ਵਾਲੇ ਉਮੀਦਵਾਰ ਲੋੜੀਂਦੇ ਦਸਤਾਵੇਜਾਂ ਦੇ ਨਾਲ ਨਿਰਧਾਰਤ ਫਾਰਮ ਵਿੱਚ ਔਨਲਾਈਨ (https://gstn.org.in/gstat/stateapplication/#home) ਅਰਜੀ ਦੇ ਸਕਦੇ ਹਨ। ਅਰਜੀ ਜਮ੍ਹਾਂ ਕਰਵਾਉਣਾ 30 ਜੂਨ 2025 ਨੂੰ ਸੁਰੂ ਹੋਵੇਗਾ ਅਤੇ ਅਰਜੀਆਂ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 31 ਜੁਲਾਈ 2025 ਨੂੰ ਸਾਮ 5:00 ਵਜੇ ਹੈ। ਕਿਸੇ ਵੀ ਹੋਰ ਢੰਗ ਨਾਲ ਜਮ੍ਹਾਂ ਕਰਵਾਈਆਂ ਗਈਆਂ ਅਰਜੀਆਂ ਰੱਦ ਹੋਣ ਦੇ ਯੋਗ ਹੋਣਗੀਆਂ। ਹਾਲਾਂਕਿ, ਔਨਲਾਈਨ ਅਰਜੀ ਦਿੰਦੇ ਸਮੇਂ ਕਿਸੇ ਵੀ ਦਸਤਾਵੇਜ ਨੂੰ ਅਪਲੋਡ ਕਰਨ ਵਿੱਚ ਮੁਸਕਲ ਆਉਣ ਦੀ ਸਥਿਤੀ ਵਿੱਚ, ਦਸਤਾਵੇਜ ਨੂੰ ਆਖਰੀ ਮਿਤੀ ਤੱਕ support.gstat@gstn.org.in, 'ਤੇ ਈਮੇਲ ਰਾਹੀਂ ਭੇਜਿਆ ਜਾ ਸਕਦਾ ਹੈ, ਜਿਸ ਵਿੱਚ ਈਮੇਲ ਵਿੱਚ ਔਨਲਾਈਨ ਅਰਜੀ ਨੰਬਰ ਦਾ ਸਪਸਟ ਤੌਰ 'ਤੇ ਜਿ?ਕਰ ਕੀਤਾ ਗਿਆ ਹੋਵੇ।

(ii) ਯੋਗ ਅਤੇ ਇੱਛੁਕ ਅਧਿਕਾਰੀਆਂ (ਸਿਰਫ ਸੇਵਾ ਕਰ ਰਹੇ) ਦੁਆਰਾ ਅਰਜੀਆਂ ਦੇ ਨਾਲ ਮਾਲਕ/ਵਿਭਾਗ ਮੁਖੀ ਦੁਆਰਾ ਦਿੱਤਾ ਜਾਣ ਵਾਲਾ ਸਰਟੀਫਿਕੇਟ ਵੀ ਹੋਣਾ ਚਾਹੀਦਾ ਹੈ।

(iii) ਫਾਰਮ ਭਰਨ ਜਾਂ ਅਪਲੋਡ ਕਰਨ ਵਿੱਚ ਕਿਸੇ ਵੀ ਮੁਸਕਲ ਦੀ ਸੂਰਤ ਵਿੱਚ support.gstat@gstn.org.in, 'ਤੇ ਈਮੇਲ ਭੇਜੀ ਜਾ ਸਕਦੀ ਹੈ।

7. ਇੰਟਰਵਿਊ/ਇੰਟਰੈਕਸ਼ਨ ਲਈ ਬੁਲਾਏ ਜਾਣ ਵਾਲੇ ਉਮੀਦਵਾਰਾਂ ਨੂੰ ਕੋਈ ਟੀਏ/ਡੀਏ ਨਹੀਂ ਦਿੱਤਾ ਜਾਵੇਗਾ। ਉਮੀਦਵਾਰਾਂ ਨੂੰ ਆਪਣੇ ਪ੍ਰਬੰਧ ਖੁਦ ਕਰਨੇ ਪੈਣਗੇ।
8. ਇਸਤਿਹਾਰ ਅਤੇ ਨਿਰਧਾਰਤ ਅਰਜੀ ਫਾਰਮ ਅਨੁਬੰਧਾਂ ਦੇ ਨਾਲ ਦਿੱਲੀ ਸਰਕਾਰ ਦੀ ਵੈੱਬਸਾਈਟ (https://delhitradetax.delhi.gov.in/ ), ਦਿੱਲੀ GST ਵਿਭਾਗ ਅਤੇ ਭਾਰਤ ਸਰਕਾਰ ਦੇ ਮਾਲੀਆ ਵਿਭਾਗ (https://dor.gov.in/) ਤੋਂ ਡਾਊਨਲੋਡ ਕੀਤੇ ਜਾ ਸਕਦੇ ਹਨ।
9. ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਈ ਕੋਈ ਵੀ ਅਰਜੀ ਜਾਂ ਉੱਪਰ ਦੱਸੇ ਅਨੁਸਾਰ ਜਰੂਰੀ ਬਿਆਨਾਂ, ਦਸਤਾਵੇਜਾਂ ਅਤੇ ਸੰਬੰਧਿਤ ਨੱਥੀ ਪੱਤਰਾਂ ਤੋਂ ਬਿਨਾਂ ਕਮੇਟੀ ਦੇ ਵਿਵੇਕ ਅਨੁਸਾਰ ਰੱਦ ਕਰਨ ਲਈ ਜਿੰਮੇਵਾਰ ਹੋਵੇਗੀ।

-ਐਸਡੀ-
(ਰਵਿੰਦਰ ਕੁਮਾਰ) ਸੰਯੁਕਤ ਸਕੱਤਰ (ਵਿੱਤ)

DIP/Shabdarth/Classified/0104/25-26

ਚੋਰਾਂ ਨੇ ਇਕ ਘਰ ਨੂੰ

**ਆਮੀਰ ਤੋਂ ਅਮੀਰ ਅਤੇ ਸਧਾਰਨ ਤੋਂ ਸਧਾਰਨ ਬੰਦਾ ਵਿਖਾਵੇ ਦੀ ਲਪੇਟ ਵਿਚ ਆ ਰਿਹਾ ਹੈ। ਇਸ ਪੂੰਜੀਵਾਦੀ ਨਿਜ਼ਾਮ ਵਿਚ ਹਰ ਚੀਜ਼ ਉਪਲੱਬਧ ਹੈ, ਬੱਸ ਤੁਹਾਡੇ ਕੋਲ ਪੈਸਾ ਹੋਣਾ ਚਾਹੀਦਾ ਹੈ ਇਸ ਨੂੰ ਖ਼ਰੀਦਣ ਲਈ ਬੇਸ਼ੱਕ ਇਹ ਪੈਸਾ ਤੁਸੀਂ ਕਰਜ਼ ਹੀ ਕਿਉਂ ਨਾ ਲਿਆ ਹੋਵੇ।**

# ਵਿਖਾਵੇ ਦੀ ਹੋੜ ’ਚ ਪਿਆ ਮਨੁੱਖ

ਪ੍ਰੋ. ਨਵ ਸੰਗੀਤ ਸਿੰਘ

ਆਧੁਨਿਕ ਯੁੱਗ ਪ੍ਰਤੀਯੋਗਤਾ ਦਾ ਯੁੱਗ ਹੈ। ਪ੍ਰਤੀਯੋਗਤਾ ਦੇ ਇਸ ਦੌਰ ਵਿਚ ਹਰ ਕੋਈ ਇਕ ਦੂਜੇ ਤੋਂ ਵੱਧ ਕੇ ਵਿਖਾਵਾ ਕਰਨਾ ਲੋਚਦਾ ਹੈ, ਚਾਹੇ ਇਸ ਦੇ ਲਈ ਉਹ ਨੂੰ ਕਰਜ਼ਾ ਵੀ ਕਿਉਂ ਨਾ ਚੁੱਕਣਾ ਪਵੇ। ਅਮੀਰ ਤੋਂ ਅਮੀਰ ਤੇ ਸਧਾਰਨ ਤੋਂ ਸਧਾਰਨ ਬੰਦਾ ਵੀ ਇਸ ਵਿਖਾਵੇ ਦੀ ਲਪੇਟ ਵਿਚ ਆ ਗਿਆ ਹੈ। ਇਸ ਪੂੰਜੀਵਾਦੀ ਨਿਜ਼ਾਮ ਵਿਚ ਹਰ ਚੀਜ਼ ਉਪਲੱਬਧ ਹੈ, ਬੱਸ ਤੁਹਾਡੇ ਕੋਲ ਪੈਸਾ ਹੋਣਾ ਚਾਹੀਦਾ ਹੈ। ਇਸ ਲੇਖ ਵਿਚ ਅਸੀਂ ਸਿਰਫ਼ ਵਿਆਹਾਂ ’ਤੇ ਹੁੰਦੀਆਂ ਫ਼ਜ਼ੂਲ-ਖ਼ਰਚੀਆਂ ਬਾਰੇ ਗੱਲ ਕਰਾਂਗੇ। ਮੈਂ ਆਪਣੇ ਵਿਆਹ ਦੀ ਗੱਲ ਦੱਸਦਾ ਹਾਂ। ਮੈਂ ਵਿਆਹ ਤੇ ਵਿਖਾਵੇ ਦੀ ਕੋਈ ਚੀਜ਼ ਨਹੀਂ ਸੀ ਕੀਤੀ। ਨਾ ਬੈਂਡ-ਵਾਜਾ ਲੈ ਕੇ ਗਿਆ ਤੇ ਨਾ ਹੀ ਵੀਡੀਓ ਜਾਂ ਫੋਟੋਗ੍ਰਾਫਰ। ਮੇਰੇ ਵੱਲੋਂ ਆਪਣੇ ਵਿਆਹ ਵਿਚ ਸਧਾਰਨਤਾ ਨੂੰ ਪਹਿਲ ਦਿੱਤੀ ਗਈ ਤੇ ਅਸੀਂ ਸਿਰਫ਼ ਇੱਕੀ ਮੈਂਬਰ ਵਿਆਹ ਵਿਚ ਸ਼ਾਮਲ ਹੋਏ। ਇਸ ਸਧਾਰਨਤਾ ਕਰਕੇ ਮੇਰੇ ਸਹੁਰੇ-ਪਰਿਵਾਰ ਵਾਲੇ ਬਹੁਤ ਸਾਰੀਆਂ ਵਿਖਾਵੇ ਦੀਆਂ ਰਸਮਾਂ ਕਰਨ ਤੋਂ ਵੀ ਵਾਂਝੇ ਰਹਿ ਗਏ। ਮੈਨੂੰ ਸ਼ਹਿਰੀ ਸਮਝ ਕੇ ਲੜਕੀ ਵਾਲਿਆਂ ਵੱਲੋਂ ਮੇਰਾ ਵਿਆਹ ਹੋਟਲ ਵਿਚ ਰੱਖਿਆ ਗਿਆ, ਜਦਕਿ ਪਿੰਡ ਵਿਚ ਮੇਰੇ ਸਹੁਰੇ-ਪਰਿਵਾਰ ਦਾ ਕਾਫ਼ੀ ਖੁੱਲ੍ਹਾ- ਡੁੱਲਾ ਘਰ ਸੀ ਜਿੱਥੇ ਬੜੇ ਆਰਾਮ ਨਾਲ ਬਰਾਤ ਤੇ ਮੈਂਬਰਾਂ ਦੀ ਆਓ-ਭਗਤ ਕੀਤੀ ਜਾ ਸਕਦੀ ਸੀ।

ਇਹੋ ਜਿਹੀ ਹੀ ਇਕ ਹੋਰ ਝਾਕੀ ਬੀਤੇ ਦਿਨੀਂ ਮੈਨੂੰ ਵੇਖਣ ਨੂੰ ਮਿਲੀ। ਮੇਰੀ ਇਕ ਵਿਦਿਆਰਥਣ ਦੀ ਸ਼ਾਦੀ ਸੀ। ਉਹਨੇ ਮੈਨੂੰ ਸ਼ਾਦੀ ਦਾ ਕਾਰਡ ਦਿੱਤਾ ਤੇ ਸ਼ਾਦੀ ’ਤੇ ਪਹੁੰਚਣ ਦੀ ਤਾਕੀਦ ਕੀਤੀ ਸੀ। ਉਂਝ ਤਾਂ ਮੈਂ ਵਿਆਹਾਂ-ਸ਼ਾਦੀਆਂ ਦੇ ਸਮਾਗਮਾਂ ਵਿਚ ਘੱਟ ਹੀ ਜਾਂਦਾ ਹਾਂ ਪਰ ਲੜਕੀ ਦੇ ਵਾਰ-ਵਾਰ ਕਹਿਣ ਤੇ ਮਜਬੂਰਨ ਮੈਨੂੰ ਜਾਣਾ ਪਿਆ। ਹਾਲਾਂਕਿ ਮੇਰੇ ਵਰਗੇ ਬੰਦੇ ਲਈ ਉੱਥੇ ਕੁਝ ਨਹੀਂ ਹੁੰਦ, ਖੈਰ...।

ਲੜਕੀ ਵਾਲਿਆਂ ਵੱਲੋਂ ਘਰ ਵਿਚ ਹੀ ਬਰਾਤ ਦਾ ਸਵਾਗਤ ਕੀਤਾ ਜਾਣਾ ਸੀ, ਜਿਸ ਦਾ ਜ਼ਿਕਰ ਕਾਰਡ ਵਿਚ ਵੀ ਕੀਤਾ ਹੋਇਆ ਸੀ ਪਰ ਐਨ ਮੌਕੇ ’ਤੇ ਮੌਸਮ ਖ਼ਰਾਬ ਹੋਣ ਕਰਕ (ਮੀਂਹ ਪੈਣ ਕਰਕੇ) ਲੜਕੀ ਵਾਲਿਆਂ ਨੇ ਨੇੜੇ ਦਾ ਇਕ ਮੈਰਿਜ ਪੈਲੇਸ ਖੜ੍ਹੇ ਪੈਰ ਮਹਿੰਗੇ ਮੁੱਲ ’ਤੇ ਬੁੱਕ ਕਰਵਾ ਲਿਆ। ਹਾਲਾਂਕਿ ਇਹਦੀ ਕੋਈ ਲੋੜ ਨਹੀਂ ਸੀ। ਵਿਆਹ ਵਾਲੀ ਲੜਕੀ ਦੀਆਂ ਕੁਝ ਸਹੇਲੀਆਂ (ਮੇਰੀਆਂ ਹੋਰ ਵਿਦਿਆਰਥਣਾਂ) ਵੀ ਵਿਆਹ ਵਿਚ ਪੂਰਾ ਸਜ-ਧੱਜ ਕੇ ਪੁੱਜੀਆਂ ਹੋਈਆਂ ਸਨ। ਠੰਢ ਬਹੁਤ ਪੈ ਰਹੀ ਸੀ ਤੇ ਉੱਤੋਂ ਮੀਂਹ ਵੀ ਪੈਣ ਲੱਗਾ ਪਰ ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਵਿਆਹ ਵਾਲੀ ਲੜਕੀ, ਜੋ ਉਂਜ ਵੀ ਨਾਜ਼ਕ/ ਪਤਲੀ ਜਿਹੀ ਸੀ, ਨੇ ਲਹਿੰਗਾ ਪਹਿਨਿਆ ਹੋਇਆ ਸੀ ਤੇ ਉਤੋਂ ਟਾਪ, ਬਿਨਾਂ ਬਾਹਵਾਂ ਦਾ। ਉਹਦੀਆਂ ਹੋਰ ਸਹੇਲੀਆਂ ਨੇ ਵੀ ਕਢਾਈ ਵਾਲੇ ਸੂਟ ਪਹਿਨੇ ਹੋਏ ਸਨ ਤੇ ਹੇਠਾਂ ਪੈਨਸਲ-ਹੀਲ ਦੇ ਸੈਂਡਲ। ਮੀਂਹ ਤੇ ਠੰਢ ਕਾਰਨ ਲੋਕ ਕੰਬਦੇ ਜਾ ਰਹੇ ਸਨ ਪਰ ਇਨ੍ਹਾਂ ਕੁੜੀਆਂ ਵੱਲ ਵੇਖ ਕੇ ਮੈਨੂੰ ਹੈਰਾਨੀ ਹੋ ਰਹੀ ਸੀ ਕਿ ਉਨ੍ਹਾਂ ਨੇ ਦਿਖਾਵੇ ਦੀ ਖ਼ਾਤਰ ਕਿੰਨਾ ਹਾਰ-ਸ਼ਿੰਗਾਰ ਕੀਤਾ ਹੋਇਆ ਸੀ ਤੇ ਸੂਟਾਂ ਦੀ ਕਢਾਈ ਵਿਖਾਉਣ ਲਈ ਕੋਈ ਵੀ ਜੈਕਿਟ ਵਗੈਰਾ ਨਹੀਂ ਸੀ ਪਹਿਨੀ। ਮੈਂ ਬਾਅਦ ਵਿਚ ਉਨ੍ਹਾਂ ਵਿਦਿਆਰਥਣਾਂ ਤੋਂ ਇਹੋ-ਜਿਹੀ ਸ਼ਾਨੋ- ਸ਼ੌਕਤ ਕਰਨ ਦਾ ਕਾਰਨ ਪੁੱਛਿਆ ਤਾਂ ਉਨ੍ਹਾਂ ਨੇ ਬਿਨਾਂ ਝਿਜਕ ਤੋਂ ਜਵਾਬ ਦਿੱਤਾ ਸਰ, ਇਹੋ ਤਾਂ ਮੌਕੇ ਹੁੰਦੇ ਨੇ ਸੱਜਣ-ਸੰਵਰਨ ਦੇ। ਕਦੇ-ਕਦਾਈਂ ਤਾਂ ਵਿਆਹਾਂ ’ਤੇ ਜਾਈਦੈ। ਜੇ ਬੰਦਾ ਸਧਾਰਨ ਜਿਹਾ ਬਣ ਕੇ ਜਾਵੇ ਤਾਂ ਉਹਨੂੰ ਕੋਈ ਵਿੰਹਦਾ ਹੀ ਨਹੀਂ। ਮੈਂ ਸੋਚਣ ਲੱਗਿਆ ਕੀ ਇਹੋ ਸਾਡਾ ਵਿਰਸਾ ਹੈ? ਸਾਡਾ ਵਿਰਸਾ ਇੰਨਾ ਸਮਰੱਥ ਹੈ ਕਿ ਅਸੀਂ ਪੰਜਾਬੀ ਪਹਿਰਾਵਾ (ਸਲਵਾਰ-ਕਮੀਜ਼, ਬਾਗ਼, ਫੁਲਕਾਰੀ) ਪਹਿਨ ਕੇ ਵੀ ਆਪਣਾ ਹਾਰ-ਸ਼ਿੰਗਾਰ ਪ੍ਰਗਟਾ ਸਕਦੇ ਹਾਂ। ਇਹੋ ਜਿਹੇ ਹੀ ਇਕ ਹੋਰ ਵਿਆਹ ਦੀ ਮੈਨੂੰ ਯਾਦ ਆ ਰਹੀ ਹੈ, ਜਿਸ ਵਿਚ ਕੁੜੀ ਵਾਲਿਆਂ ਨੇ 65 ਪ੍ਰਕਾਰ ਦੀਆਂ ਚੀਜ਼ਾਂ ਤਿਆਰ ਕੀਤੀਆਂ ਹੋਈਆਂ ਸਨ। ਕੁੜੀ ਵਾਲੇ ਤੇ ਕੁੜੀ ਵੀ ਮੇਰੀ ਜਾਣਕਾਰ ਸੀ ਤੇ ਇਹ ਗੱਲ ਕੁੜੀ ਨੇ ਮੈਨੂੰ ਖ਼ਾਸ ਤੌਰ ’ਤੇ ਦੱਸੀ ਸੀ ਕਿ ਉਹਦੇ ਵਿਆਹ ਵਿਚ ਕਿੰਨੀਆਂ ਖਾਣ-ਪੀਣ ਦੀਆਂ ਚੀਜ਼ਾਂ ਹਨ। ਜਦ ਮੈਂ ਉਹਨੂੰ ਪੁੱਛਿਆ ਕਿ ਤੂੰ ਕਿੰਨੀਆਂ ਚੀਜ਼ਾਂ ਦਾ ਸੁਆਦ ਵੇਖਿਆ ਤਾਂ ਉਹਨੇ ਦੱਸਿਆ ਕਿ ਇਕ ਦਾ ਵੀ ਨਹੀਂ। ਫਿਰ ਮੈਂ ਜਾਣਨਾ ਚਾਹਿਆ ਕਿ ਜੇ ਤੂੰ ਇਕ ਵੀ ਚੀਜ਼ ਨਹੀਂ ਖਾਧੀ ਤਾਂ ਫਿਰ ਇੰਨੀਆਂ ਚੀਜ਼ਾਂ ਬਣਾਉਣ ਦਾ ਕੀ ਫਾਇਦਾ। ਉਹਨੇ ਮਾਣ ਨਾਲ ਕਿਹਾ ਸੀ, ‘ਬਰਾਤੀਆਂ ਨੂੰ ਤਾਂ ਦੱਸਣਾ ਸੀ, ਵਿਖਾਉਣਾ ਸੀ ਕਿ ਅਸੀਂ ਵੀ ਕੋਈ ਚੀਜ਼ ਹਾਂ।’

ਇਵੇਂ ਹੀ ਇਕ ਹੋਰ ਮਿੱਤਰ ਦੇ ਵਿਆਹ ਦੀ ਘਟਨਾ ਹੈ। ਉਹਨੇ ਦਾਜ-ਦਹੇਜ ਲੈਣ ਤੋਂ ਸਾਫ਼ ਇਨਕਾਰ ਕਰਦਿਆਂ ਕੁੜੀ ਵਾਲਿਆਂ ਨੂੰ ਇੰਨਾ ਹੀ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਪਰ ਇੰਨਾ ਜ਼ਰੂਰ ਕਰਿਓ ਕਿ ਬਰਾਤ ਦੀ ਸੇਵਾ ਰੱਜ ਕੇ ਹੋਵੇ। ਉਹ ਵੀ ਇਹੋ ਵਿਖਾਉਣਾ ਚਾਹੁੰਦਾ ਸੀ ਕਿ ਬਰਾਤੀ ਕਿਸੇ ਗੱਲੋਂ ਨਾਰਾਜ਼ ਨਾ ਹੋ ਜਾਣ। ਮਤਲਬ ਦਾਰੂ ਵੀ ਹੋਵੇ ਤੇ ਮੁਰਗ-ਮੁਸੱਲਮ ਵੀ। ਅੱਜ ਕੱਲ੍ਹ ਦੇ ਵਿਆਹਾਂ ਦੀ ਤਾਂ ਗੱਲ ਛੱਡੋ, ਭੋਗਾਂ, ਮਰਨਿਆਂ-ਪਰਨਿਆਂ ਦੇ ਸਮਾਗਮਾਂ ਵਿਚ ਵੀ ਪੂਰਾ ਵਿਖਾਵਾ ਹੁੰਦਾ ਹੈ। ਮੌਤ ਦੇ ਭੋਗ ਤੇ ਲੱਡੂ, ਜਲੇਬੀਆਂ, ਪਕੌੜੇ ਪਰੋਸੇ ਜਾਂਦੇ ਹਨ। ਪਤਾ ਨਹੀਂ ਉਹ ਮੌਤ ਦੀ ਖ਼ੁਸ਼ੀ ਪ੍ਰਗਟ ਕਰ ਰਹੇ ਹੁੰਦੇ ਨੇ ਜਾਂ ਗ਼ਮੀ। ਜਦਕਿ ਮਰਗ ਦੇ ਭੋਗ ਤਾਂ ਬਹੁਤ ਹੀ ਸਧਾਰਨ ਹੋਣੇ ਚਾਹੀਦੇ ਹਨ, ਜਿੱਥੇ ਸਿਰਫ਼ ਬਾਹਰੋਂ ਆਏ ਮਹਿਮਾਨਾਂ ਲਈ ਹੀ ਰੋਟੀ-ਦਾਲ ਪਰੋਸੀ ਜਾਵੇ। ਵਿਆਹਾਂ ਉੱਤੇ ਮਹਿੰਗੇ ਮੈਰਿਜ ਪੈਲੇਸ, ਮਹਿੰਗੀਆਂ ਗੱਡੀਆਂ ਦੇ ਤੋਹਫ਼ੇ, ਸ਼ਰਾਬਾਂ, ਫਾਲਤੂ ਭੋਜਨ, ਖਾਣੇ ਦੀਆਂ ਸਟਾਲਾਂ, ਡੀਜੇ, ਲਾਈਟਾਂ ਦੀ ਚਕਾਚੌਂਧ, ਬੰਦੂਕਾਂ ਦੇ ਫਾਇਰ ਆਦਿ ਸਾਡੀ ਆਪ ਸਹੇੜੀ ਬਰਬਾਦੀ ਦੇ ਕਾਰਨ ਹਨ ਜਿਹਨੂੰ ਆਮ ਸ਼ਬਦਾਂ ਵਿਚ ‘ਅੱਡੀਆਂ ਚੁੱਕ ਕੇ ਫਾਹਾ ਲੈਣਾ’ ਕਿਹਾ ਜਾਂਦਾ ਹੈ। ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਇਹੋ ਜਿਹੇ ਸਮਾਗਮਾਂ ਵਿਚ ਕੀਤੀ ਫ਼ਜ਼ੂਲ ਖ਼ਰਚੀ ਅਤੇ ਲੋੜ ਤੋਂ ਵੱਧ ਵਿਖਾਵਾ ਸਾਡੀ ਬਰਬਾਦੀ ਦਾ ਕਾਰਨ ਬਣ ਸਕਦੀ ਹੈ। •

94176-92015



## ਦਾਜ ਲੈਣ ਤੋਂ ਇਨਕਾਰ

*ਇਕ ਮਿੱਤਰ ਦੇ ਵਿਆਹ ਦੀ ਘਟਨਾ ਹੈ। ਉਹਨੇ ਦਾਜ-ਦਹੇਜ ਲੈਣ ਤੋਂ ਸਾਫ਼ ਇਨਕਾਰ ਕਰਦਿਆਂ ਕੁੜੀ ਵਾਲਿਆਂ ਨੂੰ ਇੰਨਾ ਹੀ ਕਿਹਾ ਕਿ ਮੈਨੂੰ ਕਿਸੇ ਚੀਜ਼ ਦੀ ਲੋੜ ਨਹੀਂ ਪਰ ਇੰਨਾ ਜ਼ਰੂਰ ਕਰਿਓ ਕਿ ਬਰਾਤ ਦੀ ਸੇਵਾ ਰੱਜ ਕੇ ਹੋਵੇ। ਉਹ ਵੀ ਇਹੋ ਵਿਖਾਉਣਾ ਚਾਹੁੰਦਾ ਸੀ ਕਿ ਬਰਾਤੀ ਕਿਸੇ ਗੱਲੋਂ ਨਾਰਾਜ਼ ਨਾ ਹੋ ਜਾਣ। ਮਤਲਬ ਦਾਰੂ ਵੀ ਹੋਵੇ ਤੇ ਮੁਰਗ-ਮੁਸੱਲਮ ਵੀ। ਦੱਸੋ ਭਲਾ ਇਹ ਕੀ ਗੱਲ ਹੋਈ। ਜੇ ਅਸਲੀਅਤ ਵਿਚ ਤੁਸੀਂ ਚਾਹੁੰਦੇ ਹੋ ਕਿ ਵਿਖਾਵਾ ਨਾ ਕੀਤਾ ਜਾਵੇ ਤਾਂ ਸੱਚ ਮੁੱਚ ਹੀ ਅਜਿਹੀਆਂ ਰਸਮਾਂ ਤੋਂ ਪ੍ਰਹੇਜ਼ ਕਰੋ ਜੋ ਖ਼ਰਚੀਲੀਆਂ ਹਨ।*

# ਇਨਸਾਨ ਜੋ ਬੀਜਦਾ ਓਹੀ ਵੱਢਦੈ

ਜੀਤ ਹਰਜੀਤ

ਸਮੇਂ ਅਤੇ ਜ਼ਿੰਦਗੀ ਵਿਚਕਾਰ ਇਕ ਸਮਾਨਤਾ ਜੋ ਮੈਨੂੰ ਨਜ਼ਰ ਆਉਂਦੀ ਹੈ ਉਹ ਇਹ ਹੈ ਕਿ ਇਹ ਦੋਨੋਂ ਕਦੇ ਕਿਸੇ ਲਈ ਰੁਕਦੇ ਨਹੀਂ ਜਾਂ ਇਹ ਕਹਿ ਲਓ ਕਿ ਰੁਕਣਾ ਇਨ੍ਹਾਂ ਦੇ ਸਭਾਅ ਵਿਚ ਹੀ ਨਹੀਂ। ਸਮੇਂ ਨੂੰ ਬੇਸ਼ੱਕ ਤਕਨੀਕੀ ਮਾਹਿਰਾਂ ਨੇ ਘੜੀਆਂ ਵਿਚ ਬੰਨ੍ਹਣ ਦੀ ਵੀ ਕੋਸ਼ਿਸ਼ ਕੀਤੀ ਪਰ ਇਸ ਨੇ ਆਪਣਾ ਸਭਾਅ ਨਹੀਂ ਬਦਲਿਆ। ਤਕਨੀਕ ਨਾਲ ਬਣੀਆਂ ਘੜੀਆਂ ਭਾਵੇਂ ਰੁੱਕ ਗਈਆਂ ਪਰ ਸਮਾਂ ਨਹੀਂ ਰੁਕਿਆ। ਇਸ ਤਰ੍ਹਾਂ ਹੀ ਜ਼ਿੰਦਗੀ ਹੈ। ਇਹ ਸਦਾ ਹੀ ਚਲਦੀ ਰਹਿੰਦੀ ਹੈ। ਕਿਸੇ ਦੇ ਜਾਣ-ਆਉਣ, ਹੋਣ ਨਾ ਹੋਣ ਦਾ ਇਸ ’ਤੇ ਕੋਈ ਅਸਰ ਨਹੀਂ ਹੁੰਦਾ। ਮਹੌਲ ਕੋਈ ਵੀ ਹੋਵੇ ਦੁੱਖ ਹੋਣ ਜਾਂ ਫਿਰ ਖ਼ੁਸ਼ੀਆਂ ਨਾਲ ਪੱਲੇ ਲੱਦੇ ਹੋਣ ਜ਼ਿੰਦਗੀ ਸਦਾ ਚਲਦੀ ਰਹਿੰਦੀ ਹੈ। ਸ਼ਾਇਦ ਇਸ ਲਈ ਹੀ ਬੁਰੇ ਵਕਤ ਵਿਚ ਹੌਸਲਾ ਦਿੰਦੇ ਹੋਏ ਸਿਆਣੇ ਕਹਿੰਦੇ ਹਨ, ‘ਕੋਈ ਨਾ ਭਾਈ ਜੇ ਦਿਨ ਉਹ ਨ੍ਹੀਂ ਰਹੇ ਤਾਂ ਰਹਿਣੇ ਇਹ ਵੀ ਨਹੀਂ ਹੌਸਲਾ ਰੱਖੋ, ਇਹ ਸਮਾਂ ਵੀ ਲੰਘ ਜਾਏਗਾ।’ ਉਨ੍ਹਾਂ ਦਾ ਇਹ ਕਥਨ ਸਦਾ ਚਲਦੇ ਰਹਿਣ ਵਾਲੇ ਸਮੇਂ ਦੇ ਸੁਭਾਅ ਦੀ ਬਾਤ ਪਾਉਂਦਾ ਹੈ। ਮੈਂ ‘ਬਾਲ ਦਿਵਸ’ ’ਤੇ ਛਪੀ ਇਕ ਰਿਪੋਰਟ ਵਿਚ ਪੜ੍ਹਿਆ ਕਿ ਜਿਨਾਂ ਨਵ-ਜੰਮਿਆਂ ਬੱਚਿਆਂ ਨੂੰ ਜੰਮਣ ਵਾਲੇ ਰੂੜੀਆਂ, ਗਲੀਆਂ, ਨਾਲੀਆਂ ’ਚ ਸੁੱਟ ਗਏ ਸੀ ਉਨ੍ਹਾਂ ਦੀ ਜ਼ਿੰਦਗੀ ਨੇ ਵੀ ਉਨ੍ਹਾਂ ਨੂੰ ਵਿਦੇਸ਼ਾਂ ਤੱਕ ਦੀਆਂ ਉਡਾਣਾਂ ਭਰਾਈਆਂ ਹਨ। ਉਨ੍ਹਾਂ ਵਿੱਚੋਂ ਕਈ ਅਜਿਹੇ ਵੀ ਸਨ ਜਿਨ੍ਹਾਂ ਦਾ ਪਾਲਣ-ਪੋਸ਼ਣ ਕਰਨ ਤੋਂ ਉਨ੍ਹਾਂ ਦੇ ਮਾਪਿਆਂ ਨੇ ਆਰਥਿਕ ਮੰਦੀ ਕਾਰਨ ਹੱਥ ਖੜ੍ਹੇ ਕਰ ਦਿੱਤੇ ਸਨ ਤੇ ਕੁਝ ਬੱਚੇ ਅਜਿਹੇ ਵੀ ਸਨ ਜੋ ਨਜ਼ਾਇਜ ਤਰੀਕਿਆਂ ਨਾਲ ਪੈਦਾ ਹੋਏ ਸਨ। ਇਸ ਰਿਪੋਰਟ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ।

ਇਕੱਲੇ ਪੰਜਾਬ ਦੀ ਗੱਲ ਕਰੀਏ ਤਾਂ ਪਿਛਲੇ ਪੰਜ ਸਾਲਾਂ ਵਿਚ ਅਜਿਹੇ ਕੇਸਾਂ ਵਿੱਚੋਂ ਚਾਰ ਸੌ ਦੇ ਕਰੀਬ ਬੱਚੇ ਆਪਣੇ ਮੁਕੱਦਰ ਕਾਰਨ ਸਿਕੰਦਰ ਬਣਨ ਵਿਚ ਕਾਮਯਾਬ ਰਹੇ। ਇਨ੍ਹਾਂ ਸਾਰਿਆਂ ਨੇ ਆਪਣੇ-ਆਪਣੇ ਲੇਖਾਂ ਦੀਆਂ ਲਿਖੀਆਂ ਮੁਤਾਬਿਕ ਕਿੱਥੋਂ ਵਿਛੜ ਕੇ ਕਿੱਥੇ ਜਾਣਾ ਸੀ ਉਸ ਬਾਰੇ ਕਿਸੇ ਨੂੰ ਨਹੀਂ ਪਤਾ ਸੀ। ਇਨ੍ਹਾਂ ਵਿੱਚੋਂ ਇਕ ਬੱਚੇ ਦੇ ਲੇਖ ਤਾਂ ਦੇਖੋ ਜਿਸ ਨੂੰ ਇਕ ਨਾਬਾਲਗ ਮਾਂ ਨੇ ਜਨਮ ਦਿੱਤਾ, ਇਸ ਤੋਂ ਪਹਿਲਾਂ ਕਿ ਉਸ ਦੇ ਮੱਥੇ ’ਤੇ ਗ਼ੈਰਕਾਨੂੰਨੀ ਹੋਣ ਦਾ ਦਾਗ਼ ਲੱਗਦਾ ਉਸ ਨੂੰ ਹਾਈਕੋਰਟ ਦੇ ਜੱਜ ਨੇ ਗੋਦ ਲੈ ਲਿਆ। ਲੁਧਿਆਣਾ ਦੇ ਰੇਲਵੇ ਸਟੇਸ਼ਨ ਲਾਗੇ ਕੂੜੇ ਦੇ ਢੇਰ ਵਿੱਚੋਂ ਜਦੋਂ ਕਿਸੇ ਬੱਚੇ ਦੇ ਰੋਣ ਦੀ ਆਵਾਜ਼ ਇਕ ਰਾਹਗੀਰ ਦੇ ਕੰਨੀ ਪਈ ਤਾਂ ਉਸ ਨੇ ਉੱਥੋਂ ਦੇ ਲੋਕਾਂ ਦੀ ਮੱਦਦ ਉਸ ਨੂੰ ਫੌਰੀ ਹਸਪਤਾਲ ਪਹੁੰਚਾਇਆ, ਜੋ ਸਿਰਫ਼ 600 ਕਿੱਲੋਗਰਾਮ ਦਾ ਸੀ ਤੇ ਅੱਜ ਕੱਲ੍ਹ ਉਹ ਪੂਰੀ ਤਰ੍ਹਾਂ ਤੰਦਰੁਸਤ ਕਰੀਬ 10 ਕਿੱਲੋ ਦਾ ਹੋ ਗਿਆ ਹੈ ਤੇ ਉਸ ਨੂੰ ਅਮਰੀਕਾ ਦੇ ਇਕ ਗੋਰੇ ਨੇ ਗੋਦ ਲੈ ਲਿਆ ਹੈ। ਅਜਿਹੇ ਹੀ ਹੋਰ ਅਨੇਕਾਂ ਕੇਸ ਸਾਹਮਣੇ ਆਏ ਹਨ ਜਿਨ੍ਹਾਂ ਨੂੰ ਜਨਮ ਦੇਣ ਵਾਲਿਆਂ ਨੇ ਨਕਾਰਿਆ ਪਰ ਉਹ ਹੁਣ ਖ਼ੁਸ਼ੀਆਂ ਭਰਿਆ ਬਚਪਨ ਬਤੀਤ ਕਰ ਰਹੇ ਹਨ। ਇਨ੍ਹਾਂ ਸਾਰਿਆਂ ਬੱਚਿਆਂ ਦਾ ਜੀਵਨ ਸਾਡੇ ਸਭ ਲਈ ਪ੍ਰੇਰਨਾ ਸਰੋਤ ਹੈ ਕਿ ਸਾਡੇ ਹੱਥਾਂ ਵਿਚ ਸਿਰਫ਼ ‘ਅੱਜ’ ਹੈ, ਜਿਸ ਨੂੰ ਵਧੀਆ ਕਰ ਕੇ ਗੁਜ਼ਾਰਾ ਸਾਡੇ ਅਸਲੀ ਫ਼ਰਜ਼ ਅਤੇ ਇਨਸਾਨੀਅਤ ਦਾ ਮੁੱਢਲਾ ਧਰਮ ਹੈ

ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਸਭ ਦੇ ਉਲਟ ਦੂਸਰੇ ਪਾਸੇ ਉਹ ਲੋਕ ਹਨ ਜੋ ਸਮੱਸਿਆਵਾਂ ਕਾਰਨ ਖ਼ੂਬਸੂਰਤ ਜ਼ਿੰਦਗੀ ਤੋਂ ਨਿਰਾਸ਼ ਹੋ ਕੇ ਬੈਠ ਜਾਂਦੇ ਹਨ। ਜ਼ਿੰਦਗੀ ਦੀ ਜੰਗ ਜਿੱਤਣ ਵਾਲੇ ਇਨ੍ਹਾਂ ਬੱਚਿਆਂ ਦਾ ਜੀਵਨ ਉਨ੍ਹਾਂ ਲੋਕਾਂ ਲਈ ਖ਼ਾਸ ਤੌਰ ’ਤੇ ਪ੍ਰੇਰਨਾਦਾਇਕ ਹੈ ਜੋ ਸਭ ਕੁਝ ਹੋਣ ਦੇ ਬਾਵਜੂਦ ਵੀ ਨਿਰਾਸ਼ਾ ਭਰਿਆ ਜੀਵਨ ਬਿਤਾ ਰਹੇ ਹਨ। ਜਿਸ ਤਰ੍ਹਾਂ ਮੈਂ ਪਹਿਲਾਂ ਕਹਿ ਚੁੱਕਾ ਹਾਂ ਕਿ ਜ਼ਿੰਦਗੀ ਕਦੇ ਨਹੀਂ ਰੁਕਦੀ। ਹਾਂ ਕਈ ਵਾਰ ਇਹ ਜ਼ਰੂਰ ਹੁੰਦਾ ਹੈ ਕਿ ਕੁਝ ਤੁਹਾਡੀ ਸੋਚ ਤੋਂ ਉਲਟ ਵਾਪਰ ਜਾਂਦਾ ਹੈ ਜਿਸ ਨੂੰ ਆਪਾਂ ਮਾੜਾ ਵਕਤ ਆਖ ਲੈਂਦੇ ਹਾਂ ਪਰ ਲੰਘ ਇਹ ਮਾੜਾ ਵਕਤ ਵੀ ਜਾਂਦਾ ਹੈ ਕਿਉਂਕਿ ਜਦੋਂ ਚੰਗੇ ਸਮੇਂ ਨੂੰ ਕੋਈ ਰੋਕ ਨਹੀਂ ਸਕਿਆ ਤਾਂ ਨਹੀਂ ਰੁਕਣਾ ਮਾੜੇ ਨੇ ਵੀ ਨਹੀਂ, ਜ਼ਰੂਰਤ ਹੈ ਉਸ ਵਕਤ ਆਪਣੇ ਹੌਸਲੇ ਨੂੰ ਬਣਾ ਕੇ ਰੱਖਣ ਦੀ। ਸਾਨੂੰ ਆਪਣੇ ਮਨ ਨੂੰ ਇਸ ਕਦਰ ਕੋਮਲ ਰੱਖਣਾ ਚਾਹੀਦਾ ਹੈ ਕਿ ਜਦੋਂ ਕਦੇ ਪ੍ਰਸਥਿਤੀਆਂ ਸਾਡੀ ਸੋਚ ਦੇ ਵਿਰੁੱਧ ਬਣਨ ਅਸੀਂ ਉਨ੍ਹਾਂ ਨੂੰ ਸਹਿਣ ਕਰ ਸਕੀਏ। ਇਹ ਹੋ ਸਕਦਾ ਹੈ ਕਿ ‘ਅੱਜ’ ਤੁਹਾਡੀ ਸੋਚ ਦੇ ਹਾਣ ਦਾ ਨਾ ਹੋਵੇ ਪਰ ਇਹ ਨਹੀਂ ਹੋ ਸਕਦਾ ਕਿ ਆਉਣ ਵਾਲਾ ਸਮਾਂ ਤੁਹਾਡੀ ਸੋਚ ਮੁਤਾਬਕ ਨਹੀਂ ਹੋਵੇਗਾ। ਆਪਣੀ ਮਿੱਥੀ ਮੰਜ਼ਿਲ ਲਈ ਸਦਾ ਮਿਹਨਤ ਕਰਦੇ ਰਹੋ। ਸੱਚੀ ਲਗਨ ਇਕ ਨਾ ਇਕ ਦਿਨ ਜ਼ਰੂਰ ਤੁਹਾਨੂੰ ਤੁਹਾਡੀ ਮੰਜ਼ਿਲ ’ਤੇ ਲੈ ਪਹੁੰਚੇਗੀ।

ਨਿਰਾਸ਼ ਹੋਣਾ, ਥੱਕ ਹਾਰ ਕੇ ਬੈਠਣਾ ਇਨਸਾਨ ਹਿੱਸੇ ਨਹੀਂ ਆਉਂਦਾ। ਇਨਸਾਨ ਦਾ ਧਰਮ ਹੈ ਸਦਾ ਚਲਦੇ ਰਹਿਣਾ। ਮਾਨਸ ਜਨਮ ਬਹੁਤ ਕੀਮਤੀ ਹੈ ਇਸ ਨੂੰ ਜਾਇਆ ਨਾ ਗਵਾਓ। ਤੁਹਾਡਾ ਆਉਣ ਵਾਲਾ ਕੱਲ੍ਹ ਤੁਹਾਡੇ ਹੱਥ ਵਿਚ ਨਹੀਂ, ਅੱਜ ਜ਼ਰੂਰ ਤੁਹਾਡੇ ਕੋਲ ਹੈ। ਕਿਸੇ ਵਿਦਵਾਨ ਦਾ ਕਹਿਣਾ ਹੈ ਕਿ ਜੇ ਤੁਸੀਂ ਆਉਣ ਵਾਲਾ ਸਮਾਂ ਸੋਹਣਾ ਦੇਖਣਾ ਚਾਹੁੰਦੇ ਹੋ ਤਾਂ ਆਪਣੇ ਅੱਜ ਨੂੰ ਸੋਹਣਾ ਕਰਕੇ ਗੁਜ਼ਾਰੋ। ਹਰ ਇਨਸਾਨ ਨੂੰ ਹਰ ਰੋਜ਼ ਇਕ ਜ਼ਿੰਦਗੀ ਰੂਪੀ ਸਾਫ਼ ਕਾਗ਼ਜ਼ ਮਿਲਦਾ ਹੈ ਇਹ ਉਸ ਇਨਸਾਨ ਦੇ ਹਿੱਸੇ ਹੈ ਉਸ ਨੇ ਇਸ ਕਾਗ਼ਜ਼ ਉੱਤੇ ਕਿਹੋ ਜਿਹੀਆਂ ਲੀਕਾਂ ਵਾਹੁਣੀਆਂ ਹਨ। ਇਨਸਾਨ ਉਸ ਕਾਗ਼ਜ਼ ਉੱਤੇ ਜਿਹੋ ਜਿਹਾ ਲਿਖਦਾ ਹੈ ਓਵੇਂ ਦਾ ਹੀ ਫ਼ਲ ਉਸ ਨੂੰ ਜੀਵਨ ਦੇ ਰੂਪ ਵਿਚ ਮਿਲਦਾ ਹੈ ਜਾਂ ਇੰਝ ਵੀ ਕਹਿ ਸਕਦੇ ਹਾਂ ਕਿ ਇਨਸਾਨ ਜੋ ਬੀਜਦਾ ਓਹੀ ਵੱਢਦੈ। •

97816-77772





# ਔਰਤ ਲਈ ਮਾਣ ਵਾਲੀ ਗੱਲ ਹੈ ਸਿਰ ਕੱਜਣਾ

ਰਾਜਿੰਦਰ ਕੌਰ ਚੌਹਕਾ

ਇਸਤਰੀਆਂ ਲਈ ਪਰਦਾ, ਬੁਰਕਾ, ਘੁੰਡ, ਹਿਜ਼ਾਬ ਰਾਹੀਂ ਆਪਣਾ ਚਿਹਰਾ ਛੁਪਾਉਣ ਨੇ ? ਮੌਜੂਦਾ ਉਸਾਰੂ ਸੋਚ, ਤਰਕਸ਼ੀਲਤਾ ਅਤੇ ਇਸਤਰੀ ਦੀ ਮਾਣ-ਮਰਿਆਦਾ ਜਿਹੇ ਸਵਾਲਾਂ ਪ੍ਰਤੀ ਸਮਾਜ ਅੰਦਰ ਅੱਜ ! ‘ਇਸਤਰੀ ਅਧਿਕਾਰਾਂ’ ਲਈ ਇਕ ਨਵੀਂ ਚੁਣੌਤੀ ਦੇ ਪ੍ਰਤੀ ਇਕ ਨਵੀਂ ਬਹਿਸ ਛੇੜ ਦਿੱਤੀ ਹੈ ? ਸ੍ਰੀਲੰਕਾ ਵਿਚ ਦਹਿਸ਼ਤਗਰਦੀ ਦੀ ਘਟਨਾ ਤੋਂ ਬਾਅਦ ਬੁਰਕੇ ’ਤੇ ਲੱਗੀ ਪਾਬੰਦੀ ਨੇ ਭਾਰਤ ਵਿਚ ‘ਬੁਰਕਾ ਬਨਾਮ ਘੁੰਡ’ ਨੂੰ ਇਕ ਨਵੇਂ ਵਾਦ-ਵਿਵਾਦ ਨੂੰ ਜਨਮ ਦਿੱਤਾ ਹੈ ਪ੍ਰੰਤੂ ! ਬੁਰਕੇ ’ਤੇ ਪਾਬੰਦੀ ਦੇ ‘ਹੱਕ ਤੇ ਵਿਰੋਧ’ ਵਿਚ ਉੱਠੀ ਬਹਿਸ ਦੇ ਨਾਲ ‘ਆਸਕਰ-ਪੁਰਸਕਾਰ’ ਜਿਤਣ ਵਾਲੇ ਸੰਗੀਤਕਾਰ ਏਆਰਰਹਿਮਾਨ ਦੀ ਲੜਕੀ ‘ਖ਼ਦੀਜ਼ਾ’ ਦੇ ਨਕਾਬ ਪਾਏ ਜਾਣ ਤੇ ਉਸ ਦੀ ਇਹ ਵਾਇਰਲ ਹੋਈ ਤਸਵੀਰ ਨੇ ਬਹਿਸ ਦਾ ਰੁੱਖ ਹੀ ਬਦਲ ਦਿੱਤਾ ਹੈ ! ਇਹ ਸਵਾਲ ਵੀ ਉਭਰ ਕੇ ਸਾਹਮਣੇ ਆਇਆ ਕਿ ਕੀ ਪਰਦੇ ਦੇ ਰਿਵਾਜ ਤੇ ਪਾਬੰਦੀ ਉੱਪਰ ਇਸਤਰੀਆਂ ਦੇ ਅਧਿਕਾਰਾਂ ਦੀ ਉਲੰਘਣਾ ਤਾਂ ਨਹੀਂ ਹੋ ਰਹੀ ਹੈ ? ਜਿਸ ਤਰ੍ਹਾਂ ਕਿ ਪਿੱਛਲੇ ਸਾਲ ‘ਸੰਯੁਕਤ ਰਾਸ਼ਟਰ’ ਦੀ ਮਨੁੱਖੀ ਅਧਿਕਾਰ ਸੰਮਤੀ ਨੇ ਬੁਰਕੇ ਉੱਪਰ ਲਾਈ ਪਾਬੰਦੀ ਨੂੰ ਨਾ-ਬਾਜਵ ਦੱਸਦਿਆਂ ਕਿਹਾ ਸੀ ਕਿ ‘ਇਹ ਨਾ ਸਿਰਫ਼ ਇਸਤਰੀਆਂ ਦੇ ਅਧਿਕਾਰਾਂ ਦੀ ਉਲੰਘਣਾ ਹੈ ਬਲਕਿ ਉਨ੍ਹਾਂ ਦੇ ਧਾਰਮਿਕ-ਵਿਸ਼ਵਾਸ ਨੂੰ ਵੀ ਧੱਕਾ ਲੱਗਦਾ ਹੈ ? ‘ਉੱਥੇ ਹੀ ‘ਅਮੈਨੇਸਟੀ-ਇੰਟਰਨੈਸ਼ਨਲ’ ਵੀ ਬੁਰਕੇ ਦੇ ਰੋਕ ਦੇ ਵਿਰੋਧ ਵਿਚ ਹੈ! ਇਸ ਜਥੇਬੰਦੀ ਦਾ ਇਹ ਵੀ ਮੰਨਣਾ ਹੈ ਕਿ, ‘ਇਸਤਰੀਆਂ ਲਈ ਸਸ਼ਕਤੀਕਰਨ ਦਾ ਉਦੇਸ਼, ਉਨ੍ਹਾਂ ਲਈ ਮੌਜੂਦਾ ਮੌਕਿਆਂ ਨੂੰ ਵਧਾਉਣਾ ਹੈ, ਨਾ ਕਿ ਮੌਜੂਦਾ ਮੌਕਿਆਂ ਨੂੰ ਹੋਰ ਵੀ ਸੀਮਤ ਕਰ ਦੇਣਾ ਹੈ ?’

### ਔਰਤ ਦੀ ਮਰਜ਼ੀ

ਕੇਰਲ ਦੀ ਬਾਡੀ ਬਿਲਡਰ ‘ਮਜੀਜ਼ੀਆ ਭਾਨੂੰ ਦੇ ਮੁਤਾਬਿਕ’ ਜੇਕਰ ਕੋਈ ਇਸਤਰੀ ਆਪਣੇ ਸਰੀਰ ਨੂੰ ਦਿਖਾਉਣ ਲਈ ਆਜ਼ਾਦ ਹੈ ਤਾਂ ਉਸ ਨੂੰ ਆਪਣੇ ਸਰੀਰ ਨੂੰ ਢੱਕਣ ਲਈ ਵੀ ਆਜ਼ਾਦੀ ਚਾਹੀਦੀ ਹੈ ?’ ਇਸ ਤਰ੍ਹਾਂ ਪਰਦੇ ਦਾ ਅਧਿਕਾਰ ਸਿਰਫ਼ ਔਰਤ ਦੀ ਮਰਜ਼ੀ ਤੇ ਹੀ ਛੱਡ ਦੇਣਾ ਮੁਨਾਸਿਬ ਨਹੀਂ ਹੋਵੇਗਾ? ਅੱਜ ਦੇ ਇਸ ਪ੍ਰਗਤੀਸ਼ੀਲ ਸਮਾਜ ਦਾ ਭਾਵੇਂ! ਇਕ ਵਰਗ ਇਸ ਨੂੰ ਪੁਰਾਣੀ ਪਰੰਪਰਾਵਾਂ ਦੇ ਨਾਲ ਜੋੜ ਕੇ ਦੇਖ ਰਿਹਾ ਹੈ ਪਰ ਵਿਕਾਸਸ਼ੀਲ-ਭਾਰਤ ਤੇ ਅਮਰੀਕਾ ਸਮੇਤ ਕਈ ਵਿਕਸਤ ਦੇਸ਼ਾਂ ਵਿਚ ਵੀ ਉਨ੍ਹਾਂ ਇਸਤਰੀਆਂ ਦੀਆਂ ਉਦਾਹਰਣਾਂ ਸਾਡੇ ਸਾਹਮਣੇ ਹਨ, ਜਿਨ੍ਹਾਂ ਨੇ ਇਸ ਪਰੰਪਰਾ ਨੂੰ ਸਦਾ ਹੀ ਆਪਣੇ ਅਧਿਕਾਰਾਂ ਤਹਿਤ ਨਿਭਾਉਂਦੇ ਹੋਏ ਹਿਜ਼ਾਬ ਪਾ ਕੇ ਸਿਰਫ਼ ਮਾਡਲਿੰਗ ਹੀ ਨਹੀਂ ਕੀਤੀ ਸੀ ? ਬਲਕਿ, ਵਾਕਈ ‘ਬਾਡੀ ਬਿਲਡਰ ਚੈਂਪੀਅਨ ਪ੍ਰਤੀਯੋਗਤਾ’ ਵਿਚ ਵੀ ਆਪਣੀ ਬੁਲੰਦੀ ਦਾ ਝੰਡਾ ਵੀ ਗੱਡਿਆ। ਕੁਝ ਸਮੇਂ ਪਹਿਲਾਂ ਫਿਲਮ ‘ਦੰਗਲ’ ਵਿਚ ਆਪਣੀ ਭੂਮਿਕਾ ਨਿਭਾ ਚੁੱਕੀ ‘ਜਾਇਰਾ-ਵਸੀਮ’ ਨੇ ਇਹ ਕਹਿ ਕੇ, ਹਿਜ਼ਾਬ ਪਾ ਕੇ ਇਸਤਰੀਆਂ, ਖ਼ੂਬਸੂਰਤ ਅਤੇ ਸੁਤੰਤਰ ਹੁੰਦੀਆਂ ਹਨ।

ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਬੁਰਕਾ, ਘੁੰਡ ਜਾਂ ਹਿਜ਼ਾਬ ਇਸਤਰੀਆਂ ਦੀ ਆਜ਼ਾਦੀ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਜਾਂ ਪਰਦੇ ਨੂੰ ਇਸਤਰੀਆਂ ਦੀ ਆਜ਼ਾਦੀ ਦੇ ਰਾਹ ਵਿਚ ਪਈਆਂ ਬੇੜੀਆਂ ਵਾਂਗ ਦੇਖਣਾ ਚਾਹੀਦਾ ਹੈ ? ਸਮੇਂ ਦੀ ਮੰਗ ਇਹ ਹੈ, ‘ਕਿ ਇਸ ਲਈ ਫ਼ੈਸਲਾ ਲੈਣ ਦਾ ਅਧਿਕਾਰ ਇਸਤਰੀ ਉੱਪਰ ਛੱਡ ਦੇਣਾ ਚਾਹੀਦਾ ਹੈ। ਆਪਣੇ ਹਾਲਾਤ ਮੁਤਾਬਿਕ ਸੋਚ ਕੇ ਉਹ ਸਭ ਕੁਝ ਤੈਅ ਕਰੇ ਕਿ, ਕੀ ਪਰਦਾ ਉਸ ਦੀ ਪੁਰਾਤਨ ਹੋ ਰਹੀ ਸੰਸਕ੍ਰਿਤੀ ਦਾ ਇਕ ਹਿੱਸਾ ਹੈ? ਜਾਂ ਉਸ ਦੀ ਆਜ਼ਾਦੀ ਜਾਂ ਉਸ ਦੇ ਵਿਅਕਤੀਤਵ ਦੇ ਰਸਤੇ ਵਿਚ ਰੋੜਾ ਹੈ ?’ ਕਿਉਂਕਿ ਭਾਰਤ ਵਿਚ ਘੁੰਡ ਜਿੱਥੇ ਇਕ ਸੰਸਕ੍ਰਿਤੀ ਨਾਲ ਜੁੜੀ ਹੋਈ ਪਰੰਪਰਾਂ ਹੀ ਨਹੀਂ? ਸਗੋਂ ਇਹ ਇਕ ਗ਼ੁਲਾਮੀ ਦਾ ਵੀ ਪ੍ਰਤੀਕ ਹੈ ?’

### ਪੀੜ੍ਹੀ-ਦਰ ਪੀੜ੍ਹੀ ਚਲਣ ਵਾਲੀ ਗ਼ੁਲਾਮੀ

ਪਰਦਾ ਪੀੜ੍ਹੀ-ਦਰ ਪੀੜ੍ਹੀ ਚਲਣ ਵਾਲੀ ‘ਗ਼ੁਲਾਮੀ’ ਦੀ ਇਕ ਲਕੀਰ ਵੀ ਹੈ, ਜੋ ਅੱਗੋਂ ਇਹੋ ਜਿਹੀ ਪਰੰਪਰਾ ਰੂਪ ਧਾਰ ਗਈ, ‘ਜਿੱਥੇ ਆਪਣੇ ਤੋਂ ਵੱਡਿਆਂ ਦਾ ਆਦਰ ਕਰਨ ਦੇ ਰੂਪ ਵਿਚ ਦੇਖਿਆ ਜਾਂਦਾ ਸੀ ਅਤੇ ਸਿਰ ਢੱਕ ਕੇ ਰੱਖਣ ਦੀ ਪਰੰਪਰਾ ਚਲਦੀ ਹੀ ਰਹੀ। ਸਾਮੰਤਵਾਦੀ ਅਤੇ ਗ਼ੁਲਾਮਦਾਰੀ ਦੌਰ ਅੰਦਰ ਕੁਝ ਇਸਤਰੀਆਂ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ, ਜਿੱਥੇ ਅਮੀਰ ਘਰਾਂ ਦੀਆਂ ਇਸਤਰੀਆਂ ਅਪਾਣੀ ‘ਸੁੰਦਰਤਾ ਨੂੰ ਛੁਪਾਉਣ ਤੇ ਆਬਰੂ (ਇੱਜ਼ਤ) ਬਣਾਈ ਰੱਖਣ ਲਈ ਪਰਦੇ ਦਾ ਸਹਾਰਾ ਲੈਂਦੀਆਂ ਸਨ। ਅਰਬ ਦੇਸ਼ਾਂ ਵਿਚ ਵੀ ਰੇਤਾ, ਧੂੜ ਤੇ ਧੁੱਪ ਤੋਂ ਆਪਣੇ ਵਾਲਾਂ (ਸਿਰ) ਤੇ ਚਮੜੀ ਨੂੰ ਬਚਾਉਣ ਲਈ ਇਸਤਰੀਆਂ ਸਿਰ ਤੇ ਚਿਹਰੇ ਨੂੰ ਕੱਪੜੇ ਨਾਲ ਬੰਨ੍ਹ ਕੇ ਰੱਖਦੀਆਂ ਸਨ। ਅੱਜ ਇਸ ਦਾ ਬਦਲਿਆ ਹੋਇਆ ਰੂਪ ਸਾਡੇ ਸਾਹਮਣੇ ਹੈ। ਹੱਥਾਂ ਤੇ ਚਿਹਰੇ ਦੀ ਸੁਰੱਖਿਆ ਦੇ ਤੌਰ ’ਤੇ ਹਿਜ਼ਾਬ, ਸਕਾਰਫ਼, ਚੁੰਨੀ ਜਿਹੇ ਕਪੜੇ ਪਹਿਨੇ ਦੇਖਣ ਨੂੰ ਮਿਲਦੇ ਹਨ।

### ਦਾਰਸ਼ਨਿਕ ਅਤੇ ਇਤਿਹਾਸਕਾਰ

ਗਰੀਕ ਦਾਰਸ਼ਨਿਕ ਅਤੇ ਇਤਿਹਾਸਕਾਰ ਸਤਾਬੋ ਨੇ ਵੀ ਪਹਿਲੀ ਸਦੀ ਵਿਚ ਮੱਧ ਦੁਨੀਆ ਦੇ ਦੇਸ਼ਾਂ ਵਿਚ ਇਸਤਰੀਆਂ ਵੱਲੋਂ ਆਪਣਾ ਚਿਹਰਾ ਢੱਕਣ ਦਾ ਜ਼ਿਕਰ ਕੀਤਾ ਹੈ। ਉੱਥੇ ਹੀ ਉੱਚ ਵਰਗ ਦੇ ਅਮੀਰ ਲੋਕਾਂ ਵਿਚ ਇਸਤਰੀਆਂ ਨੇ ਪਰਦੇ ਦੀ ਰੀਤ ਇੱਜ਼ਤ ਦੇ ਤੌਰ ’ਤੇ ਵੀ ਕੀਤੀ। ਕੁਝ ਵਰਗਾਂ ਵਿਚ ਚਿਹਰੇ ਨੂੰ ਠੀਕ ਤਰ੍ਹਾਂ ਬਣਾਈ ਰੱਖਣ ਲਈ ਬੜੀ ਹੀ ਸਖ਼ਤਾਈ ਨਾਲ ਮੂੰਹ ਢੱਕਣ ਦੀ ਪਾਲਣਾ ਕੀਤੀ ਗਈ। ਆਚਾਰੀਆ ਨਰਾਇਣ ਦੱਤ ਤਿਵਾਰੀ, ਸ਼ਾਸਤਰੀ, ਰਾਮ ਚਰਿਤ੍ਰਮਾਨਸ ਨੇ ਇਕ ਅਧਿਆਏ ਦਾ ਜ਼ਿਕਰ ਕਰਦਿਆਂ ਕਹਿੰਦੇ ਹਨ ਕਿ ਇਸ ਤਰ੍ਹਾਂ ਦੇ ਸਿਰ ਢੱਕਣ ਦਾ ਰਿਵਾਜ ਪੁਰਾਣਾ ਹੈ ? ਰਮਾਇਣ ਵਿਚ ਜਦੋਂ ਰਾਮ ਚੰਦਰ ਤੇ ਸੀਤਾ ਬਨਵਾਸ ਜਾ ਰਹੇ ਸੀ ਤਾਂ ਰਸਤੇ ਵਿਚ ਇਸਤਰੀਆਂ ਨੇ ਸੀਤਾ ਤੋਂ ਰਾਮਚੰਦਰ ਵਾਰੇ ਪੁੱਛਿਆ ਤਾਂ ਪਹਿਲਾਂ ਸੀਤਾ ਨੇ ਆਪਣੀ ਚੁੰਨੀ ਨੂੰ ਮੱਥੇ ਤੋਂ ਥੱਲੇ ਸਰਕਾ ਕੇ ਘੁੰਡ ਕੱਢਿਆ ਅਤੇ ਸਿਰ ਨੂੰ ਨੀਵਾਂ ਕਰ ਕੇ ਇਸ਼ਾਰਾ ਕਰ ਕੇ ਉਸ ਦਾ ਪਤੀ ਹੋਣ ਦਾ ਸਬੂਤ ਦਿੱਤਾ। ਉੱਥੇ ਤਾਂ ਉਸ ਸਮੇਂ ਕੋਈ ਵੀ ਸਿਆਣਾ ਬਜ਼ੁਰਗ ਨਹੀਂ ਸੀ ? ਲੇਕਿਨ ਆਦਰ ਕਰਦਿਆਂ ਆਪਣੇ ਰਿਸ਼ਤੇ ਵਾਰੇ ਦੱਸਣ ਲਈ ਸੀਤਾ ਨੇ ਆਪਣਾ ਸਿਰ ਢੱਕਿਆ। ਇਸ ਤਰ੍ਹਾਂ ਪਰਦਾ ਕਰਨਾ, ਇਕ ਘ੍ਰਿਣਾ ਕਰਕੇ ਨਹੀਂ ਕੀਤਾ। ਇਸ ਨੂੰ ਤਰਕ ਨਾਲ ਦੇਖਣਾ ਪਏਗਾ ਕਿ ਇਹ ਇਕ ਮਰਿਯਾਦਾ ਦੇ ਤੌਰ ’ਤੇ ਕੀਤਾ ਗਿਆ ਸੀ।

### ਸੁਆਣੀ ਦਾ ਰੁਤਬਾ

ਵਿਆਹ ਉਪਰੰਤ ਸੁਆਣੀ ਦਾ ਰੁਤਬਾ ਆਦਿਕਾਲ ਸਮੇਂ ਵਿਆਹ ਤੋਂ ਬਾਅਦ ਵੀ ਸੁਆਣੀ ਪਰਦੇ ਵਿਚ ਰਹਿਣਾ ਪਸੰਦ ਕਰਦੀ ਸੀ। ਭਵ ਭੂਤੇ ਅਤੇ ਮਾਘ ਦੀਆਂ ਰਚਨਾਵਾਂ ਵਿਚ ਵੀ ਪਰਦੇ ’ਚ ਰਹਿ ਕੇ ਚੱਲਣ ਦੇ ਰਿਵਾਜ ਬਾਰੇ ਪਤਾ ਚਲਦਾ ਹੈ। ਉੱਥੇ ਹੀ ਬਾਲਮੀਕ ਰਮਾਇਣ ਵਿਚ ਵੀ ਘੁੰਡ ਵਾਰੇ ਜਾਣਕਾਰੀ ਕਈ ਵਾਰੀ ਦਿੱਤੀ ਗਈ ਹੈ। ਇਸ ਤਰ੍ਹਾਂ ਇਕ ਜਗਾ ਕਿਹਾ ਗਿਆ ਹੈ ਕਿ ਹੇ ਪ੍ਰਭੂ ਮੇਰੇ ਮੂੰਹ ਤੇ ਘੁੰਡ ਨਹੀ ਹੈ। ਮੈਂ ਆਪਣੇ ਪਿੰਡ ਤੋਂ ਪੈਦਲ ਚੱਲ ਕੇ ਇੱਥੇਂ ਆਈ ਹਾਂ। ਇਹੋ ਜਿਹੀ ਅਵਸਥਾ ਵਿਚ ਦੇਖ ਕੇ ਤੁਸੀਂ ਮੈਨੂੰ ਕ੍ਰੋਧਿਤ ਕਿਉਂ ਨਹੀਂ ਹੁੰਦੇ? ਘੁੰਡ ਇਕ ਆਪਣੀ ਮਰਜ਼ੀ ਨਾਲ ਕੱਢਿਆ ਜਾਂਦਾ ਹੈ, ਨਾ ਕਿ ਘੁੰਡ ਕੱਢਣ ਲਈ ਮਜਬੂਰ ਕੀਤਾ ਗਿਆ ? ਇਹ ਪ੍ਰਾਚੀਨ ਕਾਲ ਤੋਂ ਹੀ ਰੀਤ ਚਲਦੀ ਆਈ ਹੈ। ਜੇਕਰ ਪੁਰਾਣੀਆਂ ਕਥਾਵਾਂ ਨੂੰ ਖੋਜਿਆ ਜਾਵੇ ਤਾਂ ਇਸਤਰੀ ਪੁਰਸ਼ ਦੋਵੇਂ ਹੀ ਸਿਰ ਢੱਕਣ ਲਈ ਮੁਕਟ ਪਾਉਂਦੇ ਸਨ।

ਦਰਅਸਲ ਇਸ ਤਰ੍ਹਾਂ ਸਿਰ ਢੱਕਣ ਦੇ ਪਿੱਛੇ ਇਕ ਵਿਗਿਆਨਕ ਤਰਕ ਇਹ ਵੀ ਦਿੱਤਾ ਜਾਂਦਾ ਹੈ ਕਿ ਇਸ ਨਾਲ ਮਸਤਿਕ ਨੂੰ ਇਕਾਗਰਤਾ ਨਾਲ ਰੱਖਣ ’ਚ ਮਦਦ ਮਿਲਦੀ ਹੈ। ਉੱਤਰੀ ਭਾਰਤ ਅੰਦਰ ਘੁੰਡ ਇਕ ਪਰਦਾ ਅਤੇ ਸਰੀਰ ਨੂੰ ਕੱਜਣਾ (ਢੱਕ ਕੇ ਰੱਖਣਾ) ਇਕ ਰੀਤ ਸੀ। ਬਾਅਦ ’ਚ ਮੁਗ਼ਲਾਂ ਦੇ ਆਉਣ ਨਾਲ ਇਕ ਰਵਾਇਤੀ, ਧਾਰਮਿਕ ਰਸਮ ਵਜੋਂ ਇਸਤਰੀ ਲਈ ਇਕ ਬੇੜੀ, ਬੰਦਸ਼ ਬਣ ਗਈ ? ਜੋ ਅੱਜ ਤਕ ਜਾਰੀ ਹੈ।

### ਇਨਕਲਾਬ ਦੀ ਗੱਲ

ਕਵੀਆਂ ਤੇ ਸ਼ਾਇਰਾਂ ਨੇ ਵੀ ਘੁੰਡ ਬਨਾਮ ਪਰਦੇ ਨੂੰ ਔਰਤਾਂ ਦੀ ਸੁੰਦਰਤਾ ਨਾਲ ਜੋੜਿਆ ਹੈ। ਭਗਤ ਕਬੀਰ ਜੀ ਨੇ ਇਸ ਨੂੰ ਰੂਹਾਨੀਅਤ ਨਾਲ ਜੋੜ ਕੇ ਦੇਖਿਆ ਹੈ। ਇਨਕਲਾਬ ਦੀ ਗੱਲ ਕਰਦੇ ਹੋਏ ਮਜਾਜ਼ ਨੇ ਇਸ ਰਾਹੀ ਬਗ਼ਾਵਤ ਦੀ ਗੱਲ ਕੀਤੀ ਹੈ, ‘ਤੇਰੇ ਮਾਥੇ ਪੇ ਯਹ ਆਂਚਲ ਸੇ ਇਕ ਪਰਚਮ ਬਨਾ ਲੇਤੀ ਤੋ ਅੱਛਾ ਥਾ?’ ਸਿੱਖ ਧਰਮ ਅੰਦਰ ਘੁੰਡ ਨੂੰ ਕੋਈ ਮਾਨਤਾ ਨਹੀਂ ਦਿੱਤੀ ਗਈ ਹੈ। ਮੁਗ਼ਲ ਕਾਲ ਵੇਲੇ, ਮੁਗ਼ਲ ਵਧੀਕੀਆਂ ਕਰਕੇ ਲੜਕੀਆਂ ਦੇ ਕੰਨ, ਨੱਕ ਵਿੰਨਣੇ ਅਤੇ ਘੁੰਡ ਕੱਢਣਾ ਇਸਤਰੀਆਂ ਲਈ ਇਕ ਬਚਾਅ ਦਾ ਢੰਗ-ਤਰੀਕਾ ਸੀ। ਜੋ ਹੌਲੀ-ਹੌਲੀ ਖ਼ਤਮ ਹੋ ਗਿਆ। ਸਿੱਖ ਇਤਿਹਾਸ ਅੰਦਰ ਕਈ ਜੁਝਾਰੂ ਇਸਤਰੀਆਂ ਸਾਹਮਣੇ ਆਈਆਂ ਹਨ, ਜਿਨ੍ਹਾਂ ਨੇ ਹਾਕਮਾਂ ਦੇ ਜ਼ੁਲਮਾਂ ਵਿਰੁੱਧ ‘ਮਰਦਾਨਾ’ ਭੇਸ ਧਾਰ ਕੇ ਲੜਾਈ ਲੜੀ ! ਬਰਤਾਨਵੀ ਸਾਮਰਾਜ ਵਿਰੁੱਧ ਕਈ ਇਸਤਰੀਆਂ ਆਜ਼ਾਦੀ ਦੀ ਜੰਗ ਅੰਦਰ ਵੀ ਘੁੰਡ ਕੱਢ ਕੇ ਮੈਦਾਨੇ ਜੰਗ ਵਿਚ ਨਿੱਤਰੀਆਂ। ਕਿਹਾ ਇਹ ਵੀ ਜਾਂਦਾ ਹੈ ਕਿ ਇਸਤਰੀਆਂ ਘੁੰਡ ਆਪਣੀ ਸੁੰਦਰਤਾ ਨੂੰ ਛੁਪਾਣ ਲਈ ਵੀ ਕੱਢਦੀਆਂ ਸਨ? ਇਹੀ ਕਾਰਨ ਹੈ ਕਿ ਰੂਪ-ਸੁੰਦਰਤਾ ਦੇ ਵਾਰੇ ਘੁੰਡ ਦਾ ਜ਼ਿਕਰ ਵਾਰ-ਵਾਰ ਕਵੀਆਂ ਵੱਲੋਂ ਕੀਤਾ ਗਿਆ ਹੈ।

ਚਾਹੇ ਕਵੀ ਹਰੀ ਰਾਮ ਵਿਆਸ ਹੋਵੇ, ਜਾਂ ਕਾਲੀਦਾਸ ਹੋਵੇ। ਇਹੀ ਕਾਰਨ ਹੈ ਕਿ ਇਨ੍ਹਾਂ ਕਵੀਆਂ ਨੇ ਘੁੰਡ ਨੂੰ ਇਕ ਸੁੰਦਰਤਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ।

### ਅਗਾਂਹ-ਵਧੂ ਸਮਾਜ

ਅਗਾਂਹ-ਵਧੂ ਆਧੁਨਿਕ ਸਮਾਜ ਅੰਦਰ, ਇਸਤਰੀਆਂ ਨੇ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋ ਕੇ ਆਪਣੇ ਹੱਕਾਂ ਪ੍ਰਤੀ ਸੰਘਰਸ਼ ਕੀਤੇ ਹਨ। ਭੂਤ ਤੇ ਵਰਤਮਾਨ ਸਮੇਂ ਦੀਆਂ, ਦਮ ਘੁੱਟਣ ਵਾਲੀਆਂ, ਇਸਤਰੀ ਵਰਗ-ਵਿਰੋਧੀ ਪਰੰਪਰਾਵਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਨਵੀਆਂ ਪਰੰਪਰਾਵਾਂ ਨੂੰ ਬਣਾਉਣ ਤੇ ਅਪਨਾਉਣ ਲਈ ਵੀ ਅੱਜ ਸਾਡੇ ਸਾਹਮਣੇ ਅਗਾਂਹ-ਵਧੂ ਇਸਤਰੀਆਂ ਦੀਆਂ ਮਿਸਾਲਾਂ ਹਨ ? ਜਿਨ੍ਹਾਂ ਨੇ ਆਪਣੀਆਂ ਇਨਕਲਾਬੀ ਪਰੰਪਰਾਵਾਂ ਰਾਹੀਂ ਸਮਾਜ ਅੰਦਰ ਇਸਤਰੀ ਵਰਗ ਨੂੰ ਬਰਬਰਤਾ ਦੇਣ ਲਈ ਉਹ, ਉਨ੍ਹਾਂ ਸਥਾਨਾਂ ਤੇ ਪਹੁੰਚੀਆਂ, ਜਿੱਥੇ ਬਹੁਤ ਹੀ ਘੱਟ ਉਮੀਦ ਰੱਖੀ ਜਾਂਦੀ ਸੀ। ਇਸ ਦੀ ਮਿਸਾਲ ਸਾਡੇ ਸਾਹਮਣੇ ਪੇਸ਼ ਹੈ।

### ਅਨੋਖੀ ਮਿਸਾਲ

ਇਕ ਖ਼ਬਰ ਮੁਤਾਬਿਕ ਪਿਛਲੇ ਸਾਲ ਕੇਰਲ ਦੀ ਹਿਜ਼ਾਬ ਪਾਉਣ ਵਾਲੀ, ਬਹਾਦਰ ਤੇ ਦਲੇਰਾਨਾ ਇਸਤਰੀ ‘ਬਾਡੀ-ਬਿਲਡਰ ਮਜ਼ੀਜ਼ੀਆ-ਭਾਨੂੰ ਨਾਂ ਸਿਰਫ਼ ਹਿਜ਼ਾਬ ਪਾ ਕੇ ਰਿੰਗ ਵਿਚ ਉੱਤਰੀ, ਬਲਕਿ ਬਾਡੀ ਬਿਲਡਰ ਚੈਂਪੀਅਨ ਪ੍ਰਤਿਯੋਗਤਾ ਵਿਚ ਹਿੱਸਾ ਲਿਆ ਅਤੇ ਜਿੱਤ ਵੀ ਪ੍ਰਾਪਤ ਕੀਤੀ। ਇੱਥੇ ਹੀ ਬਸ ਨਹੀ ? ਬ੍ਰਿਟਿਸ਼ ਦੀ ਸੁੰਦਰਤਾ ਦੀ ਬਲਾਗਰ ਅਤੇ ਮਾਡਲ ਅਮੀਨਾ ਖਾਨ ਨੇ ਵੀ ਅਪਾਣੀਆਂ ਪਰੰਪਰਾਵਾਂ ਨੂੰ ਕਾਇਮ ਰੱਖਦਿਆਂ ਇਕ ਅਨੋਖੀ ਮਿਸਾਲ ਪੇਸ਼ ਕੀਤੀ। 2018 ’ਚ ਉਸ ਨੇ ਫਰਾਂਸੀਸੀ ਸੁੰਦਰਤਾ ਪ੍ਰਸਥਾਨ ਕੰਪਨੀ ਲਾਰਿਆਲ ਦੇ ਵਿਗਿਆਪਨ ਦੇ ਲਈ ਹਿਜ਼ਾਬ ਪਾਉਣ ਵਾਲੀ ਪਹਿਲੀ ਇਸਤਰੀ ਮਾਡਲ ਦੇ ਤੌਰ ’ਤੇ ਚੁਣੀ ਗਈ ? ਇਹੋ ਜਿਹੀ ਹੀ ਇਕ ਹੋਰ ਮਿਸਾਲ ਅਮਰੀਕੀ ਮਾਡਲ ਹਲੀਮਾਅਡੇਨ ਨੇ ਅਮਰੀਕਾ ਪੱਤਿਰਕਾ ਸਪੋਰਟਸ ਇਲੈਸਟਰਡ ਦੇ ਲਈ ਹਿਜ਼ਾਬ, ਬੁਕਰੀਨੀ ਪਾਉਣ ਵਾਲੀ ਮਾਡਲ ਬਣ ਕੇ ਇਕ ਇਤਿਹਾਸ ਸਿਰਜ ਦਿੱਤਾ ? ਇਸੇ ਤਰ੍ਹਾਂ ਪਿਛਲੇ ਸਾਲ ਅਮਰੀਕਾ ਵਿਚ ਹੋਈਆਂ ਮੱਧਕਾਲੀ ਚੋਣਾਂ ਵਿਚ ਜਿੱਤਣ ਵਾਲੀ ਇਲਹਾਨ ਨੇ ਹਿਜ਼ਾਬ ਪਾ ਕੇ ਸੌਂਹ ਚੁੱਕਣ ਵਾਲੀ ਪਹਿਲੀ ਮੁਸਲਿਮ ਇਸਤਰੀ ਬਣ ਕੇ ਇਤਿਹਾਸ ਰਚਿਆ। ਜਿਸ ਦੀ ਚਰਚਾ ਅੱਜ ਤੱਕ ਹੁੰਦੀ ਹੈ।



## ਚੁੰਨੀ ਲੈਣਾ ਜਾਂ ਪਰਦਾ ਕਰਨਾ

*ਪਾਕਿਸਤਾਨ ਦੀ ਸਾਬਕਾ ਵਿਦੇਸ਼-ਮੰਤਰੀ ਹਿਨਾ-ਰਬਾਨੀ-ਖਾਰ ਹੋਵੇ ਜਾਂ ਫਿਲਮਾਂ ’ਚ ਕੰਮ ਕਰਨ ਵਾਲੀਆਂ ਹਸਤੀਆਂ ਹੋਣ, ਇਸਾਈ, ਸਿੱਖ, ਹਿੰਦੂ ਧਰਮ ਦੀਆਂ ਲੜਕੀਆਂ ਵੀ ਵਿਆਹਾਂ ਤੇ ਹੋਰ ਖ਼ਾਸ ਸਮਿਆਂ ਉੱਪਰ ਸਿਰ ’ਤੇ ਚੁੰਨੀ ਲੈ ਕੇ ਸਮਾਜ ਵਿਚ ਇਕ ਇੱਜ਼ਤਵਾਨ ਵਾਲੀ ਨਜ਼ਰ ਆਉਣ ਵਾਲੀ ਦੇ ਰੂਪ ਵਿਚ ਪਰਦੇ ਦੇ ਰੂਪ ਵਿਚ ਉਹ ਵਿਚਰੀਆਂ ਤੇ 21ਵੀਂ ਸਦੀ ਵਿਚ ਵੀ ਵਿਚਰ ਰਹੀਆਂ ਹਨ। ਭਾਵੇਂ ਇਸ ਤਰ੍ਹਾਂ ਕਰਨਾ, ਇਸ ਪ੍ਰਥਾ ਨੂੰ ਪੂਰੀ ਤਰ੍ਹਾਂ ਇਕ ਦਬਾਓ, ਜਾਂ ਪੱਛੜੇਪਨ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ ਹੈ ? ਕਿਉਂਕਿ, ਪੂਰੀ ਤਰ੍ਹਾਂ ਇਸ ਪਰੰਪਰਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਅੱਜ ਵੀ ਮੱਧ-ਵਰਗੀ ਤੇ ਛੋਟੇ ਤਬਕੇ ਵਿਚ ਰਹਿ ਰਹੀਆਂ ਇਸਤਰੀਆਂ ਅੰਦਰ ਪਰਦੇ ਦਾ ਰਿਵਾਜ, ਇਸਤਰੀਆਂ ਉੱਪਰ ਜ਼ਬਰਦਸਤੀ ਨਾਲ ਪਾਲਣ ਕਰਨ ਦਾ ਹੁਕਮ ਬਣਿਆ ਹੋਇਆ ਹੈ। ਜੋ ਬਹੁਤ ਵਾਰੀ, ਅਗਿਆਨਤਾ ਅਤੇ ਪੱਛੜੇਪਨ ਕਰਕੇ ਹੁੰਦਾ ਹੈ। ਪੜਦੇ ਦੇ ਹੱਕ ਤੇ ਵਿਰੋਧ ਦੀ ਬਹਿਸ ਵਿਚ ਇਹ ਸਵਾਲ ਜ਼ਰੂਰ ਉੱਠਦਾ ਹੈ ਕਿ ਕੀ ਇਸਤਰੀਆਂ ਨੂੰ ਇਸ ਮਾਮਲੇ ਵਿਚ ਆਪਣੀ ਮਰਜ਼ੀ ਕਰਨ ਜਾਂ ਜਾਨਣ ਦਾ ਫ਼ੈਸਲਾ ਨਹੀਂ ਦਿੱਤਾ ਜਾਣਾ ਚਾਹੀਦਾ ਹੈ ? ਇਸਤਰੀਆਂ ਲਈ ਚਿਹਰਾ ਢੱਕਣ ਦਾ ਰਿਵਾਜ ਪੁਰਾਣਾ ਹੈ ? ਇਹ ਧਾਰਨਾ ਬਿਲਕੁਲ ਗ਼ਲਤ ਹੈ ਕਿ ਪਰਦੇ ਦਾ ਰਿਵਾਜ (ਪਰੰਪਰਾ) ਮੁਗ਼ਲਾਂ ਦੇ ਰਾਜ ਸਮੇਂ ਤੋਂ ਸ਼ੁਰੂ ਹੋਇਆ ਸੀ। ਇਸ ਗੱਲ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਕੁਝ ਰਾਜਿਆਂ ਤੇ ਹਾਕਮਾਂ ਨੇ ਇਸ ਰਿਵਾਜ ਨੂੰ ਸਖ਼ਤੀ ਨਾਲ ਲਾਗੂ ਕਰਵਾਇਆ ਅਤੇ ਇਸਲਾਮ ਅਤੇ ਸੰਸਕ੍ਰਿਤੀ ਦੇ ਪ੍ਰਭਾਵ ਸਵਰੂਪ ਸ਼ਿਰਾਇਤ ਪਰਦੇ ਦੀ ਪ੍ਰਥਾ ਨੂੰ ਹੋਰ ਵੀ ਹਲਾਸ਼ੇਰੀ ਦਿੱਤੀ ਜਦ ਕਿ ਰਜ਼ੀਆ ਸੁਲਤਾਨਾ ਜਿਹੀ ਇਸਤਰੀ ਨੇ ਬਿਨਾਂ ਪਰਦਾ ਸ਼ਾਸ਼ਨ ਚਲਾਇਆ ਤੇ ਇਕ ਚੁਣੌਤੀ ਵੀ ਪੇਸ਼ ਕੀਤੀ। ਉੱਥੇ ਹੀ ਨੂਰ-ਜਹਾਂ ਨੇ ਵੀ ਪਰਦੇ ਤੋਂ ਬਿਨ੍ਹਾਂ ਆਪਣੇ ਪਤੀ ਦੇ ਨਾਲ, ਬਿਨ੍ਹਾਂ ਪਰਦੇ ਤੋਂ ਖੁਲ੍ਹੇ ਦਰਬਾਰ ਵਿਚ ਹਾਜ਼ਰ ਹੁੰਦੀ ਸੀ। ਪਹਿਲੀ ਸਦੀ ਤੋਂ ਪਹਿਲਾਂ ਵੇਜਾਟਾਈਨ ਸਾਮਰਾਜ (ਜਿਸ ਨੂੰ ਪੂਰਵ ਰੋਮਨ ਸਾਮਰਾਜ) ਵੀ ਕਿਹਾ ਜਾਂਦਾ ਸੀ। ਉਸ ਸਮੇਂ ਵੀ ਇਸਤਰੀਆਂ ਆਪਣੇ ਸਿਰ ਨੂੰ ਢੱਕ ਦੇ ਰੱਖਦੀਆਂ ਸਨ।*

ਬੁੰਦੇਲਖੰਡ ਦੇ ਮੁਸਕਰਾ ਇਲਾਕੇ ਦੇ ਲੋਦੀਪੁਰ ਨਿਵਾਦਾ ਪਿੰਡ ਘੁੰਡ ਵਾਲੀਆਂ ਔਰਤਾਂ ਦੀ ਕੁਸ਼ਤੀ ਲਈ ਹੀ ਪ੍ਰਸਿੱਧ ਹੈ। ਰੱਖੜੀ ਤੋਂ ਇਕ ਦਿਨ ਬਾਅਦ ਹੋਣ ਵਾਲੀ ਕੁਸ਼ਤੀ ਦੇ ਆਯੋਜਨ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਇਸਤਰੀਆਂ ਘੁੰਡ ਕੱਢ ਕੇ ਅਖਾੜੇ ਵਿਚ ਉਤਰਦੀਆਂ ਹਨ। ਸਾਨੂੰ ਇਸ ਦਾ ਇਤਿਹਾਸਕ ਪਿਛੋਕੜ ਵੀ ਦੇਖਣਾ ਪਏਗਾ ? ਦਰ-ਅਸਲ ਅਗਰੇਜ਼ੀ ਰਾਜ ਸਮੇਂ, ਇਸ ਰਸਮ ਘੁੰਡ, ਬੁਰਕਾ ਹਿਜ਼ਾਬ ਦੀ ਸ਼ੁਰੂਆਤ ਅੰਗਰੇਜ਼ ਫ਼ੌਜ ਦੇ ਖਿਲਾਫ਼ ਇਸਤਰੀਆਂ ਨੂੰ ਲੜਨ ਦੇ ਲਈ ਤਿਆਰ ਕਰਨ ਲਈ ਹੀ ਕੀਤੀ ਗਈ ਸੀ ! ਪ੍ਰੰਤੂ ਇਹ ਰਸਮ ਅੱਜ ਵੀ 21ਵੀਂ ਸਦੀ ਵਿਚ ਵੀ, ਇਸਤਰੀ ਦੇ ਸਸ਼ਕਤੀਕਰਨ ਦੇ ਲਈ ਇਕ ਲਾ-ਮਿਸਾਲ, ਅਹਿਮ ਉਦਾਹਰਣ ਦੇ ਤੌਰ ’ਤੇ ਜਾਰੀ ਹੈ। ਇਹੋ ਜਿਹੀ ਹੀ ਇਕ ਬਹਾਦਰੀ ਦੀ ਮਿਸਾਲ ਸਾਡੇ ਸਾਹਮਣੇ ਹੈ ਭੂਪਾਲ ਵਿਚ ਬੁਰਕੇ ਤੇ ਹਿਜ਼ਾਬ ਦੇ ਵਿਚ ਹੀ ਇਸਤਰੀਆਂ ਵੱਲੋਂ ਜਿੰਮ ਵਿਚ ਜਾ ਕੇ ਕਸਰਤ ਕਰਨ ਦੀ ਹੈ। ਮੁਸਲਿਮ ਸਮਾਜ ਦੀਆਂ ਇਹੋ ਜਿਹੀਆਂ ਪ੍ਰਗਤੀਸ਼ੀਲ, ਅਗਾਂਹ-ਵਧੂ ਇਸਤਰੀਆਂ ਨੂੰ ਆਪਣੇ-ਆਪ ਨੂੰ ਫਿੱਟ ਰੱਖਣ ਲਈ ਪਰਦਾ ਉਨ੍ਹਾਂ ਲਈ ਕੋਈ ਬੰਦਿਸ਼ ਨਹੀਂ ਹੈ?

### ਅਧਿਕਾਰਾਂ ਦਾ ਹਨਨ

ਪਰਦਾ, ਹਿਜ਼ਾਬ, ਬੁਰਕਾ, ਘੁੰਡ ਆਦਿ ਕਿਸੇ ਧਰਮ, ਆਸਥਾ ਅਧੀਨ ਇਕ ਬੰਦਿਸ਼ ਵਜੋਂ ਜੋ ਗ਼ੁਲਾਮੀ, ਔਰਤਾਂ ਦੇ ਦੂਸਰੇ ਦਰਜੇ ਦੀ ਨਾਗਰਿਕ ਲਈ ਅਤੇ ਹੀਨ ਬਣਾਉਣ ਲਈ ਇਕ ਚਿੰਨ੍ਹ ਬਣੇ ? ਉਹ ਔਰਤਾਂ ਦੇ ਅਧਿਕਾਰਾਂ ਦਾ ਹਨਨ ਹੈ ? ਇਸਤਰੀ ਦੀ ਆਪਣੀ ਸ਼ਖ਼ਸੀ-ਅਜ਼ਾਦੀ, ਉਸ ਨੂੰ ਮਰਦ ਦੇ ਬਰਾਬਰਤਾ ਦੇ ਅਧਿਕਾਰਾਂ ਅਤੇ ਸਮਾਜ ਅੰਦਰ ਇਕ ਮੁਕੰਮਲ ਨਾਗਰਿਕ ਵੱਲੋਂ ਉਸ ਦੇ ਹੱਕਾਂ ਤੇ ਕੋਈ ਰੋਕ ਨਾ ਲਾਵੇ ? ਉਹੀ ਰਿਵਾਜ, ਪਰੰਪਰਤਾ ਅਤੇ ਪ੍ਰਥਾ, ਰਿਵਾਜ ਨੂੰ ਹੰਢਣਸਾਰ ਕਿਹਾ ਜਾ ਸਕਦਾ ਹੈ। ਪਰ ਜੋ ਰੀਤੀ-ਰਿਵਾਜ ਉਸ ਦੇ ਹੱਕਾਂ, ਅਜ਼ਾਦੀ ਅਤੇ ਵਿਚਰਨ ’ਚ ਰੋਕਾਂ ਪੈਦਾ ਕਰੇ, ਇਸਤਰੀ ਨੂੰ ਹੀਨ ਭਾਵਨਾ ਦੇ ਪ੍ਰਭਾਵ ਹੇਠ ਲਿਆਵੇ, ਉਹ ਰੀਤੀ-ਰਿਵਾਜ ਕਦੀ ਵੀ ਮੰਨਣਯੋਗ ਨਹੀਂ ਹਨ। ਸਮਾਜ ਅੰਦਰ ਇਸਤਰੀ ਦੀ ਬਰਾਬਰਤਾ ਲਈ ਬਹੁਤ ਸਾਰੀਆਂ ਉਹ ਰੋਕਾਂ ਜੋ ਸਾਮੰਤਵਾਦ ਤੋਂ ਚੱਲ ਕੇ ਪੂੰਜੀਵਾਦ ਨੇ ਆਪਣੇ ਹਿੱਤ ਲਈ ਖੜ੍ਹੀਆਂ ਕੀਤੀਆਂ ਹਨ ਉਹ ਜ਼ਰ-ਜ਼ਰ ਕਰ ਕੇ ਹੌਲੀ-ਹੌਲੀ ਖ਼ਤਮ ਤਾਂ ਹੋਣਗੀਆਂ ।

### ਬਰਾਬਰੀ ਦੇ ਸਿਧਾਂਤ

ਲਿੰਗਕ ਬਰਾਬਰੀ ਦੇ ਸਿਧਾਂਤ ਅਤੇ ਸਮਾਜਿਕ ਨਿਆਂ ਅਧੀਨ ਇਸਤਰੀ-ਵਰਗ ਨੂੰ ਮਰਦ ਦੇ ਬਰਾਬਰ, ਹਰ ਤਰ੍ਹਾਂ ਦੇ ਅਧਿਕਾਰ ਦੇਣ, ਪਿਛਾਂਹ-ਖਿਚੂ, ਫਿਰਕੂ ਅਤੇ ਹਨੇਰ ਬਿਰਤੀ-ਵਾਦੀ ਪ੍ਰਭਾਵਾਂ ਨੂੰ ਰੋਕਣ ਤੇ ਲੋਕ ਕਲਾਵਾਂ ਅਤੇ ਪਰੰਪਰਾਵਾਂ ਨੂੰ ਪ੍ਰਫੁਲਤ ਕਰਨਾ ਚਾਹੀਦਾ ਹੈ।

ਧਾਰਮਿਕ-ਵਿਸ਼ਵਾਸਾਂ ਅਤੇ ਪ੍ਰੰਪਰਾਵਾਂ ਦੇ ਕਿਸੇ ਵੀ ਪਰਦੇ ਅੰਦਰ ਇਸਤਰੀਆਂ ਦੇ ਜਨ ਸਮੂਹਾਂ ਵਿਚ ਘੱਸੇ-ਪਿੱਟੇ ਜਾਗੀਰੂ ਸੰਸਕਰਨਾਂ ਰਾਹੀਂ ਇਸਤਰੀਆਂ ਦੀ ਬਰਾਬਰਤਾ ਦਾ ਦਰਜਾ ਘਟਾਉਣ ਅਤੇ ਉਸ ਦੇ ਨਾਗਰਿਕ ਅਧਿਕਾਰਾਂ ਨੂੰ ਦੋਹਾਂ ਪਾਸਿਆਂ ਤੋਂ ਨਿਸ਼ਾਨਾ ਬਣਾਉਣ ਦੀ ਕਿਸੇ ਤਰ੍ਹਾਂ ਦੀ ਕੋਸ਼ਿਸ਼ ਕਦੀ ਵੀ ਨਾ ਪ੍ਰਵਾਨ ਅਤੇ ਨਾ ਹੀ ਲਾਗੂ ਕਰਨ ਦੀ ਆਗਿਆ ਦਿੱਤੀ ਜਾਵੇਗੀ। ਉਹ ਕੋਈ ਵੀ ਕਾਰਵਾਈ, ਸੋਚ ਅਤੇ ਆਡੰਬਰ, ਜਿਹੜਾ ਵੀ ਇਸਤਰੀ ਦੀ ਮਾਣ-ਮਰਿਆਦਾ, ਰੁਤਬੇ ਅਤੇ ਉਸ ਦੇ ਹੱਕਾਂ ਨੂੰ ਆਂਚ ਪਹੁੰਚਾਵੇ, ਸਮਾਜਿਕ ਤੌਰ ’ਤੇ ਪ੍ਰਵਾਨ ਨਹੀ ਹੋਣੇ ਚਾਹੀਦੇ। •

# ਨੈਸ਼ਨਲ ਲੋਕ ਅਦਾਲਤ ਅਤੇ ਹੋਰ ਸਕੀਮਾਂ/ਸੇਵਾਵਾਂ ਸਬੰਧੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋਕਾਂ ਨੂੰ ਕੀਤਾ ਜਾਗਰੂਕ

ਅੰਮ੍ਰਿਤਸਰ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਨੈਸ਼ਨਲ ਕਾਨੂੰਨੀ ਸੇਵਾਵਾਂ ਅਥਾਰਟੀ, ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ, ਨਿਊ ਦਿੱਲੀ ਜੀਆਂ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ. ਏ ਐਸ ਨਗਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ, ਸ਼੍ਰੀ ਕੰਵਲਜੀਤ ਸਿੰਘ ਬਾਜਵਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਸੀ ਜੇ ਐਮ-ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਜ਼ਿਲ੍ਹਾ ਪੱਧਰ ਅਤੇ ਸਬ ਡਵੀਜ਼ਨ ਪੱਧਰ ਤੇ ਸਾਲ 2025 ਦੀ ਤੀਜੀ ਨੈਸ਼ਨਲ ਲੋਕ ਅਦਾਲਤ ਦਾ ਆਯੋਜਨ ਮਿਤੀ 13.09.2025 ਨੂੰ ਕੀਤਾ ਜਾ ਰਿਹਾ ਹੈ। ਇਸ ਲੋਕ ਅਦਾਲਤ ਸਬੰਧੀ ਮਿਸ ਸ਼ਿਲਪਾ, ਸੀ ਜੇ ਐਮ-ਕਮ ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਜੀਆਂ ਵੱਲੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਹਰ ਤਰ੍ਹਾਂ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸਦੇ ਸਬੰਧ ਵਿੱਚ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵਲੋਂ ਸਮੇਂ ਸਮੇਂ ਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਧ ਤੋਂ ਵੱਧ ਪਬਲਿਸਿਟੀ ਕਰਨ ਲਈ ਦਿਸ਼ਾ ਨਿਰਦੇਸ਼ ਦਿੱਤੇ ਜਾਂਦੇ ਹਨ ਤਾਂ ਜੋ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕੀਤਾ ਜਾ ਸਕੇ ਅਤੇ ਅਦਾਲਤਾਂ ਵਿੱਚ ਚੱਲ ਰਹੇ ਫੌਜਦਾਰੀ, ਰਾਜੀਨਾਮੇ- ਯੋਗ ਅਤੇ ਪ੍ਰੀ-ਲਿਟੀਗੇਟਿਵ ਕੇਸਾਂ ਵਿੱਚ ਸਮਝੌਤੇ ਰਾਹੀਂ ਰਾਜੀਨਾਮਾ ਕਰਨ ਲਈ ਆਪਣੇ ਕੇਸ ਲੋਕ ਅਦਾਲਤ ਵਿੱਚ ਲਗਾ ਕੇ ਵੱਧ ਤੋਂ ਵੱਧ ਲਾਭ ਉਠਾ ਸਕਣ।

ਇਸ ਤੋਂ ਇਲਾਵਾ ਹੋਰ ਸਕੀਮਾਂ ਬਾਰੇ ਦੱਸਿਆ ਜਾਂਦਾ ਹੈ ਹੋਰ ਵੀ ਵੱਖ ਵੱਖ ਪਿੰਡਾਂ, ਸ਼ਹਿਰਾਂ, ਸਕੂਲਾਂ ਅਤੇ ਕਾਲਜਾਂ ਆਦਿ ਵਿੱਚ ਸੈਮੀਨਾਰ ਲਗਾਵਾਕੇ ਲੋਕਾਂ ਨੂੰ ਲੋਕ ਅਦਾਲਤ ਵਿੱਚ ਕੇਸ ਲਗਾਉਣ ਦੁਆਰਾ ਮਿਲਣ ਵਾਲੇ ਲਾਭਾ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ ਜਿਸ ਨਾਲ ਲੋਕਾਂ ਨੂੰ ਕਾਨੂੰਨੀ ਸੇਵਾਵਾਂ ਅਤੇ ਕੌਮੀ ਲੋਕ ਅਦਾਲਤ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਹੋ ਸਕੇ ਉਹ ਸਰਕਾਰ ਵੱਲੋਂ ਮਿਲਣ ਵਾਲੀ ਸਹਾਇਤਾ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ ਅਤੇ ਜਿਸ ਨਾਲ ਉਹਨਾਂ ਦੇ ਸਮੇਂ ਅਤੇ ਪੈਸੇ ਦੀ ਬੱਚਤ ਹੋਵੇਗੀ ਅਤੇ ਵਾਰ ਵਾਰ ਅਦਾਲਤਾਂ ਦੇ ਚੱਕਰ ਲਗਾਉਣ ਤੋਂ ਵੀ ਛੁਟਕਾਰਾ ਮਿਲ ਜਾਵੇਗਾ। ਇਸ ਲੋਕ ਅਦਾਲਤ ਸਬੰਧੀ ਮਾਨਯੋਗ ਜਿਲ੍ਹਾਂ ਅਤੇ ਸ਼ੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਦੇ ਆਦੇਸ਼ਾਂ ਦੀ ਪਾਲਣਾ ਕਰਦੇ ਹੋਏ ਪੀ. ਐਲ. ਵੀਆਂ ਵੱਲੋਂ ਜਨਤਕ ਥਾਵਾਂ ਤੇ ਬੈਨਰ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਮਾਨਯੋਗ ਜਿਲ੍ਹਾਂ ਅਤੇ ਸ਼ੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਦਾ ਲਾਭ ਲੈਣ ਬਾਰੇ ਵੱਧ ਤੋਂ ਵੱਧ ਪ੍ਰਚਾਰ ਕਰਨ ਸਬੰਧੀ ਵੀ ਸਮੇਂ ਸਮੇਂ ਤੇ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ ਤਾਂ ਜੋ ਲੋਕ ਜਨ ਉਪਯੋਗੀ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਸਥਾਈ ਲੋਕ ਅਦਾਲਤ ਵਿੱਤ ਸ਼ੈਕਸ਼ਨ 22-(ਲ)ਆਫ ਲੀਗਲ ਸਰਵਿਸਿਸ ਅਥਾਰਟੀ ਐਕਟ, 1987 ਦੇ ਅਨੁਸਾਰ ਵੱਖ ਜਨ ਉਪਯੋਗੀ ਸੇਵਾਵਾਂ, ਜਿਵੇ ਕਿ ਟਰਾਂਸਪੋਰਟ ਸੇਵਾਵਾਂ, ਡਾਕ ਟੈਲੀਗਰਾਫ, ਟੈਲੀਫੋਨ, ਹਸਪਤਾਲ ਜਾਂ ਡਿਸਪੈਂਸਰੀ ਸੇਵਾਵਾਂ, ਬੀਮਾ ਸੇਵਾਵਾਂ, ਬੈਂਕਿੰਗ ਸੇਵਾਵਾਂ, ਸਿੱਖਿਆ ਸੇਵਾਵਾਂ, ਬੁਢਾਪਾ ਪੈਨਸ਼ਨ, ਸ਼ਗਨ ਸਕੀਮ, ਵਿਕਟਮ ਕੰਮਪਨਸੇਸ਼ਨ, ਆਦਿ ਬਾਰੇ ਕੇਸ ਲਗਾਏ ਜਾਂਦੇ ਹਨ ਅਤੇ ਉਹਨਾਂ ਦਾ ਬਹੁਤ ਘੱਟ ਸਮੇਂ ਵਿੱਚ ਨਿਪਟਾਰਾ ਕੀਤਾ ਜਾਂਦਾ ਹੈ ਜਿਸ ਨਾਲ ਲੋਕਾਂ ਨੂੰ ਖੱਜਲ ਖੁਆਰੀ ਤੋਂ ਬਚਾਇਆ ਜਾ ਸਕੇ। ਇੱਥੇ ਇਹ ਵੀ ਵਰਣਨਯੋਗ ਹੈ ਕਿ ਸੀ.ਜੇ. ਐਮ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ ਵੱਲੋਂ ਪ੍ਰਿੰਟ-ਮੀਡੀਆ ਦੁਆਰਾ ਹਰ ਤਰੀਕੇ ਨਾਲ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਕੋਈ ਵੀ ਇਨਸਾਨ ਲੋਕ ਅਦਾਲਤ ਦਾ ਲਾਭ ਉਠਾਉਣ ਤੋਂ ਵਾਝਾ ਨਾ ਰਹਿ ਸਕੇ ਅਤੇ ਹਰ ਕੋਈ ਸਰਕਾਰ ਦੀਆਂ ਪ੍ਰਦਾਨ ਕੀਤੀਆਂ ਜਾ ਰਹੀਆਂ ਸਹੂਲਤਾਂ ਦਾ ਵੱਧ ਤੋ ਵੱਧ ਲਾਭ ਉਠਾ ਸਕੇ।

# ਲੋਕਾਂ ਦੇ ਸਹਿਯੋਗ ਨਾਲ ਹੀ ਖ਼ਤਮ ਹੋਵੇਗੀ ਨਸ਼ਿਆਂ ਦੀ ਲਾਹਨਤ : ਡਾ. ਪ੍ਰੀਤੀ ਯਾਦਵ

➤ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਖਿਡਾਰੀ ਬੱਚਿਆਂ ਨੇ ਦਿੱਤਾ ਭਾਵੁਕ ਸੁਨੇਹਾ

➤ ਡਿਪਟੀ ਕਮਿਸ਼ਨਰ ਵੱਲੋਂ ਪੋਲੋ ਗਰਾਊਂਡ ਤੋਂ ਬੱਚਿਆਂ ਵਾਕਾਥੋਨ ਨੂੰ ਹਰੀ ਝੰਡੀ ਦੇ ਕੇ ਰਵਾਨਾ



ਪਟਿਆਲਾ, 29 ਜੂਨ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਅੱਜ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਅੱਜ ਪਟਿਆਲਾ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਿਆਂ ਵਿਰੁੱਧ ਕਰਵਾਈ ਗਈ ਵਾਕਾਥੋਨ ਵਿੱਚ ਵੱਡੀ ਗਿਣਤੀ ਛੋਟੇ ਬੱਚਿਆਂ, ਵਿਦਿਆਰਥੀਆਂ ਤੇ ਖਿਡਾਰੀਆਂ ਨੇ ਹਿੱਸਾ ਲੈ ਕੇ ਨਸ਼ਿਆਂ ਦੀ ਵਰਤੋਂ ਤੇ ਗ਼ੈਰਕਾਨੂੰਨੀ ਤਸਕਰੀ ਖ਼ਿਲਾਫ਼ ਭਾਵੁਕ ਸੁਨੇਹਾ ਦਿੱਤਾ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਕਰਵਾਈ ਇਸ ਵਾਕਾਥੋਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਦਿਆਂ ਸੱਦਾ ਦਿੱਤਾ ਕਿ ਸਾਰੇ ਸਮਾਜ ਨੂੰ ਨਸ਼ਿਆਂ ਵਿਰੁੱਧ ਇਕਜੁਟ ਹੋ ਕੇ ਇਸ ਬੁਰਾਈ ਦੇ ਖਾਤਮੇ ਲਈ ਸਹਿਯੋਗ ਕਰਨਾ ਚਾਹੀਦਾ ਹੈ। ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਢੀ ਹੈ ਅਤੇ ਇਸ ਲਈ ਜਿੱਥੇ ਨਸ਼ਿਆਂ ਦੀ ਸਪਲਾਈ ਲਾਈਨ ਤੋੜੀ ਜਾ ਰਹੀ ਹੈ, ਉਥੇ ਹੀ ਨਸ਼ਿਆਂ ਦੀ ਮੰਗ ਖ਼ਤਮ ਕਰਨ ਲਈ ਸਮਾਜ ਦੇ ਸਹਿਯੋਗ ਨਾਲ ਜਾਗਰੂਕਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ। ਜਦਕਿ ਨਸ਼ੇ ਦੇ ਆਦੀਆਂ ਦੇ ਪੁਨਰਵਾਸ ਲਈ ਵੀ ਨਸ਼ਾ ਮੁਕਤੀ ਮੁਹਿੰਮ ਨੂੰ ਸਫ਼ਲਤਾ ਮਿਲ ਰਹੀ ਹੈ।

ਡਿਪਟੀ ਕਮਿਸ਼ਨਰ ਨੇ ਦੀ ਨਸ਼ਿਆਂ ਵਿਰੁੱਧ ਵਾਕਾਥੋਨ 'ਚ ਛੋਟੇ ਬੱਚਿਆਂ ਦੀ ਭਰਵੀਂ ਸ਼ਮੂਲੀਅਤ ਦੀ ਸ਼ਲਾਘਾ ਕਰਦਿਆਂ ਆਖਿਆ ਕਿ ਅੱਜ ਬੱਚਿਆਂ ਨੇ ਨਸ਼ਿਆਂ ਖ਼ਿਲਾਫ਼ ਭਾਵੁਕ ਸੁਨੇਹਾ ਦਿੱਤਾ ਹੈ, ਇਸ ਲਈ ਮਾਪੇ ਤੇ ਅਧਿਆਪਕ ਵੀ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਪੰਜਾਬ ਸਰਕਾਰ ਦੇ ਉਪਰਾਲੇ ਖੇਡਾਂ ਵਤਨ ਪੰਜਾਬ ਦੀਆਂ ਨਾਲ ਜੋੜਣ ਲਈ ਆਪਣੀ ਭੂਮਿਕਾ ਨਿਭਾਉਣ।

ਉਨ੍ਹਾਂ ਨੇ ਕਿਹਾ ਕਿ 15 ਤੋਂ 35 ਸਾਲ ਦੀ ਉਮਰ ਤੱਕ ਨਸ਼ਿਆਂ ਦੀ ਲਤ ਲੱਗਣ ਦਾ ਖ਼ਤਰਾ ਸਭ ਤੋਂ ਜਿਆਦਾ ਹੁੰਦਾ ਹੈ, ਇਸ ਲਈ ਨੌਜਵਾਨ ਕਿਸੇ ਵੀ ਤਰ੍ਹਾਂ ਦੀ ਦੋਸਤੀ ਦੇ ਵਾਸਤੇ ਪਾ ਕੇ ਨਸ਼ੇ ਦੀ ਲਤ ਲਗਾਉਣ ਵਾਲੇ ਤੋਂ ਦੂਰ ਰਹਿਣ ਅਤੇ ਨਸ਼ਾ ਤਸਕਰਾਂ ਦੀ ਸੂਚਨਾ ਸੇਫ਼ ਪੰਜਾਬ ਹੈਲਪਲਾਈਨ ਨੰਬਰ 9779100200 'ਤੇ ਦਿੱਤੀ ਜਾਵੇ।

ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਜੈਸਮੀਨ ਕੌਰ ਚੀਮਾ ਅਤੇ ਕੋਚ ਬਲਜੀਤ ਸਿੰਘ ਨੇ ਦੱਸਿਆ ਕਿ ਇਸ ਵਾਕਾਥੋਨ 'ਚ ਕੋਚਿੰਗ ਸੈਂਟਰ ਪੋਲੋ ਗਰਾਊਂਡ ਦੇ 600 ਖਿਡਾਰੀ ਬੱਚਿਆਂ ਨੇ ਭਾਗ ਲਿਆ, ਜਿਸ 'ਚ ਹੈਂਡਬਾਲ, ਜਿਮਨਾਸਟਿਕ, ਵੇਟਲਿਫਟਿੰਗ, ਹਾਕੀ, ਫੁੱਟਬਾਲ, ਐਥਲੈਟਿਕਸ, ਬਾਸਕਟਬਾਲ, ਵਾਲੀਵਾਲ, ਖੋ-ਖੋ, ਬੈਡਮਿੰਟਨ, ਜੂਡੋ, ਲਾਅਨ ਟੈਨਿਸ, ਟੇਬਲ ਟੈਨਿਸ ਤੇ 8 ਸਾਲ ਤੋਂ 25 ਸਾਲ ਤੱਕ ਦੇ ਖਿਡਾਰੀ ਸ਼ਾਮਲ ਹਨ। ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ ਨੇ ਪੋਲੋ ਗਰਾਊਂਡ ਤੋਂ ਲੋਅਰ ਮਾਲ ਰੋਡ ਹੁੰਦੇ ਹੋਏ ਫੁਹਾਰਾ ਚੌਂਕ ਤੋਂ ਪੋਲੋ ਗਰਾਊਂਡ ਵਿੱਚ ਵਾਪਸੀ ਕੀਤੀ।

ਇਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ, ਸਿਹਤ ਤੇ ਸਿੱਖਿਆ ਵਿਭਾਗਾਂ ਦੇ ਵੱਖ-ਵੱਖ ਅਧਿਕਾਰੀ, ਖੇਡ ਵਿਭਾਗ ਦੇ ਕੋਚ ਤੇ ਹੋਰ ਪਤਵੰਤੇ ਵੀ ਮੌਜੂਦ ਸਨ। ਸਾਕੇਤ ਹਸਪਤਾਲ ਦੇ ਪ੍ਰਾਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ ਨੇ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਤੇ ਸਮਾਜ ਸੇਵੀ ਪਰਮਿੰਦਰ ਭਲਵਾਨ ਨੇ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ।

# ਰਾਠੀਆਂ ਦੇ ਸਰਪੰਚ ਪਰਿਵਾਰ ਦੇ ਮਾਤਾ ਸਵ: ਰਜਿੰਦਰ ਕੌਰ ਨੂੰ ਸਰਧਾਂਜਲੀਆਂ ਭੇਂਟ



ਸਨੌਰ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਨੌਰ ਦੇ ਪਿੰਡ ਰਾਠੀਆਂ ਦੇ ਸਰਪੰਚ ਪਰਿਵਾਰ ਦੇ ਮਾਤਾ ਰਜਿੰਦਰ ਕੌਰ ਜੋ ਬੀਤੇ ਦਿਨੀ ਅਕਾਲ ਚਲਾਣਾ ਕਰ ਗਏ ਸੀ ਉਨ੍ਹਾਂ ਦੀ ਅੰਤਿਮ ਅਰਦਾਸ ਰਾਜਪੁਰਾ ਰੋਡ ਗੁਰੂਦੁਆਰਾ ਨੌਵੀਂ ਪਾਤਸ਼ਾਹੀ ਬਹਾਦਰਗੜ੍ਹ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਅੰਤਿਮ ਅਰਦਾਸ ਵਿੱਚ ਵੱਖ ਵੱਖ ਸਖਸ਼ੀਅਤਾਂ ਸਮੂੰਹ ਇਲਾਕਾ ਨਿਵਾਸੀਆ ਨੇ ਸ਼ਾਮਿਲ ਹੋ ਕੇ ਸੁਖਜੀਤ ਸਿੰਘ ਰਾਠੀਆਂ, ਭਾਗ ਸਿੰਘ ਰਾਠੀਆ, ਅਮਰਿੰਦਰ ਸਿੰਘ ਸਰਪੰਚ ਰਾਠੀਆਂ ਨਾਲ ਦੁੱਖ ਸਾਂਝਾ ਕੀਤਾ ਅਤੇ ਸਵ: ਰਜਿੰਦਰ ਕੌਰ ਨੂੰ ਸਰਧਾ ਦੇ ਫੁਲ ਭੇਟ ਕੀਤੇ।

ਇਸ ਸਮੇਂ ਪ੍ਰੋ ਪ੍ਰੇਮ ਸਿੰਘ ਚੰਦੂਮਾਜਰਾ,ਜੱਥੇ ਸੁਰਜੀਤ ਸਿੰਘ ਗੜ੍ਹੀ, ਹਰਮੀਤ ਸਿੰਘ ਪਠਾਣਮਾਜਰਾ ਵਿਧਾਇਕ ਹਲਕਾ ਸਨੌਰ, ਤੇਜਿੰਦਰ ਪਾਲ ਸਿੰਘ ਸੰਧੂ, ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਹੈਰੀ ਮਾਨ, ਸਿਮਰਨਜੀਤ ਕੌਰ ਪਠਾਣਮਾਜਰਾ, ਹਰਪ੍ਰੀਤ ਕੌਰ ਮੁਖਮੇਲਪੁਰ, ਸ਼ਰਨਜੀਤ ਸਿੰਘ ਜੋਗੀਪੁਰ, ਜਨਕਰਾਜ ਕਲਬਾਂਨੂ, ਚੈਅਰਮੈਨ ਇੰਦਰਜੀਤ ਸਿੰਘ ਸੰਧੂ, ਚੈਅਰਮੈਨ ਅਸ਼ਵਨੀ ਬੱਤਾ, ਬੂਟਾ ਸਿੰਘ ਸ਼ਾਦੀਪੁਰ ਬੀ ਕੇ ਯੂ, ਸਤਵੀਰ ਸਿੰਘ ਸਾਬਕਾ ਚੇਅਰਮੈਨ, ਕ੍ਰਿਸਨ ਸਿੰਘ ਸਨੌਰ, ਜਸਮੇਰ ਸਿੰਘ ਲਾਛੜੂ, ਜਥੇਦਾਰ ਕਰਨੈਲ ਸਿੰਘ ਲਾਛੜੂ, ਜੋਗਾ ਸਿੰਘ ਚਪੜ, ਗੁਰਮੇਲ ਬੋਸਰ, ਹਰਵਿੰਦਰ ਸਿੰਘ, ਸਤਵਿੰਦਰ ਸਿੰਘ ਭਾਂਖਰ, ਮਹਿਕ ਗਰੇਵਾਲ ,ਪਰਨਵ ਗੋਇਲ, ਜਸਵਿੰਦਰ ਸਿੰਘ ਮੋਨੀ ਭਾਂਖਰ, ਲੱਖਾ ਸਿੰਘ ਸੰਧੂ, ਜਗਜੀਤ ਸਿੰਘ ਕੋਹਲੀ ਪੀ ਏ, ਅਮਰਜੀਤ ਸਿੰਘ ਜਾਗਦੇ ਰਹੋ, ਰਣਦੀਪ ਰਾਣਾ ਸਰਪੰਚ ਬੋਲੜ ਕਲਾਂ, ਪਰਮਜੀਤ ਬੋਲੜ, ਵਿੱਕੀ ਸਰਪੰਚ ਬੱਤੀ, ਗੋਪੀ ਸਰਪੰਚ ਨਾਲ ਹੋਰ ਵੱਖ ਵੱਖ ਸਖਸ਼ੀਅਤਾਂ ਨੇ ਸਰਧਾ ਦੇ ਫੁਲ ਭੇਂਟ ਕੀਤੇ।

# ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਮਾਨਸੂਨ ਦੌਰਾਨ ਹੜ੍ਹ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ: ਡੀਸੀ ਡਾ. ਪ੍ਰੀਤੀ ਯਾਦਵ



ਪਟਿਆਲਾ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਆਉਣ ਵਾਲੇ ਮੌਨਸੂਨ ਸੀਜ਼ਨ ਦੇ ਮੱਦੇਨਜ਼ਰ, ਜ਼ਿਲ੍ਹਾ ਪ੍ਰਸ਼ਾਸਨ ਪਟਿਆਲਾ ਨੇ ਕਿਸੇ ਵੀ ਸੰਭਾਵੀ ਹੜ੍ਹ ਵਰਗੀ ਸਥਿਤੀ ਨਾਲ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਵਿਆਪਕ ਉਪਾਵਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ।ਇਹ ਪ੍ਰਗਟਾਵਾ ਕਰਦਿਆਂ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਜ਼ਿਲ੍ਹੇ ਦੇ ਸੰਭਾਵੀ ਪਾਣੀ ਆਉਣ ਵਾਲੇ ਖੇਤਰਾਂ ਬਾਬਤ ਰਣਨੀਤੀ ਦਾ ਜਾਇਜ਼ਾ ਲੈਂਦਿਆਂ, ਡਰੇਨੇਜ ਵਿਭਾਗ ਦੇ ਜ਼ਮੀਨੀ ਪੱਧਰ 'ਤੇ ਤਿਆਰੀ ਉਪਰ ਸੰਤੁਸ਼ਟੀ ਪ੍ਰਗਟ ਕਰਦਿਆਂ ਕਿਹਾ ਕਿ ਹੜ੍ਹ ਸੁਰੱਖਿਆ ਕਾਰਜਾਂ ਵਿੱਚ ਕੋਈ ਢਿੱਲ ਨਹੀਂ ਹੈ।

ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਡਰੇਨੇਜ ਵਿਭਾਗ ਨੇ ਕਾਫ਼ੀ ਗਿਣਤੀ ਵਿੱਚ ਖਾਲੀ ਈਸੀ ਬੈਗਾਂ ਦੀ ਖਰੀਦ ਨੂੰ ਯਕੀਨੀ ਬਣਾਇਆ ਹੈ ਅਤੇ ਖਾਲੀ ਥੈਲੇ ਵੱਡੀ ਗਿਣਤੀ ਵਿੱਚ ਪਹਿਲਾਂ ਹੀ ਮਿੱਟੀ ਨਾਲ ਭਰਕੇ ਘੱਗਰ ਸਮੇਤ ਹੋਰ ਨਦੀਆਂ ਦੀਆਂ ਨਾਜ਼ੁਕ ਥਾਵਾਂ 'ਤੇ ਰੱਖ ਲਏ ਗਏ ਹਨ, ਜਦੋਂ ਕਿ ਹੋਰ ਵਾਧੂ ਖਾਲੀ ਬੈਗ ਵੀ ਤੁਰੰਤ ਲੋੜ ਪੈਣ ਵਾਲੇ ਰਣਨੀਤਕ ਖੇਤਰਾਂ ਨੇੜੇ ਭੰਡਾਰ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਕਿਸੇ ਵੀ ਐਮਰਜੈਂਸੀ ਦੇ ਤੁਰੰਤ ਟਾਕਰੇ ਲਈ ਪਟਿਆਲਾ ਡਰੇਨੇਜ ਡਿਵੀਜ਼ਨ ਦਫ਼ਤਰ ਵਿਖੇ ਇੱਕ ਪੂਰੀ ਤਰ੍ਹਾਂ ਲੈਸ ਹੜ੍ਹ ਕੰਟਰੋਲ ਰੂਮ ਵੀ ਸਥਾਪਤ ਕੀਤਾ ਗਿਆ ਹੈ, ਜਿਸ ਦਾ ਨੰਬਰ 0175-2350550 ਦਿਨ-ਰਾਤ ਕਾਰਜਸ਼ੀਲ ਹੈ। ਉਨ੍ਹਾਂ ਦੱਸਿਆ ਕਿ ਮੁੱਖ ਥਾਵਾਂ ਵਿੱਚ ਪਟਿਆਲਾ ਵੱਡੀ ਨਦੀ, ਸਮਾਣਾ-ਪਾਤੜਾਂ ਵਿਖੇ ਘੱਗਰ ਨੇੜੇ ਤੇ ਬਾਦਸ਼ਾਹਪੁਰ, ਰਾਜਪੁਰਾ ਵਿਖੇ ਪੱਚੀਦਰਾ-ਐਸਵਾਈਐਲ, ਸਰਾਲਾ ਖੁਰਦ (ਸਰਾਲਾ ਸਾਈਫਨ, ਘੱਗਰ, ਘਨੌਰ), ਰੋਹੜ ਜਗੀਰ, ਮੋਹਲਗੜ੍ਹ ਅਤੇ ਬੀਬੀਪੁਰ ਸ਼ਾਮਲ ਹਨ।

ਇਸ ਦੌਰਾਨ ਡਰੇਨੇਜ ਡਿਵੀਜ਼ਨ ਦੇ ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਜ਼ਿਲ੍ਹੇ ਵਿੱਚ ਹੜ੍ਹਾਂ ਤੋਂ ਬਚਾਅ ਲਈ ਕੀਤੇ ਗਏ ਮੁੱਖ ਢਾਂਚਾਗਤ ਕੰਮਾਂ ਬਾਰੇ ਜਾਣਕਾਰੀ ਦਿੱਤੀ ਤੇ ਦੱਸਿਆ ਕਿ ਪਿੰਡ ਦਵਾਰਕਾਪੁਰ ਵਿਖੇ ਪਾਣੀ ਦੀ ਰਿਹਾਇਸ਼ੀ ਇਲਾਕਿਆਂ ਤੇ ਖੇਤਾਂ ਵਿੱਚ ਵਾਪਸੀ ਨੂੰ ਰੋਕਣ ਲਈ ਘੱਗਰ ਦਰਿਆ ਦੇ ਖੱਬੇ ਹਾਸ਼ੀਏ ਦੇ ਬੰਨ੍ਹਾਂ (ਐਲਐਮਬੀ) 'ਤੇ ਦੋ ਫਲੱਡ ਗੇਟ ਤੇ ਇੱਕ ਗੇਅਰਿੰਗ ਸਿਸਟਮ ਲਗਾਇਆ ਗਿਆ ਹੈ। ਇਸੇ ਤਰ੍ਹਾਂ ਹੀ ਸਮਾਣਾ ਦੇ ਪਿੰਡ ਅਰਨੇਟੂ ਨੇੜੇ ਘੱਗਰ ਦਰਿਆ ਦੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਅਤੇ ਬੰਨ੍ਹ ਖੁਰਨ ਤੋਂ ਰੋਕਣ ਲਈ ਐਲਐਮਬੀ 'ਤੇ ਪੱਥਰ ਨਾਲ ਬਣੇ ਰਿਵੇਟਮੈਂਟ ਅਤੇ ਪਿੱਚਿੰਗ ਦਾ ਨਿਰਮਾਣ ਕੀਤਾ ਗਿਆ ਹੈ।

ਜਦੋਂਕਿ ਪਿੰਡ ਦੁਧਨ ਗੁੱਜਰਾਂ ਵਿਖੇ ਸੱਜੇ ਟਾਂਗਰੀ ਬੰਨ੍ਹਾਂ 'ਤੇ ਸ਼ੇਖੂਪੁਰਾ ਅਦਲਤੀਵਾਲਾ ਡਰੇਨ ਦੇ ਆਊਟਫਾਲ 'ਤੇ ਮੌਜੂਦਾ ਪਾਈਪ ਇਨਲੇਟ ਦਾ ਪੁਨਰ ਨਿਰਮਾਣ, ਜਿਸ ਵਿੱਚ ਟਾਂਗਰੀ ਨਦੀ ਦੇ ਉਲਟ ਵਹਾਅ ਤੋਂ ਬਚਾਉਣ ਲਈ ਬੈਰਲ, ਗੇਟ ਅਤੇ ਗੇਅਰਿੰਗ ਸਿਸਟਮ ਦੀ ਸਥਾਪਨਾ ਵੀ ਸ਼ਾਮਲ ਹੈ।ਪਿੰਡ ਹਰਚੰਦਪੁਰਾ ਅਤੇ ਹਡਾਨਾ ਦੇ ਨੇੜੇ ਘੱਗਰ ਨਦੀ ਦੇ ਸੱਜੇ ਕੰਢੇ 'ਤੇ ਪਿੱਚਿੰਗ ਦੇ ਨਾਲ ਬੋਲਡਰ ਕ੍ਰੇਟੇਡ ਸਟੱਡ ਅਤੇ ਐਪਰਨ ਦਾ ਵਿਕਾਸ ਨੇੜਲੇ ਸੜਕਾਂ, ਪਿੰਡਾਂ ਅਤੇ ਖੇਤਾਂ ਦੀ ਸੁਰੱਖਿਆ ਲਈ ਕੀਤਾ ਗਿਆ ਹੈ। ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਨੇ ਪੁਸ਼ਟੀ ਕੀਤੀ ਕਿ ਸਾਰੇ ਨਿਰਧਾਰਤ ਹੜ੍ਹ ਸੁਰੱਖਿਆ ਕਾਰਜ ਸਮੇਂ ਸਿਰ ਪੂਰੇ ਹੋ ਗਏ ਹਨ, ਜਿਸ ਨਾਲ ਭਾਰੀ ਬਾਰਸ਼ ਸ਼ੁਰੂ ਹੋਣ ਤੋਂ ਪਹਿਲਾਂ ਜ਼ਿਲ੍ਹੇ ਦੀ ਤਿਆਰੀ ਯਕੀਨੀ ਬਣਾਈ ਗਈ ਹੈ।

# ਡਿਪਟੀ ਕਮਿਸ਼ਨਰ ਨੇ ਲਗਾਈ ਕਬੂਤਰਬਾਜ਼ੀ ਮੁਕਾਬਲਿਆਂ ਉੱਤੇ ਰੋਕ

ਅੰਮ੍ਰਿਤਸਰ 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਕਮ ਜ਼ਿਲਾ ਮੈਜਿਸਟਰੇਟ ਅੰਮ੍ਰਿਤਸਰ ਸ੍ਰੀਮਤੀ ਸਾਕਸ਼ੀ ਸਾਹਨੀ ਨੇ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕਬੂਤਰਬਾਜ਼ੀ ਮੁਕਾਬਲੇ ਕਰਵਾਉਣ ਉੱਤੇ ਪੂਰਨ ਤੌਰ ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਹੁਕਮ 25 ਅਗਸਤ 2025 ਤੱਕ ਲਾਗੂ ਰਹਿਣਗੇ । ਜਾਰੀ ਕੀਤੇ ਹੁਕਮਾਂ ਵਿੱਚ ਉਹਨਾਂ ਨੇ ਦੱਸਿਆ ਕਿ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਪੰਜਾਬ ਵੱਲੋਂ ਪ੍ਰਾਪਤ ਹੋਏ ਪੱਤਰ ਅਨੁਸਾਰ ਐਨੀਮਲ ਵੈਲਫੇਅਰ ਬੋਰਡ ਆਫ ਇੰਡੀਆ ਨੂੰ ਇਸ ਸਬੰਧੀ ਸ਼ਿਕਾਇਤਾਂ ਆ ਰਹੀਆਂ ਸਨ ਕਿ ਕਬੂਤਰਬਾਜੀ ਮੁਕਾਬਲਿਆਂ ਦੌਰਾਨ



ਪੀਸੀਏ ਐਕਟ 1960 ਦੇ ਸੈਕਸ਼ਨ ਤਿੰਨ ਅਤੇ 11 ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਮਾਨਯੋਗ ਸੁਪਰੀਮ ਕੋਰਟ ਵੱਲੋਂ ਵੀ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਤਰ੍ਹਾਂ ਦੇ ਮੁਕਾਬਲੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਿਲ ਹਨ। ਇਸ ਲਈ ਜਿਲ੍ਹੇ ਵਿੱਚ ਅਜਿਹੀਆਂ ਗਤੀਵਿਧੀਆਂ ਉੱਤੇ ਸੰਪੂਰਨ ਰੋਕ ਲਗਾਉਣ ਦੀ ਹੁਕਮ ਜਾਰੀ ਕਰ ਦਿੱਤੇ ਗਏ ਹਨ। ਉਨਾਂ ਕਿਹਾ ਕਿ ਇਹਨਾਂ ਗਤੀਵਿਧੀਆਂ ਨਾਲ ਸੰਬੰਧਿਤ ਵਿਅਕਤੀ ਵਿਰੁੱਧ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਜ਼ਿਲ੍ਹਾ ਪ੍ਰਸ਼ਾਸ਼ਨ ਅਤੇ ਉਦਯੋਗਿਕ ਵਿਭਾਗ ਵੱਲੋਂ ਨਿਵੇਸ਼ਕਾਂ ਨੂੰ ਸਮੇਂ ਸਿਰ ਸੇਵਾਵਾਂ ਦੇਣ ' ਤੇ ਜ਼ੋਰ : ਡਾ: ਪ੍ਰੀਤੀ ਯਾਦਵ

➤ ਮਿੱਥੇ ਸਮੇਂ ' ਚ ਕੇਸਾਂ ਦਾ ਨਿਪਟਾਰਾ ਕਰਨ ਦੀ ਹਦਾਇਤ ➤ ਇਨਵੈਸਟ ਪੰਜਾਬ ਦੀ ਬਿਓਰੋ ਰੀਵਿਊ ਮੀਟਿੰਗ ਦਾ ਲਿਆ ਜਾਇਜਾ



ਪਟਿਆਲਾ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਦੀ ਨਵੀਨ ਉਦਯੋਗਿਕ ਨੀਤੀ ਅਧੀਨ ਸਮੂਹ ਵਿਭਾਗਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਨਿਵੇਸ਼ਕਾਂ ਨੂੰ ਪੂਰੀ ਸਹੂਲਤ ਅਤੇ ਸਮੇਂ ਸਿਰ ਸੇਵਾ ਪ੍ਰਦਾਨ ਕੀਤੀ ਜਾਵੇ । ਇਸ ਗੱਲ ਦਾ ਪ੍ਰਗਟਾਵਾ ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਨੇ ਇਨਵੈਸਟ ਪੰਜਾਬ ਦੀ ਵਿਸ਼ੇਸ਼ ਮੀਟਿੰਗ ਦੌਰਾਨ ਕੀਤਾ । ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ (ਯੂ ਡੀ) ਨਵਰੀਤ ਕੌਰ ਸੇਖੋਂ ਅਤੇ ਜ਼ਿਲ੍ਹਾ ਉਦਯੋਗ ਕੇਂਦਰ ਦੇ ਮੈਨੇਜਰ ਅੰਗਦ ਸਿੰਘ ਸੋਹੀ ਵੀ ਸਨ ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਮੀਟਿੰਗ ਦਾ ਮੁੱਖ ਮੰਤਵ ਜ਼ਿਲ੍ਹੇ ਵਿੱਚ ਉਦਯੋਗਿਕ ਨਿਵੇਸ਼ ਦੀ ਰਫ਼ਤਾਰ ਨੂੰ ਤੇਜ ਕਰਨਾ ਅਤੇ ਇਨਵੈਸਟ ਪੰਜਾਬ ਪੋਰਟਲ ਉਪਰ ਅਪਲਾਈ ਕੀਤੇ ਨਿਵੇਸ਼ਕਾਂ ਦੇ ਕੇਸਾਂ ਨੂੰ ਸਮਾਂਬੱਧ ਨਿਪਟਾਰੇ ਕਰਨਾ ਹੈ। ਮੀਟਿੰਗ ਦੌਰਾਨ ਹਰੇਕ ਵਿਭਾਗ ਨੇ ਆਪਣੇ ਮੌਜੂਦਾ ਕਾਰਜਾਂ ਦੀ ਸੰਖੇਪ ਰਿਪੋਰਟ ਪੇਸ਼ ਕੀਤੀ ਅਤੇ ਨਿਵੇਸ਼ਕਾਂ ਨੂੰ ਆ ਰਹੀਆਂ ਰੁਕਾਵਟਾਂ ' ਤੇ ਵਿਚਾਰ ਵਟਾਂਦਰਾ ਕੀਤਾ ਗਿਆ ।

ਡਿਪਟੀ ਕਮਿਸ਼ਨਰ ਨੇ ਸਮੂਹ ਵਿਭਾਗਾਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਇਨਵੈਸਟ ਪੰਜਾਬ ਪਲੇਟਫਾਰਮ ਰਾਹੀਂ ਕੇਸਾਂ ਦੀ ਨਿਗਰਾਨੀ ਮਿੱਥੇ ਸਮੇਂ ਵਿੱਚ ਕਰਕੇ ਐਨ.ਓ.ਸੀ. ਪ੍ਰਦਾਨ ਕੀਤੇ ਜਾਣ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਉਦਯੋਗਿਕ ਵਿਕਾਸ ਲਈ ਉਚਿਤ ਮਾਹੌਲ ' ਤੇ ਸਰਲ ਨੀਤੀਆਂ ਲਾਗੂ ਕੀਤੀਆਂ ਗਈਆਂ ਹਨ, ਜਿਹਨਾਂ ਦਾ ਉਦੇਸ਼ ਰੋਜ਼ਗਾਰ ਦੇ ਨਵੇਂ ਮੌਕੇ ਦੇਣਾ ਹੈ ਤਾਂ ਕਿ ਨਿਵੇਸ਼ਕਾਂ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।

ਇਸ ਮੌਕੇ ਲੇਬਰ ਵਿਭਾਗ (ਡਾਇਰੈਕਟਰ ਆਫ ਫੈਕਟਰੀਜ਼) ਹੋਮ ਅਫੇਅਰਜ਼, ਇੰਡੀਸਟ ?ਰੀਜ਼ ਐਂਡ ਕਾਮਰਸ, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਲੇਬਰ ਵਿਭਾਗ, ਕਰ ਵਿਭਾਗ, ਹੈਲਥ ਐਂਡ ਡਰੱਗ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ । ਇਹਨਾਂ ਵੱਲੋਂ ਨਿਵੇਸ਼ਕਾਂ ਦੇ ਮਸਲੇ ਵਿਚਾਰੇ ਗਏ ਅਤੇ ਇਹਨਾਂ ਦੇ ਤੁਰੰਤ ਨਿਪਟਾਰੇ ਲਈ ਕਾਰਵਾਈ ਅਮਲ ਵਿੱਚ ਲਿਆਂਦੀ ਗਈ।

# ACB ਵੱਲੋਂ ਸਤੇਂਦਰ ਜੈਨ ਤੇ ਸੌਰਭ ਭਾਰਦਵਾਜ ਖ਼ਿਲਾਫ਼ ਭ੍ਰਿਸ਼ਟਾਚਾਰ ਦਾ ਕੇਸ ਦਰਜ

ਨਵੀਂ ਦਿੱਲੀ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਅਧਿਕਾਰੀਆਂ ਨੇ ਵੀਰਵਾਰ ਨੂੰ ਕਿਹਾ ਕਿ ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਪਿਛਲੀ 'ਆਪ' ਸਰਕਾਰ ਦੇ ਸਿਹਤ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਵਿੱਚ ਕਥਿਤ ਭ੍ਰਿਸ਼ਟਾਚਾਰ ਦੇ ਸਬੰਧ ਵਿੱਚ ਸਾਬਕਾ AAP ਮੰਤਰੀਆਂ ਸੌਰਭ ਭਾਰਦਵਾਜ ਅਤੇ ਸਤੇਂਦਰ ਜੈਨ ਵਿਰੁੱਧ ਕੇਸ ਦਰਜ ਕੀਤਾ ਹੈ। ਇਹ ਮਾਮਲਾ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਦਿੱਲੀ ਦੇ ਸਾਬਕਾ ਸਿਹਤ ਮੰਤਰੀਆਂ ਭਾਰਦਵਾਜ ਅਤੇ ਜੈਨ ਵਿਰੁੱਧ ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ ਦੇ ਤਹਿਤ 132 ਵੱਲੋਂ ਜਾਂਚ ਕਰਨ ਦੀ ਪ੍ਰਵਾਨਗੀ ਦੇਣ ਤੋਂ ਕੁਝ ਦਿਨ ਬਾਅਦ ਦਰਜ ਕੀਤਾ ਗਿਆ ਹੈ। 'ਆਪ' ਵੱਲੋਂ ਕੋਈ ਤੁਰੰਤ ਇਸ 'ਤੇ ਪ੍ਰਤੀਕਿਰਿਆ ਨਹੀਂ ਆਈ।

# ਬਲਜਿੰਦਰ ਸਿੰਘ ਤੂਰ ਝਾਰਖੰਡ ਦੇ ਖਿਡਾਰੀਆਂ ਨੂੰ ਸਿਖਾਉਣਗੇ ਗੱਤਕੇ ਦੇ ਗੁਰ



ਮਾਛੀਵਾੜਾ ਸਾਹਿਬ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਜਨਰਲ ਸਕੱਤਰ ਅਤੇ ਆਪਣੇ ਸਮੇਂ ਦੇ ਉੱਘੇ ਗੱਤਕਾ ਖਿਡਾਰੀ ਬਲਜਿੰਦਰ ਸਿੰਘ ਤੂਰ ਜੋ ਕਿ ਪਿਛਲੇ ਕਈ ਦਹਾਕਿਆਂ ਤੋਂ ਗੱਤਕਾ ਖੇਡ ਨੂੰ ਪੂਰੇ ਭਾਰਤ ਦੇ ਵਿੱਚ ਪ੍ਰਮੋਟ ਕਰਨ ਦੇ ਲਈ ਕੰਮ ਕਰ ਰਹੇ ਹਨ , ਉਹਨਾਂ ਵੱਲੋਂ 29 ਅਤੇ 30 ਜੂਨ 2025 ਨੂੰ ਝਾਰਖੰਡ ਸਟੇਟ ਵਿਖੇ ਗੱਤਕੇ ਦੀ ਸਿਖਲਾਈ ਦਿੱਤੀ ਜਾਵੇਗੀ। ਉਹਨਾਂ ਵੱਲੋਂ ਪੂਰੇ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਪਹਿਲਾਂ ਵੀ ਇਸ ਤਰ੍ਹਾਂ ਦੇ ਕਈ ਗੱਤਕਾ ਕੈਂਪ ਲਗਾਏ ਗਏ ਹਨ । ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦੇ ਹੋਏ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਗੱਤਕਾ ਬਹੁਤ ਹੀ ਤੇਜੀ ਨਾਲ ਭਾਰਤ ਤੇ ਸਾਰੇ ਰਾਜਾਂ ਵਿੱਚ ਪ੍ਰਚਲਿਤ ਹੋ ਰਿਹਾ ਹੈ ਅਤੇ ਗੱਤਕੇ ਦੀਆਂ ਨਵੀਆਂ ਤਕਨੀਕਾਂ ਅਤੇ ਗੱਤਕੇ ਦੀਆਂ ਬਰੀਕੀਆਂ ਨੂੰ ਸਿਖਾਉਣ ਦੇ ਲਈ ਉਹਨਾਂ ਵੱਲੋਂ ਭਾਰਤ ਦੇ ਵੱਖ ਵੱਖ ਰਾਜਾਂ ਵਿੱਚ ਕੈਂਪ ਲਗਾਏ ਜਾ ਰਹੇ ਹਨ।

ਉਨ੍ਹਾਂ ਦੱਸਿਆ ਕਿ ਇਹ ਦੋ ਰੋਜਾ ਕੈਂਪ ਦੇ ਵਿੱਚ ਜਿੱਥੇ ਵੱਖ-ਵੱਖ ਸਕੂਲਾਂ ਤੇ ਕਾਲਜਾਂ ਦੇ ਵਿੱਚ ਬੱਚਿਆਂ ਨੂੰ ਗੱਤਕੇ ਦੀ ਟ ?ਰੇਨਿੰਗ ਦਿੱਤੀ ਜਾਵੇਗੀ , ਉਥੇ ਹੀ ਝਾਰਖੰਡ ਵਿੱਚ ਗੱਤਕਾ ਖੇਡ ਨੂੰ ਮਾਨਤਾ ਦਿਵਾਉਣ।

# ਐਸ.ਡੀ.ਐਮ. ਕਿਰਪਾਲਵੀਰ ਸਿੰਘ ਵੱਲੋਂ ਟਾਂਗਰੀ, ਮਾਰਕੰਡਾ ਤੇ ਘੱਗਰ ਦਾ ਦੌਰਾ



ਦੂਧਨਸਾਧਾਂ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਦੂਧਨ ਸਾਧਾਂ ਦੇ ਐਸ.ਡੀ.ਐਮ ਕਿਰਪਾਲਵੀਰ ਸਿੰਘ ਨੇ ਅੱਜ ਹੜ੍ਹਾਂ ਤੋਂ ਬਚਾਅ ਕਾਰਜਾਂ ਦਾ ਜਾਇਜ਼ਾ ਲੈਣ ਲਈ ਸਬ ਡਵੀਜਨ ਵਿਖੇ ਤਾਇਨਾਤ ਅਧਿਕਾਰੀਆਂ ਤੇ ਕਰਮਚਾਰੀਆਂ ਨਾਲ ਬੈਠਕ ਕੀਤੀ। ਉਨ੍ਹਾਂ ਦੱਸਿਆ ਕਿ ਸਬ ਡਵੀਜਨ ਵਿੱਚੋਂ ਲੰਘਦੇ ਮਾਰਕੰਡਾ, ਟਾਂਗਰੀ ਤੇ ਘੱਗਰ ਦਰਿਆਵਾਂ ਦੇ ਕਮਜੋਰ ਖੇਤਰਾਂ ਦਾ ਜਾਇਜ਼ਾ ਲੈ ਕੇ ਲੋੜੀਂਦੀਆਂ ਥਾਵਾਂ 'ਤੇ ਬੰਨ੍ਹਾਂ ਨੂੰ ਮਜ਼ਬੂਤ ਕੀਤਾ ਗਿਆ ਹੈ ਅਤੇ ਮਗਨਰੇਗਾ ਮਜ਼ਦੂਰਾਂ ਰਾਹੀਂ ਬੂਟੀ ਦੀ ਸਫ਼ਾਈ ਵੀ ਕਰਵਾਈ ਗਈ ਹੈ। ਐਸ.ਡੀ.ਐਮ. ਕਿਰਪਾਲਵੀਰ ਸਿੰਘ ਨੇ ਦੱਸਿਆ ਕਿ ਪਿਛਲੀ ਵਾਰ 2023 ਵਿੱਚ ਆਏ ਹੜ੍ਹਾਂ ਕਰਕੇ ਸਬ ਡਵੀਜ਼ਨ ਵਿੱਚ ਟਾਂਗਰੀ ਨਦੀ ਦੇ ਆਏ ਪਾਣੀ ਨੇ 30 ਤੋਂ 35 ਪਿੰਡਾਂ ਨੂੰ ਪ੍ਰਭਾਵਤ ਕੀਤਾ ਸੀ ਪਰੰਤੂ ਸਾਲ 2024 ਵਿੱਚ ਕੋਈ ਵਾਧੂ ਪਾਣੀ ਨਹੀਂ ਸੀ ਆਇਆ ਅਤੇ ਹੜ੍ਹਾਂ ਤੋਂ ਬਚਾਅ ਰਿਹਾ ਸੀ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੇ ਅੱਜ ਖ਼ੁਦ ਹੜ੍ਹਾਂ ਤੋਂ ਬਚਾਅ ਲਈ ਜਮੀਨੀ ਪੱਧਰ 'ਤੇ ਹਕੀਕਤਾਂ ਜਾਣਨ ਲਈ ਟਾਂਗਰੀ, ਮਾਰਕੰਡਾ ਤੇ ਘੱਗਰ ਦਰਿਆ ਦਾ ਦੌਰਾ ਕੀਤਾ ਹੈ ਅਤੇ ਲੋੜੀਂਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਨ੍ਹਾਂ ਨੂੰ ਕਿਸੇ ਤਰ੍ਹਾਂ ਵੀ ਡਰਨ ਦੀ ਕੋਈ ਲੋੜ ਨਹੀਂ ਹੈ ਕਿਉਂਕਿ ਹੜ੍ਹਾਂ ਤੋਂ ਬਚਾਅ ਲਈ ਸਾਰੇ ਪ੍ਰਬੰਧ ਪੁਖ਼ਤਾ ਹਨ ਤੇ ਜੇਕਰ ਕਿਸੇ ਵੀ ਕਾਰਨ ਪਾਣੀ ਆ ਜਾਂਦਾ ਹੈ ਤਾਂ ਵੀ ਕੋਈ ਜਾਨੀ-ਮਾਲੀ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ।

# ਰਾਜਿੰਦਰਾ ਹਸਪਤਾਲ ਅਤੇ ਮੈਡੀਕਲ ਕਾਲਜ ਪਟਿਆਲਾ ਦੇ ਕਰਮਚਾਰੀਆਂ ਨੇ ਲੋੜਵੰਦਾਂ ਲਈ ਕੀਤਾ ਖ਼ੂਨਦਾਨ




ਪਟਿਆਲਾ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਇਥੇ ਰਾਜਿੰਦਰਾ ਹਸਪਤਾਲ ਅਤੇ ਮੈਡੀਕਲ ਕਾਲਜ ਪਟਿਆਲਾ ਦੇ ਕਰਮਚਾਰੀਆਂ ਨੇ ਸ੍ਰੀ ਰਾਜੇਸ਼ ਕੁਮਾਰ ਗੋਲੂ ਦੀ ਪ੍ਰੇਰਣਾ ਸਦਕਾ ਪਬਲਿਕ ਹਿੱਤਾਂ ਲਈ ਰਾਜਿੰਦਰਾ ਹਸਪਤਾਲ ਸਥਿਤ ਬਲੱਡ ਬੈਂਕ ਵਿਚ ਪਹੁੰਚ ਕੇ ਮੁਲਾਜ਼ਮਾਂ ਦੇ ਪ੍ਰਮੁੱਖ ਆਗੂ ਸਵਰਨ ਸਿੰਘ ਬੰਗਾ ਪ੍ਰਧਾਨ ਜੁਆਇੰਟ ਐਕਸ਼ਨ ਕਮੇਟੀ ਨੇ ਪਹਿਲ ਦੇ ਆਧਾਰ ਤੇ ਆਪਣਾ ਫਾਰਮ ਭਰਕੇ ਖ਼ੂਨ ਦਾਨ ਕੀਤਾ ਅਤੇ ਸਾਥੀਆਂ ਨੂੰ ਅਪੀਲ ਕੀਤੀ ਕਿ ਜਿਥੇ ਅਸੀਂ ਮੁਲਾਜ਼ਮ ਹਿੱਤਾਂ ਲਈ ਦਿਨ ਰਾਤ ਸੰਘਰਸ਼ ਕਰਦੇ ਹਾਂ ਨਾਲ ਹੀ ਰਾਜਿੰਦਰਾ ਹਸਪਤਾਲ ਵਿੱਚ ਦੂਰ ਦਰਾਡੇ ਤੋਂ ਐਮਰਜੈਂਸੀ ਹਲਾਤਾਂ ਵਿੱਚ ਆਏ ਲੋੜਵੰਦਾਂ ਦੀ ਹਰ ਸੰਭਵ ਮੱਦਦ ਲਈ ਤਿਆਰ-ਬਰ-ਤਿਆਰ ਰਹਿਣਾ ਚਾਹੀਦਾ ਹੈ।

ਇਸ ਸਮੇਂ ਹੋਰਨਾਂ ਤੋਂ ਇਲਾਵਾ ਸਾਥੀ ਅਜੇ ਕੁਮਾਰ ਸੀਪਾ ਸੀ. ਮੀਤ. ਪ੍ਰਧਾਨ, ਮਹਿੰਦਰ ਸਿੰਘ ਜਨਰਲ ਸਕੱਤਰ, ਪਰਮਿੰਦਰ ਸਿੰਘ ਕੰਬੋਜ ਪ੍ਰਧਾਨ, ਮੈਡੀਕਲ ਕਾਲਜ, ਵਿਕਰਮ ਅਟਵਾਲ, ਅਰੁਨ ਕੁਮਾਰ, ਸੁਰਿੰਦਰਪਾਲ ਦੁੱਗਲ, ਅਮਨ ਕੁਮਾਰ, ਸ਼ੰਕਰ, ਮਦਨ ਠਾਕੁਰ, ਗੀਤਾ ਅਤੇ ਮੰਜੂ ਹਾਜ਼ਰ ਸਨ।

# ਨਸ਼ਾ ਕਰਨ ਵਾਲੇ ਨਾਲ ਨ.ਫਰਤ ਨਾ ਕਰੀਏ ਸਗੋਂ ਉਹਨਾਂ ਦੀ ਨਸ਼ਾ ਛੱਡਣ ਵਿੱਚ ਮਦਦ ਕਰਨ ਲਈ ਅੱਗੇ ਆਈਏ : ਬਾਜਵਾ




ਪਟਿਆਲਾ, 29 ਜੂਨ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਪਟਿਆਲਾ ਵਲੋਂ ਸਰਕਾਰੀ ਆਈਂ ਟੀ ਆਈਂ ਲੜਕੀਆਂ ਵਿਖੇ ਪ੍ਰਿੰਸੀਪਲ ਮਨਮੋਹਨ ਸਿੰਘ ਦੇ ਸਹਿਯੋਗ ਅਤੇ ਮਾਨਯੋਗ ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਡਾਕਟਰ ਨਾਨਕ ਸਿੰਘ, ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ- ਕਮਾਊਨਟੀ ਅਫਸਰ ਵੈਭਵ ਚੋਧਰੀ ਦੀ ਸਰਪ੍ਰਸਤੀ ਹੇਠ ਪਟਿਆਲਾ ਵਿਖੇ ਨਸ਼ੇ ਨਜਾਇਜ਼ ਦੁਰਵਰਤੋਂ ਅਤੇ ਨਸ਼ਾ ਤਸ਼ਕਰੀ ਵਿਰੁੱਧ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਅਤੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ, ਇਸ ਮੌਕੇ ਸਰਕਾਰੀ ਆਈਂ ਟੀ ਆਈ ਲੜਕੀਆਂ ਦੇ ਵਾਇਸ ਪ੍ਰਿੰਸੀਪਲ ਆਸੀਮਾ ਗੋਇਲ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਐਸ ਆਈ ਪ੍ਰਦੀਪ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 1 , ਰਾਸ਼ਟਰਪਤੀ ਪੁਲਿਸ ਮੈਡਲ ਵਿਜੇਤਾ ਐਸ ਆਈ ਜਸਪਾਲ ਸਿੰਘ ਇੰਚਾਰਜ ਸਾਂਝ ਕੇਂਦਰ ਸਦਰ ਪਟਿਆਲਾ, ਐਸ ਆਈ ਜਸਵੰਤ ਕੁਮਾਰ ਇੰਚਾਰਜ ਸਾਂਝ ਕੇਂਦਰ ਸਿਟੀ 2, ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਪੰਜਾਬ ਰੈਡ ਕਰਾਸ ਨਸ਼ਾ ਪੀੜਤਾਂ ਲਈ ਏਕੀਕ੍ਰਿਤ ਮੁੜ ਵਸੇਬਾ ਕੇਂਦਰ ਪਟਿਆਲਾ, ਸਟੇਟ ਐਵਾਰਡੀ ਰੁਪਿੰਦਰ ਕੌਰ,ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ,ਰੁਦਰਪ੍ਰਤਾਪ ਸਿੰਘ, ਹਰਮਨਜੀਤ ਸਿੰਘ ਰੰਧਾਵਾ, ਲੱਕੀ ਹਰਦਾਸਪੁਰ, ਭਿੰਦਰ ਜਲਵੇੜਾ ਤੋਂ ਇਲਾਵਾ ਸਰਕਾਰੀ ਆਈਂ ਟੀ ਆਈ ਲੜਕੀਆਂ ਦੇ ਸਟਾਫ ਮਨਦੀਪ ਕੌਰ, ਏਕਮਪ੍ਰੀਤ ਕੌਰ, ਮਨੀਸ਼ਾ ਰਾਣੀ, ਡਿੰਪਲ, ਰਿਤਿਕਾ ਸ਼ਰਮਾ, ਸੁਖਬੀਰ ਕੌਰ, ਰਾਜਵੀਰ ਕੌਰ, ਮੀਨਾਕਸ਼ੀ ਭੱਲਾ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਸੁਖਜਿੰਦਰ ਸਿੰਘ ਅਤੇ ਪਰਮਿੰਦਰ ਭਲਵਾਨ ਨੇ ਹਾਜਰੀਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ੇ ਕਰਨ ਵਾਲਾ ਹਰ ਵਿਅਕਤੀ ਸ਼ੁਰੂ ਵਿੱਚ ਆਪਣੇ ਆਪ ਨੂੰ ਲੁਕਾਉਂਦਾ ਹੈ , ਫਿਰ ਉਸਦਾ ਪਰਿਵਾਰ ਵੀ ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ। ਕਿਉਂ ਕਿ ਉਹ ਜਾਣਦੇ ਹਨ ਕਿ ਨਸ਼ਾ ਲੈਣ ਵਾਲੇ ਨੂੰ ਲੋਕ ਨਫਰਤ ਕਰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਨਸ਼ਾ ਕਰਨ ਵਾਲਿਆਂ ਨੂੰ ਨਫਰਤ ਨਾ ਕਰੀਏ, ਸਗੋਂ ਉਨ੍ਹਾਂ ਦੀ ਨਸ਼ਾ ਛੱਡਣ ਵਿੱਚ ਮੱਦਦ ਕਰੀਏ । ਜੇਕਰ ਤੁਸੀਂ ਕਿਸੇ ਨੂੰ ਨਸ਼ੇ ਵਿੱਚ ਜਾਣ ਤੋਂ ਰੋਕ ਲਿਆ ਜਾਂ ਨਸ਼ਾ ਕਰਦੇ ਵਿਅਕਤੀ ਨੂੰ ਇਲਾਜ ਲਈ ਸਿਹਤ ਕੇਂਦਰ ਲਿਜਾ ਕੇ ਇਲਾਜ ਕਰਵਾ ਦਿੱਤਾ ਤਾਂ ਸਮਝੋ ਤੁਸੀਂ ਕਿਸੇ ਦੀ ਜਾਨ ਬਚਾ ਲਈ। ਉਹਨਾਂ ਕਿਹਾ ਕਿ ਹਰ ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨਸ਼ੇ ਦੀ ਆਦਤ ਨਾ ਸਿਰਫ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ, ਸਗੋਂ ਉਨ੍ਹਾਂ ਦੇ ਉੱਜਵਲ ਭਵਿੱਖ ਨੂੰ ਵੀ ਖਤਮ ਕਰ ਦਿੰਦੀ ਹੈ। ਇਸ ਲਈ ਸਾਨੂੰ ਨਸ਼ਿਆਂ ਨੂੰ ਸਖਤੀ ਨਾਲ 'ਨਹੀਂ ਕਹਿਣਾ ਚਾਹੀਦਾ ਹੈ ਅਤੇ ਆਪਣੇ ਆਲੇ-ਦੁਆਲੇ ਜਾਗਰੂਕਤਾ ਫੈਲਾ ਕੇ ਆਪਣੀਆਂ ਜ਼ਿੰਦਗੀਆਂ ਦੇ ਨਾਲ-ਨਾਲ ਆਪਣੇ ਪਿਆਰਿਆਂ ਦੀਆਂ ਜਾਨਾਂ ਵੀ ਬਚਾਉਣੀਆਂ ਚਾਹੀਦੀਆਂ ਹਨ ਅਤੇ ਪੰਜਾਬ ਨੂੰ ਰੰਗਲਾ ਬਣਾਉਣ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਦੱਸਿਆ ਕਿ ਨਸ਼ਿਆਂ ਤੋਂ ਸਾਡੀ ਯੁਵਾ ਪੀੜ੍ਹੀ ਕਾਫੀ ਪ੍ਰਭਾਵਿਤ ਹੋ ਰਹੀ ਹੈ। ਉਹਨਾਂ ਕਿਹਾ ਕਿ ਨਸ਼ਾ ਇੱਕ ਮਿੱਠਾ ਜ਼ਹਿਰ ਹੈ ਜਿਸ ਨਾਲ ਸ਼ਰੀਰ ਵਿਚ ਕੁੱਝ ਸਮੇਂ ਲਈ ਤਾਂ ਚੁਸਤੀ ਆ ਜਾਂਦੀ ਹੈ ਪਰ ਇਹ ਹੌਲੀ-ਹੌਲੀ ਸ਼ਰੀਰ ਦੇ ਅੰਦਰੂਨੀ ਅੰਗਾਂ ਨੂੰ ਖਤਮ ਕਰ ਰਿਹਾ ਹੁੰਦਾ ਹੈ, ਨਸ਼ਿਆਂ ਦੇ ਕਾਰਣ ਕੈਂਸਰ,ਦਿਲ ਦੀ ਬਿਮਾਰੀ,ਦਿਮਾਗ ਦੀ ਨਾੜੀ ਦਾ ਫੱਟਣਾ, ਗੁਰਦੇ ਖਰਾਬ ਹੋਣਾ, ਏਡਜ਼, ਪੀਲੀਆ ਆਦਿ ਵਰਗੀਆਂ ਭਿਆਨਕ ਬਿਮਾਰੀਆਂ ਨਸ਼ਾ ਕਰਨ ਵਾਲਿਆਂ ਨੂੰ ਹੋ ਰਹੀਆਂ ਹਨ। ਉਹਨਾਂ ਕਿਹਾ ਕਿ ਨਸ਼ਾ ਜਿਥੇ ਸਾਡੀ ਬੁੱਧੀ ਦਾ ਨਾਸ਼ ਕਰਕੇ ਸਦਾਚਾਰਕ ਤੌਰ ਤੇ ਮਨੁਖ ਨੂੰ ਨੀਵਾਂ ਰੱਖਦੇ ਹਨ, ਉਥੇ ਸ਼ਰੀਰਿਕ ਤੌਰ ਤੇ ਵੀ ਕਾਫੀ ਨੁਕਸਾਨ ਪਹੁਚਾਉਂਦੇ ਹਨ। ਪ੍ਰੋਜੈਕਟ ਡਾਇਰੈਕਟਰ ਸਕੇਤ ਹਸਪਤਾਲ ਪਰਮਿੰਦਰ ਕੌਰ ਮਨਚੰਦਾ ਨੇ ਨਸ਼ਿਆਂ ਦੀਆਂ ਵੱਖ ਵੱਖ ਕਿਸਮਾਂ,ਨਸ਼ਾ ਲੱਗਣ ਦੇ ਕਾਰਨ ਵੱਖ-ਵੱਖ ਨਸ਼ੀਲੇ ਪਦਾਰਥਾਂ ਦੇ ਸਰੀਰ ਉਪਰ ਪੈਣ ਵਾਲੇ ਪ੍ਰਭਾਵਾਂ ਅਤੇ ਇਹਨਾਂ ਤੋਂ ਛੁਟਕਾਰੇ ਸਬੰਧੀ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਜਿਹੜੇ ਵਿਅਕਤੀ ਨਸ਼ਿਆਂ ਦੀ ਵਰਤੋਂ ਦੇ ਆਦੀ ਹੋ ਚੁੱਕੇ ਹਨ। ਉਨ੍ਹਾਂ ਦਾ ਨਸ਼ਾ ਛੁਡਵਾਉਣ ਲਈ ਅਤੇ ਇਲਾਜ ਲਈ ਨੇੜੇ ਦੀ ਸਿਹਤ ਸੰਸਥਾ / ਓਟ ਸੈਂਟਰ ਜਾਂ ਡਰੱਗ ਡੀ ਅਡਿਕਸ਼ਨ ਸੈਂਟਰ ਵਿੱਚ ਜਾਣਾ ਚਾਹੀਦਾ ਹੈ ।

ਇਸ ਮੌਕੇ ਪ੍ਰੋਗਰਾਮ ਦੇ ਅਖੀਰ ਵਿੱਚ ਨਸ਼ੇ ਨਾ ਕਰਨ, ਨਸ਼ੇ ਕਰਨ ਵਾਲਿਆਂ ਦੀ ਨਸ਼ਾ ਛੁਡਾਉਣ ਵਿੱਚ ਮੱਦਦ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਸਹੁੰ ਵੀ ਚੁਕਾਈ ਗਈ ਅਤੇ ਯੂਥ ਆਗੂ ਰੂਦਰਪ੍ਰਤਾਪ ਸਿੰਘ ਵਲੋਂ ਡਰੱਗ ਫਰੀ ਵਲੱਡ ਕੈਲੋਫੋਰਨੀਆਂ ਵਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾਂ ਵੰਡੀਆਂ ਗਈਆਂ।

## ਸੰਪਾਦਕੀ

# ਸੰਕਟ ਦੇ ਬੱਦਲ

ਇਰਾਨੀ ਪਰਮਾਣੂ ਟਿਕਾਣਿਆਂ- ਫੋਰਡੋ, ਨਤਾਂਜ਼ ਤੇ ਇਸਫਹਾਨ 'ਤੇ ਅਮਰੀਕੀ ਫ਼ੌਜੀ ਹੱਲੇ ਇਜ਼ਰਾਈਲ ਇਰਾਨ ਟਕਰਾਅ 'ਚ ਮਹੱਤਵਪੂਰਨ ਤੇ ਨਿਸ਼ਚਿਤ ਵਾਧੇ ਦਾ ਪ੍ਰਤੀਕ ਹਨ। ਇਨ੍ਹਾਂ ਦੇ ਸੰਭਾਵੀ ਤੌਰ 'ਤੇ ਗੁੰਝਲਦਾਰ ਅਤੇ ਅਸਥਿਰਤਾ ਪੈਦਾ ਕਰਨ ਵਾਲੇ ਅਸਰ ਹੋ ਸਕਦੇ ਹਨ। ਅਮਰੀਕਾ ਹੁਣ ਖੇਤਰੀ ਯੁੱਧ ਵਿੱਚ ਸਿੱਧੇ ਤੌਰ 'ਤੇ ਫ਼ੌਜੀ ਰੂਪ 'ਚ ਸ਼ਾਮਿਲ ਹੋ ਗਿਆ ਹੈ ਅਤੇ ਟਕਰਾਅ 'ਚ ਵਾਧੇ ਦੀ ਸੰਭਾਵਨਾ ਹੁਣ ਚਾਰ ਕਾਰਕਾਂ ਤੇ ਉਨ੍ਹਾਂ ਨਾਲ ਜੁੜੀਆਂ ਕਾਰਵਾਈਆਂ 'ਤੇ ਨਿਰਭਰ ਕਰੇਗੀ। ਪਹਿਲਾ ਹੈ ਇਰਾਨ, ਜੋ ਅਮਰੀਕੀ ਹਮਲਿਆਂ ਦਾ ਨਿਸ਼ਾਨਾ ਹੈ। ਤਹਿਰਾਨ ਨੇ ਹੋਰਮੁਜ਼ ਜਲ ਮਾਰਗ ਬੰਦ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਨਾਲ ਆਲਮੀ ਤੇਲ ਬਾਜ਼ਾਰ 'ਚ ਉਥਲ-ਪੁਥਲ ਮਚ ਜਾਵੇਗੀ ਅਤੇ ਭਾਰਤ ਵਰਗੇ ਹਾਈਡ੍ਰੋ-ਕਾਰਬਨ ਦਰਾਮਦ ਕਰਨ ਵਾਲੇ ਦੇਸ਼ਾਂ 'ਤੇ ਮਾੜਾ ਅਸਰ ਪਵੇਗਾ। ਦੂਜਾ ਕਾਰਕ ਹੈ ਕੁਝ ਮੁਖ਼ਤਾਰ (ਪ੍ਰੌਕਸੀ) ਗਰੁੱਪ- ਹੂਤੀ, ਹਮਾਸ ਜਾਂ ਹਿਜ਼ਬੁੱਲਾ, ਜਿਹੜੇ ਅਮਰੀਕੀ ਅਤੇ ਇਜ਼ਰਾਇਲੀ ਅਸਾਸਿਆਂ (ਜਿਨ੍ਹਾਂ ਵਿੱਚ ਵਪਾਰਕ ਜਹਾਜ਼ ਵੀ ਸ਼ਾਮਿਲ ਹਨ) ਵਿਰੁੱਧ ਘੱਟ ਤੀਬਰਤਾ ਵਾਲੀ ਅਸਮਿੱਤਰ ਯੁੱਧ ਰਣਨੀਤੀ ਅਪਣਾ ਸਕਦੇ ਹਨ। ਤੀਜਾ ਕਾਰਕ ਹੈ ਬਾਹਰੀ ਤਾਕਤ- ਰੂਸ ਜਾਂ ਚੀਨ, ਜਿਨ੍ਹਾਂ ਹਾਲ ਹੀ 'ਚ ਅਮਰੀਕਾ ਨੂੰ ਇਜ਼ਰਾਈਲ ਇਰਾਨ ਜੰਗ ਵਿੱਚ ਸਿੱਧੇ ਤੌਰ 'ਤੇ ਸ਼ਾਮਿਲ ਨਾ ਹੋਣ ਦੀ ਚਿਤਾਵਨੀ ਦਿੱਤੀ ਸੀ; ਹਾਲਾਂਕਿ ਘਰੇਲੂ ਤਰਜੀਹਾਂ ਦੇ ਮੱਦੇਨਜ਼ਰ, ਮਾਸਕੋ ਜਾਂ ਪੇਈਚਿੰਗ ਵੱਲੋਂ ਇਰਾਨ ਦੀ ਸਿੱਧੇ ਤੌਰ 'ਤੇ ਸੈਨਿਕ ਦਖ਼ਲ ਨਾਲ ਮਦਦ ਕਰਨ ਦੀ ਸੰਭਾਵਨਾ ਘੱਟ ਹੀ ਹੈ। ਚੌਥਾ ਹੈ ਅਮਰੀਕਾ ਤੇ ਖ਼ਾਸ ਤੌਰ 'ਤੇ ਉਸ ਦੀ ਘਰੇਲੂ ਸਿਆਸਤ, ਜਿੱਥੇ ਰਿਪਬਲਿਕਨ ਪਾਰਟੀ 'ਚ ਅੰਦਰੂਨੀ ਤੌਰ 'ਤੇ ਇਰਾਨ ਹਮਲਿਆਂ ਬਾਰੇ ਇਤਰਾਜ਼ ਜਤਾਏ ਗਏ ਹਨ। ਅਮਰੀਕੀ ਜਨਤਾ ਦੀ ਰਾਏ ਵੀ ਅਹਿਮ ਹੈ, ਜਿਸ ਨੇ ਹੁਣ ਤੱਕ ਰਾਸ਼ਟਰਪਤੀ ਡੋਨਲਡ ਟਰੰਪ ਤੇ ਉਨ੍ਹਾਂ ਦੇ ਜੰਗ ਵਿਰੋਧੀ ਰੁਖ਼ ਦਾ ਸਮਰਥਨ ਕੀਤਾ ਹੈ, ਉਹ ਅਮਰੀਕਾ ਵੱਲੋਂ ਕਾਫ਼ੀ ਦੂਰ ਪੈਂਦੇ ਦੁਨੀਆ ਦੇ ਇੱਕ ਹਿੱਸੇ 'ਚ ਜੰਗ ਸਹੇੜਨ ਅਤੇ ਇਸ 'ਚ ਉਲਝਣ ਬਾਰੇ ਚਿੰਤਤ ਹੈ। ਅਮਰੀਕਾ ਦੀ ਜਲਦਬਾਜ਼ੀ ਵਾਲੀ ਇਸ ਕਾਰਵਾਈ ਨੂੰ ਇਸ ਆਧਾਰ 'ਤੇ ਜਾਇਜ਼ ਠਹਿਰਾਇਆ ਜਾ ਰਿਹਾ ਹੈ ਕਿ ਇਰਾਨ ਕੋਲ ਕਿਸੇ ਵੀ ਕੀਮਤ 'ਤੇ ਪਰਮਾਣੂ ਹਥਿਆਰ ਨਹੀਂ ਹੋਣੇ ਚਾਹੀਦੇ- ਚਾਹੇ ਕੁਝ ਵੀ ਹੋਵੇ ਅਤੇ ਉਸ ਦਾ ਮੌਜੂਦਾ ਯੂਰੇਨੀਅਮ ਸੋਧ ਪ੍ਰੋਗਰਾਮ ਉਸੇ ਦਿਸ਼ਾ ਵੱਲ ਇਸ਼ਾਰਾ ਕਰਦਾ ਹੈ। ਇਸ ਦਾ ਕੋਈ ਭਰੋਸੇਯੋਗ ਸਬੂਤ ਨਹੀਂ ਹੈ ਕਿ ਤਹਿਰਾਨ ਪਰਮਾਣੂ ਹਥਿਆਰ ਬਣਾਉਣ ਦੇ ਨੇੜੇ ਹੈ। ਅਮਰੀਕਾ ਅੰਦਰਲਾ ਵਿਰੋਧਾਭਾਸ ਇਸ ਹਮਲੇ ਦੇ ਨਿਆਂਸੰਗਤ ਹੋਣ 'ਤੇ ਸਵਾਲ ਖੜ੍ਹੇ ਕਰਦਾ ਹੈ। ਅਮਰੀਕਾ ਦੀ ਰਾਸ਼ਟਰੀ ਇੰਟੈਲੀਜੈਂਸ ਡਾਇਰੈਕਟਰ (ਡੀਐੱਨਆਈ) ਤੁਲਸੀ ਗਬਾਰਡ ਨੇ ਮਾਰਚ ਵਿੱਚ ਅਮਰੀਕੀ ਕਾਂਗਰਸ ਸਾਹਮਣੇ ਗਵਾਹੀ ਦਿੱਤੀ ਸੀ ਕਿ "ਅਮਰੀਕੀ ਖ਼ੁਫ਼ੀਆ ਜਮਾਤ ਇਹ ਮੁਲਾਂਕਣ ਕਰਦੀ ਰਹੀ ਹੈ ਕਿ ਇਰਾਨ ਪਰਮਾਣੂ ਹਥਿਆਰ ਨਹੀਂ ਬਣਾ ਰਿਹਾ। ਪਰ ਗਬਾਰਡ ਨੂੰ ਟਰੰਪ ਨੇ ਝਿੜਕਿਆ ਅਤੇ 20 ਜੂਨ ਨੂੰ ਕਿਹਾ ਕਿ ਡੀਐੱਨਆਈ ਉਸ ਵੇਲੇ ਗ਼ਲਤ ਸੀ ਜਦੋਂ ਉਸ ਨੇ ਇਹ ਕਿਹਾ ਸੀ ਕਿ ਇਰਾਨ ਵੱਲੋਂ ਪਰਮਾਣੂ ਹਥਿਆਰ ਬਣਾਏ ਜਾਣ ਦਾ ਕੋਈ ਸਬੂਤ ਨਹੀਂ ਹੈ। ਇਹ ਸਪੱਸ਼ਟ ਸੰਕੇਤ ਸੀ ਕਿ ਟਰੰਪ ਨੇ ਇਰਾਨ 'ਤੇ ਹਮਲਾ ਕਰਨ ਦਾ ਮਨ ਬਣਾ ਲਿਆ ਹੈ। ਤਹਿਰਾਨ ਨੇ ਕਈ ਵਾਰ ਦਾਅਵਾ ਕੀਤਾ ਹੈ ਕਿ ਉਹ ਪਰਮਾਣੂ ਹਥਿਆਰ ਬਣਾਉਣ ਦੀ ਕੋਸ਼ਿਸ਼ ਨਹੀਂ ਕਰ ਰਿਹਾ ਹੈ ਅਤੇ ਇਸ ਦੀ ਬਜਾਏ ਪਰਮਾਣੂ ਪ੍ਰਸਾਰ ਵਿਰੋਧੀ ਸੰਧੀ (ਐੱਨਪੀਟੀ) ਦੇ ਗ਼ੈਰ-ਪਰਮਾਣੂ ਹਥਿਆਰਾਂ ਵਾਲੇ ਮੁਲਕ (ਐੱਨਐੱਨਡਬਲਿਊਐੱਸ) ਵਜੋਂ ਪਰਮਾਣੂ ਸੁਧਾਰ ਦੇ ਆਪਣੇ ਅਧਿਕਾਰ ਦੀ ਰਾਖੀ ਕਰਨਾ ਚਾਹੁੰਦਾ ਹੈ। ਇਰਾਨ ਨੇ ਇਹ ਵੀ ਕਿਹਾ ਹੈ ਕਿ ਹਮਲਾਵਰਾਂ (ਇਜ਼ਰਾਈਲ ਤੇ ਅਮਰੀਕਾ) ਦੀਆਂ ਕਾਰਵਾਈਆਂ ਕੌਮਾਂਤਰੀ ਨਿਯਮਾਂ ਅਤੇ ਸੰਧੀਆਂ ਦੀ ਗੰਭੀਰ ਉਲੰਘਣਾ ਹਨ ਅਤੇ ਇਸ ਦਾ ਬਦਲਾ ਲਿਆ ਜਾਵੇਗਾ। ਐਕਸ 'ਤੇ ਪਾਈ ਪੋਸਟ ਵਿੱਚ ਸੰਯੁਕਤ ਰਾਸ਼ਟਰ ਮੁਖੀ ਐਂਤੋਨੀਓ ਗੁਟੇਰੇਜ਼ ਨੇ ਇਰਾਨ 'ਤੇ ਅਮਰੀਕੀ ਹਮਲਿਆਂ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ, "ਮੈਂ ਅਮਰੀਕਾ ਵੱਲੋਂ ਇਰਾਨ 'ਤੇ ਬਲ ਦੀ ਵਰਤੋਂ 'ਤੇ ਬਹੁਤ ਚਿੰਤਤ ਹਾਂ। ਇਹ ਪਹਿਲਾਂ ਹੀ ਟਕਰਾਅ ਦੀ ਕਗਾਰ 'ਤੇ ਖੜ੍ਹੇ ਖੇਤਰ 'ਚ ਤਣਾਅ ਵਿੱਚ ਖ਼ਤਰਨਾਕ ਵਾਧਾ ਹੈ ਅਤੇ ਆਲਮੀ ਸ਼ਾਂਤੀ ਤੇ ਸੁਰੱਖਿਆ ਲਈ ਸਿੱਧਾ ਖ਼ਤਰਾ ਹੈ। ਮੈਂ ਮੈਂਬਰ ਦੇਸ਼ਾਂ ਨੂੰ ਤਣਾਅ ਘਟਾਉਣ ਅਤੇ ਸੰਯੁਕਤ ਰਾਸ਼ਟਰ ਐਲਾਨਨਾਮੇ ਤੇ ਕੌਮਾਂਤਰੀ ਕਾਨੂੰਨਾਂ ਦੇ ਬਾਕੀ ਨਿਯਮਾਂ ਅਧੀਨ ਆਪਣੇ ਫ਼ਰਜ਼ ਅਦਾ ਕਰਨ ਦੀ ਅਪੀਲ ਕਰਦਾ ਹਾਂ। ਕੀ ਅਮਰੀਕਾ, ਜਿਨ੍ਹਾਂ ਨੂੰ ਇਹ ਸਮੂਹਿਕ ਤਬਾਹੀ ਦੇ ਹਥਿਆਰਾਂ (ਡਬਲਿਊਐੱਮਡੀ) ਦੇ ਖ਼ਤਰੇ ਵਜੋਂ ਵੇਖਦਾ ਹੈ, ਨੂੰ ਰੋਕਣ ਲਈ ਇੱਕਪਾਸੜ ਤੌਰ 'ਤੇ ਕਾਰਵਾਈ ਕਰ ਸਕਦਾ ਹੈ? ਅਤੇ ਕੀ ਰਾਸ਼ਟਰਪਤੀ ਟਰੰਪ ਦੀ ਇਹ ਕਾਰਵਾਈ ਵਾਸ਼ਿੰਗਟਨ ਵੱਲੋਂ ਕੌਮਾਂਤਰੀ ਕਾਨੂੰਨਾਂ ਤੇ ਸਬੰਧਿਤ ਸਮਝੌਤਿਆਂ ਨੂੰ ਕਾਇਮ ਰੱਖਣ ਦੀਆਂ ਜ਼ਿੰਮੇਵਾਰੀਆਂ ਦੀ ਉਲੰਘਣਾ ਨਹੀਂ ਹੈ? ਇਸ ਸਵਾਲ ਦਾ ਜਿਹੜਾ ਜਵਾਬ ਹੋਵੇਗਾ, ਉਹੀ ਉੱਭਰ ਰਹੀ ਵਿਸ਼ਵ ਵਿਵਸਥਾ ਜਾਂ ਫਿਰ ਬੇਤਰਤੀਬੀ ਨੂੰ ਨਵਾਂ ਰੂਪ ਦੇਵੇਗਾ। ਮੰਨਿਆ ਜਾਂਦਾ ਰਿਹਾ ਹੈ ਕਿ ਪੱਛਮੀ ਏਸ਼ੀਆ 'ਚ ਇਜ਼ਰਾਈਲ ਨੇ 60ਵਿਆਂ ਦੇ ਅਖ਼ੀਰ 'ਚ ਫਰਾਂਸੀਸੀ ਸਹਾਇਤਾ ਅਤੇ ਅਮਰੀਕਾ ਦੇ ਮੌਨ ਸਮਰਥਨ ਨਾਲ ਗੁਪਤ ਰੂਪ 'ਚ ਪਰਮਾਣੂ ਸ਼ਕਤੀ ਹਾਸਿਲ ਕੀਤੀ ਸੀ। ਇਸ ਗੱਲ ਤੋਂ ਇਜ਼ਰਾਈਲ ਨਾ ਤਾਂ ਇਨਕਾਰ ਕਰਦਾ ਹੈ ਅਤੇ ਨਾ ਹੀ ਇਸ ਦੀ ਪੁਸ਼ਟੀ ਕਰਦਾ ਹੈ। ਇਜ਼ਰਾਈਲ ਨੇ ਭਾਰਤ ਅਤੇ ਪਾਕਿਸਤਾਨ ਵਾਂਗ ਐੱਨਪੀਟੀ 'ਤੇ ਦਸਤਖ਼ਤ ਵੀ ਨਹੀਂ ਕੀਤੇ ਹਨ। ਇਜ਼ਰਾਈਲ ਵੱਲੋਂ 13 ਜੂਨ ਨੂੰ ਇਰਾਨ 'ਤੇ ਕੀਤੇ ਹਮਲੇ ਅਤੇ ਮੌਜੂਦਾ ਅਮਰੀਕੀ ਕਾਰਵਾਈ ਲਈ ਦਿੱਤਾ ਜਾ ਰਿਹਾ ਤਰਕ ਅਸਥਿਰ ਜਾਂ ਬਹਿਸਯੋਗ ਹੈ। ਇਸ ਦਾ ਮੁੱਖ ਕੌਮਾਂਤਰੀ ਪਰਮਾਣੂ ਊਰਜਾ ਏਜੰਸੀ (ਆਈਏਈਏ) ਦੇ 12 ਜੂਨ ਦੇ ਮਤੇ ਨੇ ਬੰਨ੍ਹਿਆ ਸੀ ਜਿਸ ਵਿੱਚ ਤਹਿਰਾਨ ਦੀ ਯੂਰੇਨੀਅਮ ਸੋਧਣ ਸਬੰਧੀ ਵਚਨਬੱਧਤਾ ਅਤੇ ਨਿਰੀਖਣਾਂ 'ਚ ਮਿਲੀਆਂ ਉਲੰਘਣਾਵਾਂ ਦੀ ਘੋਰ ਨਿੰਦਾ ਕੀਤੀ ਗਈ ਸੀ। ਪਰ ਏਜੰਸੀ ਨੇ ਇਹ ਸਿੱਟਾ ਨਹੀਂ ਕੱਢਿਆ ਸੀ ਕਿ ਇਰਾਨ ਪਰਮਾਣੂ ਹਥਿਆਰ ਬਣਾਉਣ ਦੇ ਬਹੁਤ ਨੇੜੇ ਸੀ। ਫਿਰ ਵੀ ਇਜ਼ਰਾਈਲ ਨੇ ਇਰਾਨ 'ਤੇ ਹਮਲਾ ਕੀਤਾ, ਆਪਣੀ ਇੱਕਪਾਸੜ ਕਾਰਵਾਈ ਨੂੰ ਸਵੈ-ਰੱਖਿਆ ਦੇ ਅਗਾਊਂ ਕਦਮ ਵਜੋਂ ਜਾਇਜ਼ ਠਹਿਰਾਇਆ। ਤਰਕ ਇਹ ਦਿੱਤਾ ਗਿਆ ਸੀ ਕਿ ਇਰਾਨ ਨੇ ਨੇੜਲੇ ਭਵਿੱਖ 'ਚ ਪਰਮਾਣੂ ਹਥਿਆਰ ਬਣਾ ਲੈਣੇ ਸਨ ਅਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਤੇ ਅਮਰੀਕੀ ਰਾਸ਼ਟਰਪਤੀ ਟਰੰਪ ਨੂੰ ਇਹ ਬਿਲਕੁਲ ਸਵੀਕਾਰ ਨਹੀਂ ਸੀ। ਏਸ਼ੀਆ ਦਾ ਰਣਨੀਤਕ ਢਾਂਚਾ ਬਹੁਤ ਗੁੰਝਲਦਾਰ ਹੈ, ਜਿਸ ਵਿੱਚੋਂ ਚੀਨ ਉਨ੍ਹਾਂ ਪੰਜ ਪਰਮਾਣੂ ਸ਼ਕਤੀਆਂ (ਅਮਰੀਕਾ ਦੀ ਅਗਵਾਈ ਵਿੱਚ) ਦਾ ਹਿੱਸਾ ਹੈ ਜਿਨ੍ਹਾਂ ਕੇਵਲ ਖ਼ੁਦ ਨੂੰ ਇਹ ਸ਼ਕਤੀਆਂ ਰੱਖਣ ਦਾ ਹੱਕ ਦਿੱਤਾ ਹੋਇਆ ਹੈ ਜਦੋਂਕਿ ਦੂਜਿਆਂ ਨੂੰ ਉਹ ਇਸ ਤੋਂ ਮਨ੍ਹਾ ਕਰਦੇ ਹਨ। ਜਦ 1968 ਵਿੱਚ ਐੱਨਪੀਟੀ ਪੇਸ਼ ਕੀਤਾ ਗਿਆ ਸੀ ਤਾਂ ਭਾਰਤ ਨੇ ਦਲੀਲ ਦਿੱਤੀ ਸੀ ਕਿ ਇਹ 'ਨਿਹੱਥਿਆਂ ਨੂੰ ਹਥਿਆਰਾਂ ਤੋਂ ਦੂਰ' ਕਰਨ ਵਰਗਾ ਹੈ ਤੇ ਅਜਿਹੀ ਪੱਖਪਾਤੀ ਸੰਧੀ 'ਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਪਾਕਿਸਤਾਨ ਅਤੇ ਇਜ਼ਰਾਈਲ ਨੇ ਵੀ ਦਸਤਖ਼ਤ ਨਹੀਂ ਕੀਤੇ ਸਨ। ਹੁਣ ਪਹਿਲੀਆਂ ਪੰਜ ਤਾਕਤਾਂ ਦੇ ਨਾਲ-ਨਾਲ ਚਾਰ ਹੋਰ ਮੁਲਕ ਪਰਮਾਣੂ ਹਥਿਆਰਾਂ ਨਾਲ ਲੈਸ ਹਨ: ਭਾਰਤ ਤੇ ਪਾਕਿਸਤਾਨ, ਜਿਨ੍ਹਾਂ 1998 'ਚ ਆਪਣੀ ਇਸ ਸਮਰੱਥਾ ਦਾ ਐਲਾਨ ਕੀਤਾ; ਇਜ਼ਰਾਈਲ ਜਿਸ ਨੇ ਅਜੇ ਪੁਸ਼ਟੀ ਨਹੀਂ ਕੀਤੀ ਅਤੇ ਉੱਤਰੀ ਕੋਰੀਆ ਜਿਸ ਨੇ ਇਸ ਬਾਰੇ ਆਪੇ ਐਲਾਨ ਕੀਤਾ ਹੋਇਆ ਹੈ। ਜੇ ਇਹ ਮੁਲਕ ਪੂਰੇ ਯਕੀਨ ਨਾਲ ਕਹਿੰਦੇ ਹਨ ਕਿ ਪਰਮਾਣੂ ਹਥਿਆਰ ਹੀ ਇਨ੍ਹਾਂ ਦੀ ਮੌਜੂਦਾ ਸ਼ਾਸਨ ਪ੍ਰਣਾਲੀ ਤੇ ਬੁਨਿਆਦੀ ਰਾਸ਼ਟਰੀ ਸੁਰੱਖਿਆ ਨੂੰ ਖ਼ਤਰਾ ਹੈ, ਫਿਰ ਇਰਾਨ ਨੂੰ ਕਿਵੇਂ ਮਨਾਇਆ ਜਾ ਸਕਦਾ ਹੈ ਕਿ ਉਸ ਨੂੰ ਪਰਮਾਣੂ ਹਥਿਆਰਾਂ ਜਾਂ ਯੂਰੇਨੀਅਮ ਸੋਧ ਦੇ ਉਨ੍ਹਾਂ ਟੀਚਿਆਂ ਨੂੰ ਤਿਆਗ ਦੇਣਾ ਚਾਹੀਦਾ ਹੈ ਜੋ ਐੱਨਪੀਟੀ ਉੱਤੇ ਦਸਤਖ਼ਤ ਕਰਨ ਵਾਲੇ ਮੁਲਕ ਵਜੋਂ ਉਸ ਦੇ ਬਣਦੇ ਹਨ?

# ਟਰਾਈਡੈਂਟ ਗਰੁੱਪ ਨੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਨਾਲ ਸਿਹਤਮੰਦ ਅਤੇ ਸੁਰੱਖਿਅਤ ਕਾਰਜ ਸਥਾਨਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਮਜ਼ਬੂਤ ਕੀਤਾ



**ਬਰਨਾਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਟਰਾਈਡੈਂਟ ਗਰੁੱਪ ਨੇ ਬੀਤੇ ਦਿਨੀਂ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਅੰਤਰਰਾਸ਼ਟਰੀ ਦਿਵਸ ਮਨਾਇਆ। ਕੰਪਨੀ ਨੇ ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨ ਅਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਦੇ ਨੁਕਸਾਨਦੇਹ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਪੰਜਾਬ ਵਿੱਚ ਬਰਨਾਲਾ-ਸੰਗੇੜਾ ਅਤੇ ਮੱਧ ਪ੍ਰਦੇਸ਼ ਵਿੱਚ ਬੁਧਨੀ ਪਲਾਂਟ ਸਥਾਨਾਂ 'ਤੇ ਜਾਗਰੂਕਤਾ ਵਰਕਸ਼ਾਪਾਂ ਦਾ ਆਯੋਜਨ ਕੀਤਾ। ਸੰਗੇੜਾ ਪਲਾਂਟ ਵਿਖੇ ਵਿਸ਼ੇਸ਼ ਸੈਸ਼ਨ ਦਾ ਸੰਚਾਲਨ ਬਰਨਾਲਾ ਸਿਵਲ ਹਸਪਤਾਲ ਦੇ ਡਾ: ਗਗਨਦੀਪ ਸਿੰਘ ਸੇਖੋਂ ਦੁਆਰਾ ਕੀਤਾ ਗਿਆ। ਡਾ: ਸੇਖੋਂ ਨੇ ਕਿਹਾ ਕਿ ਨਸ਼ਾ ਅਕਸਰ ਥੋੜ੍ਹੀ ਮਾਤਰਾ ਨਾਲ ਸ਼ੁਰੂ ਹੁੰਦਾ ਹੈ, ਜੋ ਹੌਲੀ-ਹੌਲੀ ਗੰਭੀਰ ਨਿਰਭਰਤਾ ਵਿੱਚ ਬਦਲ ਜਾਂਦਾ ਹੈ। ਉਨ੍ਹਾਂ ਨੇ ਪਰਿਵਾਰਕ ਆਰਥਿਕ ਅਸਥਿਰਤਾ ਅਤੇ ਨਸ਼ਿਆਂ ਦੀ ਦੁਰਵਰਤੋਂ ਕਾਰਨ ਹੋਣ ਵਾਲੇ ਲੰਬੇ ਸਮੇਂ ਦੇ ਮਾਨਸਿਕ ਤਣਾਅ ਦੇ ਮਾੜੇ ਪ੍ਰਭਾਵਾਂ ਬਾਰੇ ਵਿਸਥਾਰ ਵਿੱਚ ਚਰਚਾ ਕੀਤੀ।

ਕਰਮਚਾਰੀਆਂ ਨੂੰ ਨਸ਼ੇ ਦੀ ਲਤ ਦੇ ਸ਼ੁਰੂਆਤੀ ਲੱਛਣਾਂ - ਜਿਵੇਂ ਕਿ ਵਿਵਹਾਰਕ ਅਤੇ ਭਾਵਨਾਤਮਕ ਤਬਦੀਲੀਆਂ - ਤੋਂ ਜਾਣੂ ਕਰਵਾਇਆ ਗਿਆ ਅਤੇ ਨਿਯਮਤ ਕਸਰਤ, ਖੇਡਾਂ ਅਤੇ ਸਮਾਜਿਕ ਭਾਗੀਦਾਰੀ ਰਾਹੀਂ ਇੱਕ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਉਤਸ਼ਾਹਿਤ ਕੀਤਾ ਗਿਆ।ਆਪਣੇ ਸੰਬੋਧਨ ਵਿੱਚ, ਡਾ. ਸੇਖੋਂ ਨੇ ਕਰਮਚਾਰੀਆਂ ਨੂੰ ਇੱਕ ਦੂਜੇ ਦੀ ਮਦਦ ਕਰਨ ਅਤੇ ਜਾਗਰੂਕਤਾ ਅਤੇ ਹਮਦਰਦੀ ਦਾ ਵਾਤਾਵਰਣ ਬਣਾਉਣ ਦਾ ਸੱਦਾ ਦਿੱਤਾ। ਕਰਮਚਾਰੀਆਂ ਨੇ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਜਾਣਕਾਰੀ ਭਰਪੂਰ ਅਤੇ ਦਿਲਚਸਪ ਗੱਲਬਾਤ ਦੀ ਸ਼ਲਾਘਾ ਕੀਤੀ। ਇਹ ਸਮਾਗਮ ਟ ?ਰਾਈਡੈਂਟ ਗਰੁੱਪ ਦੀ ਇੱਕ ਸੁਰੱਖਿਅਤ, ਸਿਹਤਮੰਦ ਅਤੇ ਸਮਾਜਿਕ ਤੌਰ 'ਤੇ ਜ਼ਿੰਮੇਵਾਰ ਕੰਮ ਕਰਨ ਵਾਲੀ ਜਗ ?ਹਾ ਬਣਾਉਣ ਪ੍ਰਤੀ ਨਿਰੰਤਰ ਵਚਨਬੱਧਤਾ ਨੂੰ ਦਰਸਾਉਂਦਾ ਹੈ, ਨਾਲ ਕਿ ਵਿਸ਼ਵ ਪੱਧਰ 'ਤੇ ਨਸ਼ਿਆਂ ਦੀ ਦੁਰਵਰਤੋਂ ਦਾ ਮੁਕਾਬਲਾ ਕਰਨ ਅਤੇ ਸੰਗਠਿਤ ਅਪਰਾਧ ਦੇ ਚੱਕਰ ਨੂੰ ਤੋੜਨ ਦੇ ਵਿਆਪਕ ਯਤਨਾਂ ਵਿੱਚ ਵੀ ਯੋਗਦਾਨ ਪਾਉਂਦਾ ਹੈ। ਸੰਘੇੜਾ ਵਿਖੇ ਆਯੋਜਿਤ ਵਰਕਸ਼ਾਪ ਵਿੱਚ 250 ਤੋਂ ਵੱਧ ਕਰਮਚਾਰੀਆਂ ਨੇ ਸ਼ਿਰਕਤ ਕੀਤੀ। ਟ ?ਰਾਈਡੈਂਟ ਦੀ 'ਨਸ਼ਾ ਮੁਕਤੀ' ਮੁਹਿੰਮ ਵਿੱਚ ਸਾਲ ਭਰ ਨਿਯਮਤ ਵਿਸ਼ੇਸ਼ ਸੈਸ਼ਨ ਸ਼ਾਮਲ ਹਨ, ਜਿਸ ਵਿੱਚ ਵਿਸ਼ਵ ਤੰਬਾਕੂ ਦਿਵਸ ਵਰਗੇ ਸਮਾਗਮ ਸ਼ਾਮਲ ਹਨ, ਨਾਲ ਹੀ ਸਾਰੇ ਕਰਮਚਾਰੀਆਂ ਲਈ ਸਮੇਂ-ਸਮੇਂ 'ਤੇ ਡਾਕਟਰੀ ਸਿਹਤ ਜਾਂਚ ਸ਼ਾਮਲ ਹੈ।

# ਟਰਾਂਸਪੋਰਟ ਮੰਤਰੀ ਲਾਲਜੀਤ ਭੁੱਲਰ ਦੀ ਪੀਆਰਟੀਸੀ ਮੁੱਖ ਦਫਤਰ ਵਿਖੇ ਆਮਦ



**ਪਟਿਆਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਅਤੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਵਿੱਚ ਪੀਆਰਟੀਸੀ ਮਹਿਕਮੇ ਦਾ ਪੱਧਰ ਉੱਚਾ ਚੁੱਕਣ ਅਤੇ ਨਿਵੇਕਲੀਆਂ ਤਕਨੀਕਾਂ ਨਾਲ ਕੰਮ ਕਰਨ ਸੰਬੰਧੀ ਲੰਮੀ ਗੱਲਬਾਤ ਹੋਈ। ਦੱਸਣਯੋਗ ਹੈ ਕਿ ਅੱਜ ਕਾਰਪੋਰੇਸ਼ਨ ਦਾ ਡਾਇਰੈਕਟਰ ਨਿਯੁਕਤ ਕੀਤੇ ਗਏ ਗੁਰਪ੍ਰੀਤ ਸਿੰਘ ਵਿਰਕ ਨੂੰ ਟਰਾਂਸਪੋਰਟ ਮੰਤਰੀ ਸ੍ਰੀ ਲਾਲਜੀਤ ਸਿੰਘ ਭੁੱਲਰ ਦੁਆਰਾ ਪਟਿਆਲਾ ਮੁੱਖ ਦਫਤਰ ਪਹੁੰਚ ਕੇ ਅਧਿਕਾਰਤ ਤੌਰ ਤੇ ਵਿਭਾਗ ਵਿਚ ਸ਼ਾਮਿਲ ਵੀ ਕਰਵਾਈਆ ਗਿਆ। ਇਸ ਮੌਕੇ ਆਪ ਪੰਜਾਬ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਚੇਅਰਮੈਨ ਮੰਡੀ ਬੋਰਡ, ਹਲਕਾ ਵਿਧਾਇਕ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ,ਚੈਅਰਮੈਨ ਪੀਆਰਟੀਸੀ ਰਣਜੋਧ ਸਿੰਘ ਹਡਾਣਾ, ਵਾਈਸ ਚੇਅਰਮੈਨ ਬਲਵਿੰਦਰ ਸਿੰਘ ਝਾੜਵਾਂ, ਐਮ ਡੀ ਬਿਕਰਮਜੀਤ ਸਿੰਘ ਸ਼ੇਰਗਿੱਲ, ਮੇਅਰ ਪਟਿਆਲਾ ਕੁੰਦਨ ਗੋਗੀਆ, ਜਿਲਾ ਮੋਹਾਲੀ ਦੇ ਪ੍ਰਧਾਨ ਸ਼ ?ਰੀਮਤੀ ਪ੍ਰਭਜੋਤ ਕੌਰ ਉਚੇਚੇ ਤੌਰ ਤੇ ਹਾਜਰ ਰਹੇ।

ਇਸ ਮੌਕੇ ਲਾਲਜੀਤ ਸਿੰਘ ਭੁੱਲਰ ਨੇ ਉਪਰੋਕਤ ਡਾਇਰੈਕਟਰ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਸੇ ਤਰਾਂ ਵਰਕਰਾਂ ਨੂੰ ਪਾਰਟੀ ਵੱਲੋਂ ਪੂਰਾ ਮਾਣ ਅਤੇ ਸਤਿਕਾਰ ਦਿੱਤਾ ਜਾਂਦਾ ਰਹੇਗਾ। ਭਵਿੱਖ ਵਿਚ ਵੀ ਵਲੰਟੀਅਰਾਂ ਨੂੰ ਮੈਰਿਟ ਦੇ ਆਧਾਰ ਉੱਤੇ ਅਹੁਦੇਦਾਰੀਆਂ ਮਿਲਣਗੀਆਂ ਤੇ ਗੁਰਪ੍ਰੀਤ ਵਿਰਕ ਪਾਰਟੀ ਦੁਆਰਾ ਦਿੱਤੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ਼ ਨਿਭਾਉਣਗੇ।

ਉਨਾਂ ਕਿਹਾ ਕਿ ਇਸ ਤੋਂ ਇਲਾਵਾ ਇ ਦੌਰਾ ਪੰਜਾਬ ਵਿੱਚ ਜਨਤਕ ਆਵਾਜਾਈ ਵਿੱਚ ਹੋਰ ਸੁਧਾਰ ਕਰਨ, ਬੱਸਾਂ ਦੀ ਗੁਣਵੱਤਾ ਵਧਾਉਣ ਅਤੇ ਯਾਤਰੀਆਂ ਨੂੰ ਬਿਹਤਰ ਸਹੂਲਤਾਂ ਮੁਹੱਈਆ ਕਰਵਾਉਣ ਦੇ ਇਰਾਦੇ ਨਾਲ ਕੀਤਾ ਗਿਆ ਸੀ। ਇਸ ਦੌਰਾਨ ਉਨ੍ਹਾਂ ਪੀਆਰਟੀਸੀ ਦੀਆਂ ਬੱਸਾਂ, ਵਰਕਸ਼ਾਪਾਂ, ਟਿਕਟ ਬੁਕਿੰਗ ਸਿਸਟਮ ਅਤੇ ਸਟਾਫ ਦੀਆਂ ਸਹੂਲਤਾਂ ਦਾ ਮੁਆਇਨਾ ਕਰਦਿਆਂ ਚੰਗੇ ਕਾਰਜ ਦੀ ਤਾਰੀਫ ਵੀ ਕੀਤੀ।

ਵਿਧਾਇਕ ਰੰਧਾਵਾ ਵੱਲੋਂ ਗੁਰਪ੍ਰੀਤ ਸਿੰਘ ਵਿਰਕ ਦੀ ਤਾਰੀਫ ਕਰਦਿਆਂ ਉਨ੍ਹਾਂ ਨੂੰ ਪਾਰਟੀ ਦਾ ਮਿਹਨਤੀ ਤੇ ਜੁਝਾਰੂ ਵਰਕਰ ਕਰਾਰ ਦਿੱਤਾ। ਵਿਧਾਇਕ ਰੰਧਾਵਾ ਨੇ ਕਿਹਾ ਕਿ ਸੂਬੇ ਦੇ ਲੋਕਾਂ ਵਿੱਚ ਆਮ ਆਦਮੀ ਪਾਰਟੀ ਪ੍ਰਤੀ ਸੱਚਾ ਪਿਆਰ ਅਤੇ ਵਿਸ਼ਵਾਸ਼ ਕਰਕੇ ਪਾਰਟੀ ਸੱਤਾ ਵਿੱਚ ਹੈ ਅਤੇ ਬਹੁਤ ਹੀ ਇਮਾਨਦਾਰ ਅਤੇ ਸੂਝਵਾਨ ਮੁੱਖ ਮੰਤਰੀ ਪੰਜਾਬ ਸ੍ਰ ਭਗਵੰਤ ਸਿੰਘ ਜੀ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਆਮ ਲੋਕਾਂ ਦੀ ਸੇਵਾ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਅਹੁਦਿਆਂ ਦੀ ਤੁਲਨਾ ਪੈਸਿਆਂ ਨਾਲ ਨਹੀਂ ਕੀਤੀ ਜਾਂਦੀ ਸਗੋਂ ਮਿਹਨਤੀ ਅਤੇ ਸੁਚੱਜੀ ਸੋਚ ਵਾਲੇ ਆਮ ਘਰਾਂ ਦੇ ਅਣਥੱਕ ਵਰਕਰਾਂ ਨੂੰ ਅਹੁਦੇ ਬਿਨਾਂ ਕਿਸੇ ਸਿਫਾਰਿਸ਼ ਤੋਂ ਨਿਵਾਜੇ ਜਾ ਰਹੇ ਹਨ।

ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਮੰਤਰੀ ਲਾਲਜੀਤ ਸਿੰਘ ਭੁੱਲਰ ਦੀ ਆਮਦ ਦੌਰਾਨ ਹੋਈ ਗੱਲਬਾਤ ਬਾਰੇ ਜ਼ਿਕਰ ਕਰਦਿਆਂ ਕਿਹਾ ਕਿ ਪੰਜਾਬ ਦੀ ਜਨਤਾ ਲਈ ਸੁਰੱਖਿਅਤ, ਸਮਰੱਥ ਅਤੇ ਆਧੁਨਿਕ ਆਵਾਜਾਈ ਸੇਵਾਵਾਂ ਮੁਹੱਈਆ ਕਰਵਾਉਣ ਲਈ ਅਤੇ ਹੋਰ ਨਿਖਾਰ ਲਿਆਉਣ ਲਈ ਖਾਸ ਗੱਲਬਾਤ ਹੋਈ। ਉਨ੍ਹਾਂ ਕਿਹਾ ਕਿ ਪੀ ਆਰ ਟੀ ਸੀ ਮਹਿਕਮਾਂ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਲਈ ਸਮਰੱਪਿਤ ਹੈ ਅਤੇ ਅਸੀਂ ਯਾਤਰੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰਾਂਗੇ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕਰਦਿਆ ਕਿਹਾ ਕਿ ਕਿਸੇ ਵੀ ਸੁਝਾਅ ਜਾ ਸ਼ਿਕਾਇਤ ਨੂੰ ਪੀ ਆਰ ਟੀ ਸੀ ਦੇ ਹੈਲਪਲਾਈਨ ਨੰਬਰ 9592195923 ਤੇ ਦਰਜ਼ ਕਰਵਾਇਆ ਜਾ ਸਕਦਾ ਹੈ। ਇਸ ਮੌਕੇ ਗੁਰਪ੍ਰੀਤ ਸਿੰਘ ਵਿਰਕ ਨੇ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਡਾਇਰੈਕਟਰ ਪਦ ਦਾ ਅਹੁਦਾ ਸੰਭਾਲਣ ਮੌਕੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ, ਆਪੋ ਸੁਪਰੀਮੋ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਪਾਰਟੀ ਪ੍ਰਧਾਨ ਅਮਨ ਅਰੋੜਾ ਅਤੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਹਰ ਆਮ ਆਦਮੀ ਦੇ ਸੁਪਨਿਆਂ ਨੂੰ ਪੂਰਾ ਕਰ ਰਹੀ ਹੈ ਅਤੇ ਇਹ ਉਨ੍ਹਾਂ ਲਈ ਵੀ ਇਤਿਹਾਸਕ ਪਲ ਹੈ।

# 20 ਗ੍ਰਾਮ ਨਸ਼ੀਲੇ ਪਾਊਡਰ ਸਮੇਤ 1 ਕਾਬੂ

**ਰੂਪਨਗਰ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਨੂੰ ਜ਼ਮੀਨੀ ਪੱਧਰ ਤੇ ਲਾਗੂ ਕਰਨ ਲਈ ਜ਼ਿਲ੍ਹਾ ਰੂਪਨਗਰ ਪੁਲਿਸ ਵੱਲੋਂ ਨਸ਼ੇ ਨੂੰ ਵੇਚਣ ਵਾਲਿਆਂ ਵਿਰੁੱਧ ਕਾਰਵਾਈਆਂ ਨਿਰੰਤਰ ਜਾਰੀ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ. ਗੁਲਨੀਤ ਸਿੰਘ ਖੁਰਾਣਾ ਨੇ ਦੱਸਿਆ ਕਿ ਡਾਇਰੈਕਟਰ ਜਨਰਲ ਪੁਲਿਸ ਪੰਜਾਬ ਸ਼੍ਰੀ ਗੌਰਵ ਯਾਦਵ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਡਿਪਟੀ ਇੰਸਪੈਕਟਰ ਜਨਰਲ ਪੁਲਿਸ ਰੂਪਨਗਰ ਰੇਂਜ ਰੂਪਨਗਰ ਸ. ਹਰਚਰਨ ਸਿੰਘ ਭੁੱਲਰ ਦੀ ਅਗਵਾਈ ਹੇਠ ਰੂਪਨਗਰ ਪੁਲਿਸ ਵੱਲੋਂ ਨਸ਼ਾ ਤਸਕਰਾਂ ਅਤੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਚਲਾਈ ਜਾ ਰਹੀ ਮੁਹਿੰਮ ÷ਯੁੱਧ ਨਸ਼ਿਆ ਵਿਰੁੱਧ÷ ਮੁਹਿੰਮ ਤਹਿਤ ਰੂਪਨਗਰ ਜ਼ਿਲ੍ਹਾ ਪੁਲਿਸ ਵੱਲੋਂ ਐਨ.ਡੀ.ਪੀ.ਐਸ. ਐਕਟ ਦੇ ਵੱਖ-ਵੱਖ ਮੁਕੱਦਮਿਆਂ ਵਿੱਚ 1 ਵਿਅਕਤੀ ਨੂੰ ਗ੍ਰਿਫਤਾਰ ਕਰਕੇ 20 ਗ੍ਰਾਮ ਨਸ਼ੀਲਾ



ਪਾਊਡਰ ਬ੍ਰਾਮਦ ਕੀਤਾ, ਨਸ਼ਾ ਕਰਨ ਦੇ ਆਦਿ 1 ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਮਿਤੀ 02 ਜੂਨ 2025 ਨੂੰ ਐਨ.ਡੀ.ਪੀ.ਐਸ. ਐਕਟ ਅਤੇ ਹੋਰ ਧਾਰਾਵਾਂ ਅਧੀਨ ਦਰਜ਼ ਮੁਕੱਦਮਾ ਵਿੱਚ ਨਾਮਜ਼ਦ 1 ਵਿਅਕਤੀ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ।

ਇਸ ਸਬੰਧੀ ਉਨ੍ਹਾਂ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ "ਯੁੱਧ ਨਸ਼ਿਆ ਵਿਰੁੱਧ÷ ਮੁਹਿੰਮ ਦੀ ਲਗਾਤਾਰਤਾ ਵਿੱਚ ਜ਼ਿਲ੍ਹਾ ਪੁਲਿਸ ਵੱਲੋਂ ਵੱਖ-ਵੱਖ ਸਥਾਨਾ ਤੇ ਨਾਕਾਬੰਦੀਆਂ ਅਤੇ ਗਸ਼ਤਾ ਰਾਹੀ ਨਸ਼ਾ ਤਸਕਰਾਂ ਅਤੇ ਭੈੜੇ ਅਨਸਰਾਂ ਦੀ ਚੈਕਿੰਗ ਕੀਤੀ ਗਈ, ਜਿਸ ਦੌਰਾਨ ਥਾਣਾ ਸਦਰ ਰੂਪਨਗਰ ਵੱਲੋਂ ਕਰਨ ਪੁੱਤਰ ਵਾਸੀ ਘੁਮਿਆਰ ਮੁਹੱਲਾ ਘਨੌਲੀ ਥਾਣਾ ਸਦਰ ਰੂਪਨਗਰ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ 20 ਗ੍ਰਾਮ ਨਸ਼ੀਲਾ ਪਾਊਡਰ/ਪਦਾਰਥ ਬ੍ਰਾਮਦ ਕੀਤਾ ਗਿਆ ਅਤੇ ਥਾਣਾ ਸਿਟੀ ਮੋਰਿੰਡਾ ਵੱਲੋਂ ਨਸ਼ਾ ਦੇ ਆਦਿ ਗੁਰਿੰਦਰ ਸਿੰਘ ਵਾਸੀ ਪਿੰਡ ਕਲਹੇੜੀ ਨੂੰ ਗ੍ਰਿਫਤਾਰ ਕਰਕੇ ਅਤੇ ਉਨ੍ਹਾਂ ਖਿਲਾਫ ਐਨ.ਡੀ.ਪੀ.ਐਸ. ਐਕਟ ਤਹਿਤ ਮੁਕੱਦਮੇ ਦਰਜ ਕੀਤੇ ਗਏ।

ਇਸ ਤੋਂ ਇਲਾਵਾ ਥਾਣਾ ਸਿਟੀ ਰੂਪਨਗਰ ਵੱਲੋਂ ਐਨ.ਡੀ.ਪੀ.ਐਸ. ਐਕਟ ਅਤੇ ਹੋਰ ਧਾਰਾਵਾ ਅਧੀਨ ਦਰਜ਼ ਮੁਕੱਦਮਾ ਨੰਬਰ 134 ਮਿਤੀ 02 ਜੂਨ 2025 ਵਿੱਚ ਨਾਮਜ਼ਦ ਬਲਵਿੰਦਰ ਸਿੰਘ ਉਰਫ ਬਿੰਦਰ ਪਿੰਡ ਝੱਲੀਆਂ ਕਲਾਂ ਥਾਣਾ ਸ੍ਰੀ ਚਮਕੌਰ ਸਾਹਿਬ ਨੂੰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਗਈ ਹੈ।

ਇਸ ਤੋਂ ਇਲਾਵਾ ਪ੍ਰੋਜੈਕਟ 'ਸੰਪਰਕ' ਦੀ ਲਗਾਤਾਰਤਾ ਵਿੱਚ ਆਮ ਪਬਲਿਕ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾ ਸਬੰਧੀ ਜਾਗੂਰਕ ਕਰਨ ਅਤੇ ਪੁਲਿਸ ਨਾਲ ਪਬਲਿਕ ਦਾ ਤਾਲਮੇਲ ਹੋਰ ਵਧਾਉਣ ਲਈ ਪਿੰਡਾ ਵਿੱਚ ਜਾ ਕੇ ਗਜਟਿਡ ਅਫਸਰਾਂ ਅਤੇ ਮੁੱਖ ਅਫਸਰ ਥਾਣਾ ਵਲੋ ਮੀਟਿੰਗਾ ਕਰਕੇ ਉਨ੍ਹਾਂ ਨੂੰ ਪੰਜਾਬ ਐਂਟੀ ਡਰੱਗ ਹੈਲਪਲਾਇਨ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਦੇ ਸੁਝਾਅ ਵੀ ਲਏ ਗਏ।

# ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ: ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਪ੍ਰਣ ਲਿਆ



**ਗੁਰਦਾਸਪੁਰ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿੱਚ ਮਨਾਇਆ ਗਿਆ। ਇਸ ਮੌਕੇ ਹਾਜ਼ਰ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਨਸ਼ਿਆਂ ਵਿਰੁੱਧ ਪ੍ਰਣ ਲਿਆ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ ਨੇ ਦੱਸਿਆ ਕਿ ਜਿੱਥੇ ਨਸ਼ਾ ਮੁਕਤ ਭਾਰਤ ਅਭਿਆਨ ਚੱਲ ਰਿਹਾ ਹੈ ਓਥੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੀ ਨਸ਼ਿਆਂ ਵਿਰੁੱਧ ਗਤੀਵਿਧੀਆਂ ਜਾਰੀ ਹਨ। ਉਨ੍ਹਾਂ ਸਾਰੇ ਵਿਭਾਗਾਂ ਨੂੰ ਇਸ ਮੁਹਿੰਮ ਤਹਿਤ ਸ਼ਿੱਦਤ ਨਾਲ ਕੰਮ ਕਰਨ ਦਾ ਸੱਦਾ ਦਿੱਤਾ ਤਾਂ ਜੋ ਨਸ਼ਿਆਂ ਦਾ ਖ਼ਾਤਮਾ ਕੀਤਾ ਜਾ ਸਕੇ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਕਿਰਤਮੀਤ ਕੌਰ ਵੱਲੋਂ ਹਾਜ਼ਰੀਨ ਨੂੰ ਸਮਾਗਮ ਦੇ ਉਦੇਸ਼ ਬਾਰੇ ਦੱਸਿਆ ਗਿਆ ਅਤੇ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ। ਇਸ ਮੌਕੇ ਸਹਾਇਕ ਕਮਿਸ਼ਨਰ (ਜ) ਸ੍ਰੀ ਆਦਿੱਤਯ ਗੁਪਤਾ, ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਗੁਰਦਾਸਪੁਰ ਇੰਦਰਜੀਤ ਸਿੰਘ ਬਾਜਵਾ ਸਮੇਤ ਹੋਰ ਅਧਿਕਾਰੀ ਅਤੇ ਡਿਪਟੀ ਕਮਿਸ਼ਨਰ ਦਫ਼ਤਰ ਦਾ ਸਟਾਫ਼ ਹਾਜ਼ਰ ਸੀ। ਇਸ ਤੋਂ ਪਹਿਲਾਂ ਜ਼ਿਲ੍ਹਾ ਪ੍ਰਸ਼ਾਸਨ ਦੇ ਵੱਖ-ਵੱਖ ਵਿਭਾਗਾਂ ਵੱਲੋਂ ਵੀ ਅੱਜ ਆਪਣੇ ਦਫ਼ਤਰਾਂ ਵਿੱਚ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਮਨਾ ਕੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਪ੍ਰਣ ਲਿਆ ਗਿਆ।

# ਮੌਨਸੂਨ ਸੀਜ਼ਨ ਦੇ ਮੱਦੇਨਜਰ ਐਸ ਡੀ ਐਮ ਨੇ ਸ਼ਹਿਰ ਸਮਾਣਾ ਅਤੇ ਪਿੰਡਾਂ ਦੀ ਸਾਫ ਸਫਾਈ ਦੇ ਕੰਮਾਂ ਦਾ ਜਾਇਜ਼ਾ ਲਿਆ

**ਸਮਾਣਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਨਸੂਨ ਸੀਜ਼ਨ ਦੇ ਮੱਦੇਨਜਰ ਅੱਜ ਐਸ ਡੀ ਐਮ ਰਿਚਾ ਗੋਇਲ, ਨੇ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਬ ਡਵੀਜਨ ਸਮਾਣਾ ਅਧੀਨ ਆਉਂਦੇ ਸ਼ਹਿਰ ਸਮਾਣਾ ਅਤੇ ਤਹਿਸੀਲ ਸਮਾਣਾ ਦੇ ਪਿੰਡਾਂ ਦੀ ਸਾਫ ਸਫਾਈ ਦੇ ਕੰਮਾਂ ਦਾ ਜਾਇਜਾ ਲਿਆ। ਉਨ੍ਹਾਂ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਪਿਛਲੇ ਸਮੇਂ ਵਿਚ ਕੀਤੇ ਗਏ ਕੰਮਾਂ ਦੀ ਪ੍ਰਗਤੀ ਰਿਪੋਰਟ ਰੀਵਿਓ ਕੀਤੀ। ਡਰੇਨੇਜ ਵਿਭਾਗ ਵਲੋਂ ਸਰਾਂਏ ਪੱਤੀ ਡਰੇਨ, ਸਮਾਣਾ ਮੰਡੀ ਦਾ ਡਰੇਨ ਅਤੇ ਚੰਬੋ ਵਾਲੀ ਚੋਅ ਦੀ ਸਫਾਈ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਦਾ ਕੁਝ ਦਿਨ ਪਹਿਲਾਂ ਜਾ ਕੇ ਜਾਇਜਾ ਲਿਆ ਅਤੇ ਇੱਕ ਹਫਤੇ ਦੇ ਅੰਦਰ ਅੰਦਰ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ ਗਈ ਸੀ।



ਕਾਰਜਸਾਧਕ ਅਫਸਰ ਨਗਰ ਕੌਂਸਲ ਬਰਜਿੰਦਰ ਸਿੰਘ ਨੇ ਦੱਸਿਆ ਕਿ ਸਮਾਣਾ ਸ਼ਹਿਰ ਦੀਆਂ ਡਰੇਨਜ਼ ਦੀ ਸਫਾਈ ਦਾ ਕੰਮ ਕਾਫੀ ਹੱਦ ਤੱਕ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਮਿਤੀ 05.07.2025 ਤੋਂ ਪਹਿਲਾਂ ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ। ਉਪ ਮੰਡਲ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਸਮਾਣਾ ਨੇ ਦੱਸਿਆ ਕਿ ਪੰਜ ਪੀਰ, ਪੰਜਾਬੀ ਬਾਗ, ਵੜੈਚਾਂ ਪੱਤੀ, ਦਰਦੀ ਕਲੋਨੀ ਅਤੇ ਦੁਸ਼ਹਿਰਾ ਗਰਾਊਂਡ ਏਰੀਏ ਦੇ ਮੇਨ ਸੀਵਰ ਦੀ ਸਫਾਈ ਕੀਤੀ ਜਾ ਚੁੱਕੀ ਹੈ। ਬੱਸ ਸਟੈਂਡ ਸਮਾਣਾ ਦੇ ਨੇੜੇ ਡੀਸਿਲਟਿੰਗ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਤਹਿਸੀਲ ਰੋਡ, ਭਵਾਨੀਗੜ ਰੋਡ ਦੀ ਡੀਸਿਲਟਿੰਗ ਦਾ ਕੰਮ ਮਿਤੀ 30.06.2025 ਤੱਕ ਪੂਰਾ ਕਰ ਦਿੱਤਾ ਜਾਵੇਗਾ। ਬੀ.ਡੀ.ਪੀ.ਓ ਸਮਾਣਾ ਵਲੋਂ ਰਿਪੋਰਟ ਕੀਤੀ ਗਈ ਤਹਿਸੀਲ ਸਮਾਣਾ ਅਧੀਨ ਆਉਂਦੇ 4-5 ਪਿੰਡਾਂ ਤੋਂ ਬਿਨਾਂ ਸਾਰੇ ਪਿੰਡਾਂ ਦੀ ਡਰੇਨ ਦੀ ਸਫਾਈ ਦਾ ਕੰਮ ਪੂਰਾ ਹੋ ਚੁੱਕਾ ਹੈ ।ਮੀਟਿੰਗ ਉਪਰੰਤ ਸਮਾਣਾ ਸ਼ਹਿਰ ਵਿਚ ਵੱਖ ਵੱਖ ਜਗ ?ਹਾ ਦਾ ਮੌਕਾ ਵੀ ਦੇਖਿਆ ਗਿਆ। ਸਮਾਣਾ ਸ਼ਹਿਰ ਅਧੀਨ ਬਸ ਸਟੈਂਡ ਰੋਡ ਦੇ ਡਰੇਨ ਸਾਫ ਸੀ ਅਤੇ ਅਗਰਵਾਲ ਕਲੋਨੀ ਕੋਲ ਨਾਲਿਆਂ ਦੀ ਸਫਾਈ ਦਾ ਕੰਮ ਚੱਲ ਰਿਹਾ ਸੀ। ਬੱਸ ਸਟੈਂਡ ਕੋਲ ਸੀਵਰ ਮੇਨ ਹੋਲ ਦੀ ਡੀਸਿਲਟਿੰਗ ਦਾ ਕੰਮ ਚੱਲ ਰਿਹਾ ਸੀ।

ਮੌਕੇ ਉੱਪਰ ਮੌਜੂਦ ਪਬਲਿਕ/ਦੁਕਾਨਦਾਰਾਂ ਨਾਲ ਇਸ ਸਬੰਧੀ ਗੱਲ ਬਾਤ ਕੀਤੀ ਗਈ ਤਾਂ ਉਨ੍ਹਾਂ ਵਲੋਂ ਪ੍ਰਸ਼ਾਸ਼ਨ ਦੇ ਕੀਤੇ ਕੰਮਾਂ ਦੀ ਸ਼ਾਲਾਘਾ ਕਰਦੇ ਹੋਏ ਦੱਸਿਆ ਗਿਆ ਕਿ ਕੱਲ ਪਾਣੀ ਦੀ ਨਿਕਾਸੀ ਭਾਰੀ ਬਾਰਸ਼ ਹੋਣ ਤੋਂ ਬਾਅਦ ਵੀ ਬਹੁਤ ਜਲਦੀ ਹੋ ਗਈ ਸੀ। ਪਬਲਿਕ/ਦੁਕਾਨਦਾਰਾਂ ਵਲੋਂ ਮੰਗ ਕੀਤੀ ਗਈ ਕਿ ਬੱਸ ਸਟੈਂਡ ਰੋਡ ਤੇ ਪਏ ਟੋਇਆਂ ਨੂੰ ਜਲਦੀ ਤੋਂ ਜਲਦੀ ਰਿਪੇਅਰ ਕਰਵਾਇਆ ਜਾਵੇ। ਉਸ ਸਬੰਧੀ ਐਸ ਡੀ ਐਮ ਨੇ ਨਗਰ ਕੌਂਸਲ ਸਮਾਣਾ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਮੁਕੰਮਲ ਹੋਣ ਤੱਕ ਆਰਜੀ ਤੌਰ ਤੇ ਟੋਇਆਂ ਦੀ ਰਿਪੇਅਰ ਕੀਤੀ ਜਾਵੇ। ਉਪ ਮੰਡਲ ਮੈਜਿਸਟਰੇਟ ਨੇ ਮੌਕੇ ਉੱਪਰ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਾਕੀ ਰਹਿੰਦੇ ਕੰਮ ਜਲਦੀ ਤੋਂ ਜਲਦੀ ਮੁਕੰਮਲ ਕੀਤੇ ਜਾਣ ਤਾਂ ਜੋ ਮੌਨਸੂਨ ਸੀਜ਼ਨ ਦੌਰਾਨ ਆਮ ਪਬਲਿਕ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਦੋ ਰੋਜ਼ਾ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ



**ਗੁਰਦਾਸਪੁਰ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ। ਇਸ ਦੋ ਦਿਨਾਂ ਸੈਮੀਨਾਰ ਵਿੱਚ ਪਹਿਲੇ ਦਿਨ ਮੁੱਖ ਮਹਿਮਾਨ ਵਜੋਂ ਡਾ. ਐੱਸ.ਕੇ. ਮਿਸ਼ਰਾ, ਵਾਈਸ ਚਾਂਸਲਰ, ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ, ਵਿਸ਼ੇਸ਼ ਮਹਿਮਾਨ ਵਜੋਂ ਡਾ. ਰਿਸ਼ੀ ਰਾਜ ਸ਼ਰਮਾ, ਡੀਨ (ਅਕਾਦਮਿਕ), ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜਨਲ ਕੈਂਪਸ, ਗੁਰਦਾਸਪੁਰ, ਸੈਸ਼ਨ ਦੇ ਬੁਲਾਰਿਆਂ ਵਜੋਂ ਡਾ. ਖੁਸ਼ਵਿੰਦਰ ਕੁਮਾਰ, ਰਜਿਸਟਰਾਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਡਾ. ਜਸਪਾਲ ਵਰਵਲ, ਐਸੋਸੀਏਟ ਪ੍ਰੋਫੈਸਰ, ਜੰਮੂ ਯੂਨੀਵਰਸਿਟੀ ਵੱਲੋਂ ਸ਼ਿਰਕਤ ਕੀਤੀ ਗਈ। ਸੈਮੀਨਾਰ ਦੀ ਸ਼ੁਰੂਆਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਨਾਲ ਕੀਤੀ।

ਇਸ ਉਪਰੰਤ ਕਾਲਜ ਦੇ ਪ੍ਰਿੰਸੀਪਲ ਡਾ. ਅਸ਼ਵਨੀ ਕੁਮਾਰ ਭੱਲਾ ਨੇ ਸਵਾਗਤ ਕਰਦਿਆਂ ਕਿਹਾ ਕਿ ਗੁਰਦਾਸਪੁਰ ਜ਼ਿਲ੍ਹੇ ਅੰਦਰ ਵੱਖ-ਵੱਖ ਵਿੱਦਿਅਕ ਸੰਸਥਾਨ ਇੱਕ ਦੂਸਰੇ ਦੇ ਪੂਰਕ ਹਨ। ਸਾਡੇ ਕੋਲ ਅਜਿਹੀਆਂ ਸਹੂਲਤਾਂ ਹਨ ਜਿਸ ਕਰਕੇ ਵਿੱਦਿਅਕ ਢਾਂਚੇ ਨੂੰ ਸੁਧਾਰ ਵੱਲ ਤੋਰ ਸਕਦੇ ਹਾਂ। ਅਜੋਕੇ ਸਮੇਂ ਵਿੱਚ ਹਾਈਬ੍ਰਿਡ ਮੋਡ ਆਫ਼ ਟੀਚਿੰਗ ਬਾਰੇ ਚਰਚਾ ਕਰ ਰਹੇ ਹਾਂ। ਜਿਸ ਵਿੱਚ ਸਰਕਾਰਾਂ ਵੀ ਲਗਾਤਾਰ ਸੁਧਾਰ ਕਰਨ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਹੀਆਂ ਹਨ। ਅਸੀਂ ਭਵਿੱਖ ਵਿੱਚ ਕੋਸ਼ਿਸ਼ ਕਰਾਂਗੇ ਕਿ ਕਾਲਜ ਦਾ ਅਧਿਆਪਨ ਅਮਲਾ ਵੀ ਮੁਹਾਰਤ ਹਾਸਲ ਕਰੇ ਤਾਂ ਜੋ ਅਧਿਆਪਨ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਗੁਣਵੱਤਾ ਭਰਪੂਰ ਬਣਿਆ ਜਾ ਸਕੇ।

ਡਾ. ਐੱਸ.ਕੇ. ਮਿਸ਼ਰਾ ਰਾਸ਼ਟਰੀ ਸਿੱਖਿਆ ਨੀਤੀ ਬਾਰੇ ਬੋਲਦਿਆਂ ਕਿਹਾ ਕਿ ਅਧਿਆਪਕ ਆਪਣੇ ਵਿਦਿਆਰਥੀਆਂ ਲਈ ਰੋਲ ਮਾਡਲ ਹੁੰਦਾ ਹੈ। ਉਨ੍ਹਾਂ ਕਲਾਸ-ਰੂਮ ਅਧਿਆਪਨ ਵਿੱਚ ਆ ਰਹੀਆਂ ਸਮੱਸਿਆਵਾਂ ਨੂੰ ਨਜਿੱਠਣ ਦੀਆਂ ਤਕਨੀਕਾਂ ਸੰਬੰਧੀ ਜਾਣਕਾਰੀ ਦਿੱਤੀ। ਚੰਗੇ ਅਧਿਆਪਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਵਿਦਿਆਰਥੀਆਂ ਅੰਦਰ ਆਪਣੀ ਮਾਂ-ਬੋਲੀ, ਸੱਭਿਆਚਾਰ ਪ੍ਰਤੀ ਪਿਆਰ-ਸਤਿਕਾਰ ਪੈਦਾ ਕਰੇ। ਆਪਣੇ ਸਮਾਜ ਨੂੰ ਬਦਲਣ ਲਈ ਅਧਿਆਪਕ ਦਾ ਅਹਿਮ ਯੋਗਦਾਨ ਹੁੰਦਾ ਹੈ। ਉਨ੍ਹਾਂ ਪਾਠਕ੍ਰਮ ਤੋਂ ਇਲਾਵਾ ਵਿਦਿਆਰਥੀਆਂ ਨੂੰ ਵਿਹਾਰਕ ਪੱਧਰ ਤੇ ਮਜ਼ਬੂਤ ਬਣਾਉਣ ਤੇ ਜ਼ੋਰ ਦਿੱਤਾ। ਡਾ. ਰਿਸ਼ੀ ਰਾਜ ਸ਼ਰਮਾ ਨੇ ਭਾਰਤੀ ਗਿਆਨ ਪਰੰਪਰਾ ਬਾਰੇ ਕਿਹਾ ਕਿ ਅਜੋਕੀ ਸਿੱਖਿਆ ਪ੍ਰਣਾਲੀ ਵਿੱਚ ਗੁਰੂ ਅਤੇ ਅਧਿਆਪਕ ਵਿੱਚ ਅੰਤਰ ਕਰਨਾ ਲਾਜ਼ਮੀ ਹੈ। ਸਾਨੂੰ ਗੁਰੂ ਦੀ ਮਹੱਤਤਾ ਬਾਰੇ ਸਮਝਣ ਲਈ ਮੁੜ ਵੇਦਾਂ ਵੱਲ ਮੁੜਨਾ ਪਵੇਗਾ। ਗੁਰੂ ਸਾਹਿਬ ਦੇ ਵਾਕ ÷ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ÷ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਮਾਜ ਵਿੱਚ ਇਹੋ ਜਿਹੇ ਸੰਵਾਦ ਰਚਾਉਣ ਦੀ ਜ਼ਰੂਰਤ ਹੈ। ਇਸ ਗਿਆਨ ਪਰੰਪਰਾ ਨੂੰ ਸਮਝਣ ਲਈ ਸਾਡੇ ਧਾਰਮਿਕ ਗ੍ਰੰਥ ਅਨਮੋਲ ਖ਼ਜ਼ਾਨਾ ਹਨ।

ਪਹਿਲੇ ਸੈਸ਼ਨ ਦੇ ਬੁਲਾਰੇ ਡਾ. ਖੁਸ਼ਵਿੰਦਰ ਕੁਮਾਰ ਨੇ ਉਚੇਰੀ ਸਿੱਖਿਆ ਪ੍ਰਤੀ ਸੰਪੂਰਨ ਅੰਤਰ-ਅਨੁਸ਼ਾਸਨੀ ਸਿੱਖਣ ਵਿਧੀ ਬਾਰੇ ਵਿਸਥਾਰ ਪੂਰਵਕ ਚਰਚਾ ਕੀਤੀ ਜਿਸ ਵਿੱਚ ਕੋਰਸ ਕਰੈਡਿਟ ਸਿਸਟਮ 'ਤੇ ਗੱਲ ਕਰਦਿਆਂ ਕਿਹਾ ਕਿ ਵਿਦਿਆਰਥੀਆਂ ਅੰਦਰ ਅੰਤਰ ਅਧਿਐਨ ਦਾ ਮੁਲਾਂਕਣ, ਵਿਦਿਆਰਥੀਆਂ ਅੰਦਰ ਪ੍ਰਸ਼ਨ ਪੈਦਾ ਕਰਨ ਦੀ ਆਦਤ ਅਤੇ ਵੱਖ ਵੱਖ ਸਿੱਖਣ ਵਿਧੀ ਪਹੁੰਚ ਬਣਾਉਣਾ ਲਾਜ਼ਮੀ ਹੈ। ਉਨ੍ਹਾਂ ਵਿਦਿਆਰਥੀਆਂ ਅੰਦਰ ਸੁਣਨਾ, ਵਿਚਾਰਨਾ ਅਤੇ ਮੰਨਣਾ ਸਿਧਾਂਤ ਨੂੰ ਲਾਗੂ ਕਰਨ ਬਾਰੇ ਜ਼ੋਰ ਦਿੱਤਾ। ਅਧਿਆਪਨ ਪ੍ਰੀਕਿਰਿਆ ਵਿੱਚ ਅਧਿਆਪਕ ਨੂੰ ਕੇਵਲ ਗਾਈਡ ਬਣ ਕੇ ਨਹੀਂ ਬਲਕਿ ਵਿਦਿਆਰਥੀ ਦੇ ਜੀਵਨ ਵਿੱਚ ਅਗਵਾਈ ਵੀ ਕਰਨੀ ਚਾਹੀਦੀ ਹੈ।

ਡਾ. ਜਸਪਾਲ ਵਰਵਲ ਨੇ ਸਹਿਯੋਗਾਤਮਕ ਸਿੱਖਣ ਪ੍ਰੀਕਿਰਿਆ ਬਾਰੇ ਇਤਿਹਾਸਕ ਪਰਿਪੇਖ ਵਿੱਚ ਗੱਲ ਕਰਦੇ ਕਿਹਾ ਕਿ ਇਹ ਸ਼ਬਦ ਕੇਵਲ ਸਮੱਸਿਆ ਸਮਾਧਾਨ ਲਈ ਵਰਤਿਆਂ ਜਾਂਦਾ ਸੀ ਪ੍ਰੰਤੂ ਅਜੋਕੇ ਯੁੱਗ ਵਿੱਚ ਇਹ ਪ੍ਰੋਜੈਕਟ ਵਿਧੀ ਦੇ ਰੂਪ ਵਿੱਚ ਵਰਤਿਆਂ ਜਾ ਰਿਹਾ ਹੈ। ਇਸ ਵਿੱਚ ਗਰੁੱਪ ਲਰਨਿੰਗ/ਪੀਅਰ ਗਰੁੱਪ ਲਰਨਿੰਗ ਇੱਕ ਪ੍ਰਭਾਵਸ਼ਾਲੀ ਰੋਲ ਅਦਾ ਕਰਦੀ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਅੰਦਰ ਪਹਿਲਾਂ ਤੋਂ ਪਏ ਤਜ਼ਰਬਿਆਂ ਦੀ ਸਹਾਇਤਾ ਨਾਲ ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਸਮਰੱਥਾ ਪੈਦਾ ਕਰਨਾ ਹੈ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ। ਮੰਚ ਸੰਚਾਲਕ ਦੀ ਭੂਮਿਕਾ ਸ਼੍ਰੀ ਜਤਿੰਦਰ ਸਿੰਘ, ਸਹਾਇਕ ਪ੍ਰੋਫੈਸਰ ਬਾਟਨੀ ਵਿਭਾਗ ਨੇ ਨਿਭਾਈ।

# ਨਸ਼ਿਆਂ ਦੇ ਖਿਲਾਫ਼ ਮਾਨ ਸਰਕਾਰ ਦੀ ਜੰਗ ਜਾਰੀ ਹੈ : ਵਿਧਾਇਕ ਸ਼ੈਰੀ ਕਲਸੀ

**ਬਟਾਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਨਸ਼ਿਆਂ ਦੇ ਖਿਲਾਫ ਮਾਨ ਸਰਕਾਰ ਦੀ ਜੰਗ ਜਾਰੀ ਹੈ ਅਤੇ ਨਸ਼ੇ ਦੀ ਤਸਕਰੀ ਨਾਲ ਜੁੜਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ।

ਉਨਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ ਵਿੱਚੋਂ ਨਸ਼ੀਲੇ ਪਦਾਰਥਾਂ ਦੇ ਮੁਕੰਮਲ ਖਾਤਮੇ ਲਈ ਚਲਾਈ ਗਈ ਜੰਗ 'ਯੁੱਧ ਨਸ਼ਿਆਂ ਵਿਰੁੱਧ' ਨੇ 116ਵੇਂ ਦਿਨ ਪੂਰੇ ਕੀਤੇ ਹਨ ਇਹ ਜੰਗ ਨਿਰੰਤਰ ਜਾਰੀ ਹੈ।

ਉਨਾਂ ਦੱਸਿਆ ਕਿ ਪੰਜਾਬ ਪੁਲਿਸ ਵਲੋਂ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਹੈਰੋਇਨ, ਅਫੀਮ ਅਤੇ ਡਰੱਗ ਮਨੀ ਬਰਾਮਦ ਕੀਤੀ ਜਾ ਰਹੀ ਹੈ। ਇਸ ਦੇ ਨਾਲ 116 ਦਿਨਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੀ ਕੁੱਲ ਗਿਣਤੀ 19,185 ਹੋ ਗਈ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ, ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਨਸ਼ਨ (ਈਡੀਪੀ), ਲਾਗੂ ਕੀਤੀ ਗਈ ਹੈ ਅਤੇ ਨਸ਼ਾ ਪੀੜਤਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਵਾ ਕੇ ਉਨਾਂ ਦਾ ਇਲਾਜ ਕਰਵਾਇਆ ਜ ਰਿਹਾ ਹੈ।

ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਅੱਜ ਸਾਨੂੰ 'ਨਸ਼ਾ-ਮੁਕਤ ਭਾਰਤ ਅਭਿਆਨ' ਤਹਿਤ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੇ ਰਲ ਕੇ ਸਮਾਜਿਕ ਬੁਰਾਈ ਨਸ਼ੇ ਨੂੰ ਖਤਮ ਕਰਨ ਲਈ ਅੱਗੇ ਆਈਏ।

ਉਨਾਂ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਦੀ ਸ਼ਕਤੀ ਹੁੰਦੇ ਹਨ ਅਤੇ ਨੌਜਵਾਨਾਂ ਦੀ ਸ਼ਕਤੀ ਦਾ ਸਮਾਜ ਤੇ ਦੇਸ਼ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੁੰਦਾ ਹੈ।

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਵੱਧ ਤੋਂ ਵੱਧ ਨੌਜਵਾਨ 'ਨਸ਼ਾ-ਮੁਕਤ ਭਾਰਤ ਅਭਿਆਨ' ਵਿੱਚ ਸ਼ਾਮਲ ਹੋਣ। ਇਸ ਲਈ ਆਓ, ਸਾਰੇ ਮਿਲ ਕੇ ਆਪਣੇ ਹਲਕੇ, ਜ਼ਿਲ੍ਹੇ, ਸੂਬੇ ਅਤੇ ਦੇਸ਼ ਨੂੰ ਨਸ਼ਾ ਮੁਕਤ ਕਰਨ ਲਈ ਦ੍ਰਿੜ ਇਰਾਦਾ ਕਰੀਏ।

# ਪੰਜਾਬ ਕੇਡਰ ਦੇ ਸੀਨੀਅਰ ਆਈਪੀਐੱਸ ਅਧਿਕਾਰੀ ਪਰਾਗ ਜੈਨ 'ਰਾਅ' ਦੇ ਨਵੇਂ ਮੁਖੀ ਨਿਯੁਕਤ






**ਨਵੀਂ ਦਿੱਲੀ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਆਈਪੀਐੱਸ ਅਧਿਕਾਰੀ ਪਰਾਗ ਜੈਨ ਨੂੰ ਦੇਸ਼ ਦੀ ਖ਼ੁਫ਼ੀਆ ਏਜੰਸੀ 'ਰਾਅ' (ਰਿਸਰਚ ਤੇ ਅਨੈਲੇਸਿਸ ਵਿੰਗ) ਦਾ ਨਵਾਂ ਮੁਖੀ ਨਿਯੁਕਤ ਕੀਤਾ ਗਿਆ ਹੈ। ਪਰਾਗ ਜੈਨ ਨੂੰ ਖੁਫੀਆ ਜਾਣਕਾਰੀ ਇਕੱਤਰ ਕਰਨ ਅਤੇ ਭਾਰਤ ਦੇ ਆਂਢ-ਗੁਆਂਢ ਨਾਲ ਸਬੰਧਤ ਮਾਮਲਿਆਂ ਵਿੱਚ ਮੁਹਾਰਤ ਹਾਸਲ ਹੈ। ਜੈਨ 'ਰਾਅ' ਮੁਖੀ ਦਾ ਅਹੁਦਾ ਛੱਡ ਰਹੇ ਰਵੀ ਸਿਨਹਾ ਦੀ ਥਾਂ ਲੈਣਗੇ।

ਜੈਨ ਸੀਨੀਆਰਤਾ ਵਾਰ ਖ਼ੁਫ਼ੀਆ ਏਜੰਸੀ ਵਿਚ ਸਿਨਹਾ ਮਗਰੋਂ ਦੂਜੇ ਨੰਬਰ 'ਤੇ ਹਨ।

ਸਿਨਹਾ 30 ਜੂਨ ਨੂੰ ਸੇਵਾਮੁਕਤ ਹੋ ਰਹੇ ਹਨ। ਜੈਨ ਦਾ ਕਾਰਜਕਾਲ ਦੋ ਸਾਲ ਲਈ ਹੋਵੇਗਾ। ਜੈਨ ਮੌਜੂਦਾ ਸਮੇਂ 'ਰਾਅ' ਦੇ ਏਵੀਏਸ਼ਨ ਰਿਸਰਚ ਸੈਂਟਰ (ARC) ਦੇ ਮੁਖੀ ਹਨ, ਜੋ ਹਵਾਈ ਨਿਗਰਾਨੀ ਸਣੇ ਹੋਰਨਾਂ ਮਸਲਿਆਂ ਨਾਲ ਸਿੱਝਦਾ ਹੈ। ਸੈਂਟਰ ਦਾ ਮੁਖੀ ਹੋਣ ਦੇ ਨਾਤੇ ਉਨ੍ਹਾਂ ਦੀ 'Operation Sindoor' ਵਿਚ ਵੀ ਅਹਿਮ ਭੂਮਿਕਾ ਸੀ। ਜੈਨ, ਜੋ 1989 ਬੈਚ ਦੇ ਪੰਜਾਬ ਕੇਡਰ ਦੇ ਆਈਪੀਐੱਸ ਅਧਿਕਾਰੀ ਹਨ, ਨੂੰ ਰਾਅ ਵਿਚ ਕੰਮ ਕਰਨ ਦਾ ਦੋ ਸਾਲਾਂ ਦਾ ਤਜਰਬਾ ਹੈ।

ਜੈਨ ਨੇ ਆਪਣੇ ਕਰੀਅਰ ਵਿਚ ਪੰਜਾਬ 'ਚ ਅਤਿਵਾਦ ਦੀ ਸਿਖਰ ਦੌਰਾਨ ਵੱਖ-ਵੱਖ ਜ਼ਿਲ੍ਹਿਆਂ ਵਿੱਚ ਐੱਸਐੱਸਪੀ ਅਤੇ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲੀਸ ਵਜੋਂ ਵੀ ਸੇਵਾ ਨਿਭਾਈ। ਅਧਿਕਾਰੀਆਂ ਨੇ ਕਿਹਾ ਕਿ 'ਰਾਅ' ਵਿਚ ਕੰਮ ਕਰਦਿਆਂ ਜੈਨ ਨੇ ਪਾਕਿਸਤਾਨ ਡੈਸਕ ਨੂੰ ਵਿਆਪਕ ਤੌਰ 'ਤੇ ਸੰਭਾਲਿਆ। ਧਾਰਾ 370 ਰੱਦ ਕਰਨ ਮੌਕੇ ਉਨ੍ਹਾਂ ਦੀ ਤਾਇਨਾਤੀ ਜੰਮੂ ਅਤੇ ਕਸ਼ਮੀਰ ਵਿੱਚ ਵੀ ਰਹੀ।

ਜੈਨ ਨੇ ਸ੍ਰੀ ਲੰਕਾ ਅਤੇ ਕੈਨੇਡਾ ਵਿੱਚ ਭਾਰਤੀ ਮਿਸ਼ਨਾਂ ਵਿੱਚ ਵੀ ਸੇਵਾ ਨਿਭਾਈ ਹੈ। ਕੈਨੇਡਾ ਵਿੱਚ ਆਪਣੇ ਕਾਰਜਕਾਲ ਦੌਰਾਨ ਉਨ੍ਹਾਂ ਉੱਥੋਂ ਕੰਮ ਕਰਨ ਵਾਲੇ ਖਾਲਿਸਤਾਨੀ ਅਤਿਵਾਦੀ ਮਾਡਿਊਲਾਂ ਦੀ ਨਿਗਰਾਨੀ ਕੀਤੀ।

# ਟਰੰਪ ਵੱਲੋਂ ਕੈਨੇਡਾ ਨਾਲ ਵਪਾਰਕ ਚਰਚਾਵਾਂ ਨੂੰ ਖ਼ਤਮ ਕਰਨ ਦਾ ਐਲਾਨ

**ਵਿਨੇਪੈਗ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਕੈਨੇਡਾ ਨਾਲ ਸਾਰੀਆਂ ਵਪਾਰਕ ਗੱਲਬਾਤ ਤੁਰੰਤ ਪ੍ਰਭਾਵ ਨਾਲ ਖ਼ਤਮ ਕਰਨ ਦਾ ਐਲਾਨ ਕੀਤਾ ਹੈ। ਟਰੰਪ ਨੇ ਇਹ ਸਖ਼ਤ ਫ਼ੈਸਲਾ ਕੈਨੇਡਾ ਵੱਲੋਂ ਅਮਰੀਕੀ ਤਕਨੀਕੀ ਕੰਪਨੀਆਂ 'ਤੇ ਲਗਾਏ ਗਏ ਨਵੇਂ ਡਿਜੀਟਲ ਸੇਵਾਵਾਂ ਟੈਕਸ ਦੇ ਵਿਰੋਧ ਵਿੱਚ ਲਿਆ ਹੈ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਅਗਲੇ ਸੱਤ ਦਿਨਾਂ ਵਿੱਚ ਅਸੀਂ ਕੈਨੇਡਾ ਨੂੰ ਦੱਸਾਂਗੇ ਕਿ ਉਨ੍ਹਾਂ ਨੂੰ ਅਮਰੀਕਾ ਨਾਲ ਵਪਾਰ ਕਰਨ ਲਈ ਕਿਹੜਾ ਟੈਕਸ ਦੇਣਾ ਪਵੇਗਾ। ਟਰੰਪ ਨੇ ਸੋਸ਼ਲ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ 'ਤੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ, "ਕੈਨੇਡਾ ਵਪਾਰ ਕਰਨ ਲਈ ਬਹੁਤ ਮੁਸ਼ਕਲ ਦੇਸ਼ ਹੈ। ਸਾਲਾਂ ਤੋਂ, ਇਹ ਸਾਡੇ ਕਿਸਾਨਾਂ, ਡੇਅਰੀ ਉਤਪਾਦਾਂ 'ਤੇ 400% ਤੱਕ ਦੇ ਟੈਕਸ ਲਗਾ ਰਿਹਾ ਹੈ। ਹੁਣ ਕੈਨੇਡਾ ਆਪਣੇ ਡਿਜੀਟਲ ਸਰਵਿਸਿਜ਼ ਟੈਕਸ ਨੂੰ ਅੱਗੇ ਵਧਾਉਣ ਦੀ ਯੋਜਨਾ ਬਣਾ ਰਿਹਾ ਹੈ। ਇਹ ਟੈਕਸ ਅਮਰੀਕਾ ਦੀਆਂ ਵੱਡੀਆਂ ਇੰਟਰਨੈੱਟ ਕੰਪਨੀਆਂ ਤੋਂ ਉਨ੍ਹਾਂ ਦੀ ਕੈਨੇਡਾ ਵਿੱਚ ਹੋ ਰਹੀ ਕਮਾਈ 'ਤੇ ਲਾਗੂ ਕੀਤਾ ਜਾਵੇਗਾ।" ਉਨ੍ਹਾਂ ਦੋਸ਼ ਲਾਇਆ ਕਿ ਕੈਨੇਡਾ ਯੂਰਪੀਅਨ ਯੂਨੀਅਨ (ਈਯੂ) ਦੀ ਨਕਲ ਕਰ ਰਿਹਾ ਹੈ।

ਅਮਰੀਕਾ ਇਸ ਗੱਲ ਤੋਂ ਤਲਖ਼ੀ ਵਿਚ ਹੈ ਕਿ ਕੈਨੇਡਾ ਉਨ੍ਹਾਂ ਦੀਆਂ ਵੱਡੀਆਂ ਟੈੱਕ ਕੰਪਨੀਆਂ (ਜਿਵੇਂ ਕਿ ਗੂਗਲ, ਐਮਾਜ਼ੋਨ ਆਦਿ) ਉੱਤੇ ਟੈਕਸ ਲਗਾਉਣਾ ਚਾਹੁੰਦਾ ਹੈ, ਜਿਸ ਤੋਂ ਭਾਵ ਹੈ ਕਿ ਤਕਨੀਕੀ ਕੰਪਨੀਆਂ ਨੂੰ 30 ਜੂਨ ਤੋਂ ਟੈਕਸ ਦਾ ਭੁਗਤਾਨ ਕਰਨਾ ਸ਼ੁਰੂ ਕਰਨਾ ਪਵੇਗਾ ਅਤੇ ਇਹ 2022 'ਤੋਂ ਲਾਗੂ ਹੋਵੇਗਾ।

ਇਸ ਨਾਲ ਅਮਰੀਕੀ ਕੰਪਨੀਆਂ ਕੋਲੋਂ ਮਹੀਨੇ ਦੇ ਅੰਤ ਤੱਕ 2 ਬਿਲੀਅਨ ਅਮਰੀਕੀ ਡਾਲਰ ਚਾਰਜ ਕੀਤੇ ਜਾ ਸਕਦੇ ਹਨ। ਹਾਲਾਂਕਿ ਟਰੰਪ ਦੇ ਬਿਆਨ ਤੋਂ ਬਾਅਦ ਕੈਨੇਡਾ ਤਰਫ਼ੋਂ ਹਾਲੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

# ਲਾਅ ਕਾਲਜ ਜਬਰ-ਜਨਾਹ ਮਾਮਲਾ 'ਚ ਕਾਲਜ ਦਾ ਸੁਰੱਖਿਆ ਗਾਰਡ ਗ੍ਰਿਫ਼ਤਾਰ



**ਕੋਲਕਾਤਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੇ ਲਾਅ ਕਾਲਜ ਵਿੱਚ ਪਹਿਲੇ ਸਾਲ ਦੀ ਵਿਦਿਆਰਥਣ ਨਾਲ ਵਾਪਰੇ ਸਮੂਹਿਕ ਜਬਰ-ਜਨਾਹ ਮਾਮਲੇ ਵਿੱਚ ਕਾਲਜ ਦੇ ਇੱਕ ਸੁਰੱਖਿਆ ਗਾਰਡ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇੱਕ ਅਧਿਕਾਰੀ ਨੇ ਦੱਸਿਆ ਕਿ ਇਸ ਹਫ਼ਤੇ ਦੇ ਸ਼ੁਰੂ ਵਿੱਚ ਪਹਿਲੇ ਸਾਲ ਦੀ ਵਿਦਿਆਰਥਣ ਨਾਲ ਤਿੰਨ ਵਿਅਕਤੀਆਂ, ਜਿਨ੍ਹਾਂ ਵਿੱਚ ਇੱਕ ਸਾਬਕਾ ਵਿਦਿਆਰਥੀ ਵੀ ਸ਼ਾਮਲ ਸੀ, ਵੱਲੋਂ ਕਥਿਤ ਤੌਰ 'ਤੇ ਜਬਰ ਜਨਾਹ ਕੀਤਾ ਗਿਆ ਸੀ।

ਇਸ ਗ੍ਰਿਫ਼ਤਾਰੀ ਨਾਲ ਕਾਲਜ ਕੈਂਪਸ ਵਿੱਚ ਗਾਰਡ ਦੇ ਕਮਰੇ ਅੰਦਰ ਹੋਏ ਇਸ ਅਪਰਾਧ ਵਿੱਚ ਹੋਈਆਂ ਗ੍ਰਿਫ਼ਤਾਰੀਆਂ ਦੀ ਕੁੱਲ ਗਿਣਤੀ ਚਾਰ ਹੋ ਗਈ ਹੈ ਅਧਿਕਾਰੀ ਨੇ ਦੱਸਿਆ ਕਿ ਗਾਰਡ ਨੂੰ ਪੁੱਛਗਿੱਛ ਲਈ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ ਅਤੇ ਬਾਅਦ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ, "ਸੁਰੱਖਿਆ ਗਾਰਡ ਨੂੰ ਅੱਜ ਸਵੇਰੇ ਗ੍ਰਿਫ਼ਤਾਰ ਕਰ ਲਿਆ ਗਿਆ ਕਿਉਂਕਿ ਸਾਨੂੰ ਉਸਦੇ ਜਵਾਬ ਅਸੰਗਤ ਲੱਗੇ। ਕਾਲਜ ਵਿੱਚ ਲੱਗੇ ਸੀਸੀਟੀਵੀ ਕੈਮਰਿਆਂ ਵਿੱਚ ਕਾਲਜ 'ਚ ਉਸਦੀ ਮੌਜੂਦਗੀ ਕੈਦ ਹੋਈ ਹੈ।"

ਅਧਿਕਾਰੀ ਨੇ ਕਿਹਾ, "ਗਾਰਡ ਵੱਲੋਂ ਦਿੱਤੇ ਜਵਾਬ ਸਪੱਸ਼ਟ ਨਹੀਂ ਸਨ, ਕਿ ਉਸ ਨੇ ਤਿੰਨ ਦੋਸ਼ੀਆਂ ਨੂੰ ਅਪਰਾਧ ਕਰਦਿਆਂ ਤੋਂ ਕਿਉਂ ਨਹੀਂ ਰੋਕਿਆ ਅਤੇ ਉਹ ਕਿਸਦੇ ਨਿਰਦੇਸ਼ਾਂ 'ਤੇ ਅਤੇ ਕਿਉਂ ਆਪਣਾ ਕਮਰਾ ਛੱਡ ਕੇ ਗਿਆ। ਇਹ ਵੀ ਇੱਕ ਕਿਸਮ ਦੀ ਅਪਰਾਧ ਵਿੱਚ ਸ਼ਮੂਲੀਅਤ ਹੈ।" ਪੀੜਤਾ ਨੇ ਪੁਲਿਸ ਨੂੰ ਦਿੱਤੀ ਆਪਣੀ ਲਿਖਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਹੈ ਕਿ ਸੁਰੱਖਿਆ ਗਾਰਡ ਨੇ ਉਸਦੀ ਮਦਦ ਨਹੀਂ ਕੀਤੀ।

24 ਸਾਲਾ ਲੜਕੀ ਇੱਕ ਟੈਸਟ ਲਈ ਫਾਰਮ ਭਰਨ ਕਾਲਜ ਗਈ ਸੀ ਅਤੇ ਕੰਮ ਪੂਰਾ ਹੋਣ ਤੋਂ ਬਾਅਦ ਵੀ ਉਸਨੂੰ ਯੂਨੀਅਨ ਰੂਮ ਵਿੱਚ ਰੁਕਣ ਲਈ ਮਜਬੂਰ ਕੀਤਾ ਗਿਆ। ਕਥਿਤ ਤੌਰ 'ਤੇ ਸਾਬਕਾ ਵਿਦਿਆਰਥੀ, ਜੋ ਕਿ ਇੱਕ ਅਪਰਾਧਿਕ ਵਕੀਲ ਅਤੇ ਕਾਲਜ ਵੱਲੋਂ ਠੇਕੇ 'ਤੇ ਰੱਖਿਆ ਗੈਰ-ਅਧਿਆਪਨ ਕਰਮਚਾਰੀ ਵੀ ਹੈ, ਨੇ ਉਸਨੂੰ ਵਿਆਹ ਦਾ ਪ੍ਰਸਤਾਵ ਠੁਕਰਾਉਣ ਤੋਂ ਬਾਅਦ ਉਸ ਨਾਲ ਜਬਰ ਜਨਾਹ ਕੀਤਾ, ਜਦੋਂ ਕਿ ਦੋ ਮੌਜੂਦਾ ਵਿਦਿਆਰਥੀ ਪਹਿਰਾ ਦੇ ਰਹੇ ਸਨ ਅਤੇ ਆਪਣੇ ਮੋਬਾਈਲ ਫੋਨਾਂ 'ਤੇ ਵੀਡੀਓ ਰਿਕਾਰਡਿੰਗ ਕਰ ਰਹੇ ਸਨ।

# ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਭ੍ਰਿਸ਼ਟਾਚਾਰ ਮਾਮਲੇ ਵਿੱਚ ਕਲੀਨ ਚਿੱਟ

## ਪੁਲਿਸ ਵੱਲੋਂ ਮੁਹਾਲੀ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਦਾਖ਼ਲ; ਅਦਾਲਤ ਵੱਲੋਂ 14 ਜੁਲਾਈ ਨੂੰ ਲਿਆ ਜਾਵੇਗਾ ਫ਼ੈਸਲਾ

**ਮੁਹਾਲੀ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੁਲਿਸ ਨੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਵਿਜੈ ਸਿੰਗਲਾ ਨੂੰ ਭ੍ਰਿਸ਼ਟਾਚਾਰ ਮਾਮਲੇ ਵਿੱਚ ਕਲੀਨ ਚਿੱਟ ਦੇ ਦਿੱਤੀ ਹੈ ਜਦੋਂਕਿ ਉਨ੍ਹਾਂ ਦੇ ਓਐਸਡੀ ਪ੍ਰਦੀਪ ਕੁਮਾਰ ਖਿਲਾਫ ਜਾਂਚ ਅਜੇ ਵੀ ਜਾਰੀ ਹੈ। ਪੁਲੀਸ ਨੇ ਮੁਹਾਲੀ ਅਦਾਲਤ ਵਿੱਚ ਕਲੋਜ਼ਰ ਰਿਪੋਰਟ ਦਾਖ਼ਲ ਕਰ ਦਿੱਤੀ ਹੈ ਤੇ ਅਦਾਲਤ ਵੱਲੋਂ ਇਸ ਬਾਰੇ 14 ਜੁਲਾਈ ਨੂੰ ਫੈਸਲਾ ਲਿਆ ਜਾਵੇਗਾ।



ਤਤਕਾਲੀ ਸਿਹਤ ਮੰਤਰੀ ਵਿਜੈ ਸਿੰਗਲਾ ਅਤੇ ਉਨ੍ਹਾਂ ਦੇ ਓਐਸਡੀ ਪ੍ਰਦੀਪ ਕੁਮਾਰ ਖ਼ ?ਲਾਫ ਸਾਲ 2022 ਵਿਚ ਮੁਹਾਲੀ ਦੇ ਫੇਜ਼ ਅੱਠ ਥਾਣੇ ਵਿੱਚ ਭ੍ਰਿਸ਼ਟਾਚਾਰ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਹ ਕੇਸ ਪੰਜਾਬ ਸਿਹਤ ਕਾਰਪੋਰੇਸ਼ਨ ਵਿੱਚ ਡੈਪੂਟੇਸ਼ਨ ਉੱਤੇ ਕੰਮ ਕਰਦੇ ਅਧਿਕਾਰੀ ਰਜਿੰਦਰ ਸਿੰਘ ਦੀ ਸ਼ਿਕਾਇਤ 'ਤੇ ਦਰਜ ਹੋਇਆ ਸੀ। ਸ਼ਿਕਾਇਤ ਵਿੱਚ ਦੋਸ਼ ਲਗਾਇਆ ਸੀ ਕਿ ਤਤਕਾਲੀ ਸਿਹਤ ਮੰਤਰੀ ਵਿਜੈ ਸਿੰਗਲਾ ਵੱਲੋਂ ਆਪਣੇ ਓਐਸਡੀ ਪ੍ਰਦੀਪ ਕੁਮਾਰ ਜ਼ਰੀਏ ਉਨ੍ਹਾਂ ਕੋਲੋਂ ਪੰਜਾਬ ਸਿਹਤ ਕਾਰਪੋਰੇਸ਼ਨ ਵੱਲੋਂ ਕਰਾਏ ਜਾਂਦੇ ਕਰੋੜਾਂ ਰੁਪਏ ਦੇ ਵਿਕਾਸ ਕੰਮਾਂ ਲਈ ਇਕ ਪ੍ਰਤੀਸ਼ਤ ਦੀ ਕਮਿਸ਼ਨ ਮੰਗੀ ਗਈ ਸੀ। ਸ਼ਿਕਾਇਤ ਕਰਤਾ ਨੇ ਉਸ ਸਮੇਂ ਆਡੀਓ ਰਿਕਾਰਡਿੰਗ ਹੋਣ ਦਾ ਦਾਅਵਾ ਵੀ ਕੀਤਾ ਸੀ।

ਇਸ ਸ਼ਿਕਾਇਤ ਦੇ ਆਧਾਰ ਉੱਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਹੁਕਮਾਂ 'ਤੇ ਤਤਕਾਲੀ ਸਿਹਤ ਮੰਤਰੀ ਵਿਜੈ ਸਿੰਗਲਾ ਤੇ ਉਨ੍ਹਾਂ ਦੇ ਓਐੱਸਡੀ ਪ੍ਰਦੀਪ ਕੁਮਾਰ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਮਗਰੋਂ ਦੋਵਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵੀ ਭੇਜਿਆ ਗਿਆ। ਵਿਜੈ ਸਿੰਗਲਾ ਨੂੰ ਉਦੋਂ ਸਿਹਤ ਮੰਤਰੀ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ ਅਤੇ ਪੰਜਾਬ ਸਰਕਾਰ ਵੱਲੋਂ ਇਸ ਕੇਸ ਨੂੰ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ ਟੋਲਰੈਂਸ ਦੀ ਨੀਤੀ ਤਹਿਤ ਬਹੁਤ ਪ੍ਰਚਾਰਿਆ ਗਿਆ ਸੀ। ਉਦੋਂ ਤੋਂ ਲੈ ਕੇ ਹੁਣ ਤੱਕ ਵਿਰੋਧੀ ਪਾਰਟੀਆਂ ਵੱਲੋਂ ਲਗਾਤਾਰ ਇਸ ਮਾਮਲੇ ਸਬੰਧੀ ਸਰਕਾਰ ਉੱਤੇ ਤਨਜ਼ ਕੱਸੇ ਜਾਂਦੇ ਰਹੇ ਸਨ।

ਮੁਹਾਲੀ ਦੀ ਅਦਾਲਤ ਵਿੱਚ ਪੇਸ਼ ਕੀਤੀ ਗਈ ਤਾਜ਼ਾ ਕਲੋਜ਼ਰ ਰਿਪੋਰਟ ਵਿੱਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਸ਼ਿਕਾਇਤਕਰਤਾ ਰਜਿੰਦਰ ਸਿੰਘ ਨੂੰ ਕਲੋਜ਼ਰ ਰਿਪੋਰਟ ਪੇਸ਼ ਕਰਨ 'ਤੇ ਕੋਈ ਉਜ਼ਰ ਨਹੀਂ ਹੈ। ਜੇਕਰ ਅਦਾਲਤ 14 ਜੁਲਾਈ ਨੂੰ ਪੁਲੀਸ ਵੱਲੋਂ ਪੇਸ਼ ਕੀਤੀ ਗਈ ਕਲੋਜ਼ਰ ਰਿਪੋਰਟ ਨੂੰ ਪ੍ਰਵਾਨ ਕਰ ਲੈਂਦੀ ਹੈ ਤਾਂ ਵਿਜੈ ਸਿੰਗਲਾ ਦਾ ਇਸ ਮਾਮਲੇ ਵਿੱਚੋਂ ਛੁਟਕਾਰਾ ਹੋ ਜਾਵੇਗਾ।

# ਮਸ਼ਹੂਰ ਅਦਾਕਾਰਾ ਸ਼ੇਫਾਲੀ ਜਰੀਵਾਲਾ (42) ਦਾ ਦੇਹਾਂਤ



**ਮੁੰਬਈ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

'ਕਾਂਟਾ ਲੱਗਾ' ਗੀਤ ਨਾਲ ਮਸ਼ਹੂਰ ਹੋਈ ਅਦਾਕਾਰਾ ਸ਼ੇਫਾਲੀ ਜਰੀਵਾਲਾ ਦਾ 42 ਸਾਲ ਦੀ ਉਮਰ ਵਿੱਚ ਸ਼ੁੱਕਰਵਾਰ ਰਾਤ ਨੂੰ ਦੇਹਾਂਤ ਹੋ ਗਿਆ। ਹਸਪਤਾਲ ਦੇ ਇੱਕ ਸੂਤਰ ਨੇ ਦੱਸਿਆ ਜਰੀਵਾਲਾ ਨੂੰ ਉਨ੍ਹਾਂ ਦੇ ਪਤੀ ਅਦਾਕਾਰ ਪਰਾਗ ਤਿਆਗੀ ਵੱਲੋਂ ਮੁੰਬਈ ਦੇ ਉਪਨਗਰ ਵਿੱਚ ਸਥਿਤ ਬੇਲੇਵਿਊ ਮਲਟੀਸਪੈਸ਼ਲਿਟੀ ਹਸਪਤਾਲ ਲਿਆਂਦਾ ਗਿਆ ਸੀ।

ਉਨ੍ਹਾਂ ਦੱਸਿਆ, "ਉਨ੍ਹਾਂ ਨੂੰ ਰਾਤ ਕਰੀਬ 11:15 ਵਜੇ ਹਸਪਤਾਲ ਲਿਆਂਦਾ ਗਿਆ ਸੀ। ਡਿਊਟੀ 'ਤੇ ਮੌਜੂਦ ਡਾਕਟਰ ਨੇ ਉਨ੍ਹਾਂ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।" ਮੀਡੀਆ ਰਿਪੋਰਟਾਂ ਅਨੁਸਾਰ ਜਰੀਵਾਲਾ ਦੀ ਮੌਤ ਦਿਲ ਦਾ ਦੌਰਾ ਪੈਣ ਕਾਰਨ ਹੋਈ ਹੈ, ਹਾਲਾਂਕਿ ਪਰਿਵਾਰ ਜਾਂ ਉਨ੍ਹਾਂ ਦੇ ਨੁਮਾਇੰਦਿਆਂ ਵੱਲੋਂ ਅਜੇ ਤੱਕ ਕੋਈ ਅਧਿਕਾਰਤ ਬਿਆਨ ਨਹੀਂ ਆਇਆ ਹੈ।

ਜਰੀਵਾਲਾ ਨੇ ਆਪਣੇ ਪਤੀ ਨਾਲ ਡਾਂਸ-ਅਧਾਰਿਤ ਸ਼ੋਅ 'ਨੱਚ ਬੱਲੀਏ' ਅਤੇ ਬਾਅਦ ਵਿੱਚ ਸਲਮਾਨ ਖਾਨ ਦੁਆਰਾ ਹੋਸਟ ਕੀਤੇ ਗਏ 'ਬਿੱਗ ਬੌਸ 13' ਵਰਗੇ ਸ਼ੋਅਜ਼ ਵਿੱਚ ਭਾਗ ਲੈ ਕੇ ਪ੍ਰਸਿੱਧੀ ਹਾਸਲ ਕੀਤੀ ਸੀ। ਜਰੀਵਾਲਾ ਦੀ ਅਚਾਨਕ ਮੌਤ ਨੇ ਦੋਸਤਾਂ ਅਤੇ ਸਹਿਕਰਮੀਆਂ ਨੂੰ ਹੈਰਾਨ ਕਰ ਦਿੱਤਾ ਹੈ।

ਜਰੀਵਾਲਾ 2002 ਵਿੱਚ "ਕਾਂਟਾ ਲੱਗਾ"ਦੀ ਵੱਡੀ ਪ੍ਰਸਿੱਧੀ ਨਾਲ ਪ੍ਰਮੁੱਖਤਾ ਵਿੱਚ ਆਈ ਸੀ, ਜੋ ਕਿ 1972 ਦੀ ਫ਼ਿਲਮ "ਸਮਾਧੀ"ਤੋਂ ਲਤਾ ਮੰਗੇਸ਼ਕਰ ਦੇ ਇੱਕ ਪੁਰਾਣੇ ਗੀਤ ਦਾ ਰੀਮਿਕਸ ਸੀ।

# ਜੇਲ੍ਹ ਵਿਭਾਗ ਵਿੱਚ ਭ੍ਰਿਸ਼ਟਾਚਾਰ 'ਤੇ ਸੂਬਾ ਸਰਕਾਰ ਦੀ ਵੱਡੀ ਕਾਰਵਾਈ; 25 ਅਧਿਕਾਰੀ ਮੁਅੱਤਲ

**ਚੰਡੀਗੜ੍ਹ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜੇਲ੍ਹ ਵਿਭਾਗ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਸੂਬਾ ਪੱਧਰੀ ਕਾਰਵਾਈ ਕਰਦਿਆਂ ਪੰਜਾਬ ਸਰਕਾਰ ਨੇ 25 ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ। ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿੱਚ 3 ਡਿਪਟੀ ਸੁਪਰਡੈਂਟ ਅਤੇ 2 ਸਹਾਇਕ ਸੁਪਰਡੈਂਟ ਸ਼ਾਮਲ ਹਨ, ਜੋ ਸਰਕਾਰ ਦੇ ਯਤਨਾਂ ਦੀ ਗੰਭੀਰਤਾ ਨੂੰ ਦਰਸਾਉਂਦਾ ਹੈ। ਕਿਹਾ ਗਿਆ ਹੈ ਕਿ ਇਹ ਮੁਅੱਤਲੀਆਂ ਜੇਲ੍ਹਾਂ 'ਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਅਤੇ ਨਸ਼ਾ ਤਸਕਰੀ ਦੇ ਨੈੱਟਵਰਕ ਨੂੰ ਤੋੜਨ ਦੀ ਇੱਕ ਵਿਆਪਕ ਪਹਿਲਕਦਮੀ ਦਾ ਹਿੱਸਾ ਹਨ। ਇਸ ਸਬੰਧੀ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਨਾਲ ਸਬੰਧਤ ਗਤੀਵਿਧੀਆਂ ਬਾਰੇ ਸੂਚਨਾਵਾਂ ਸਾਹਮਣੇ ਆਈਆਂ ਸਨ, ਜਿਸ ਕਾਰਨ ਸਰਕਾਰ ਨੇ ਤੁਰੰਤ ਅਤੇ ਸਖ਼ਤ ਕਾਰਵਾਈ ਕੀਤੀ।

ਇੱਕ ਸਰਕਾਰੀ ਬੁਲਾਰੇ ਨੇ ਕਿਹਾ ਕਿ ਇਸ ਕਾਰਵਾਈ ਨਾਲ ਜੇਲ੍ਹਾਂ ਦੇ ਪ੍ਰਬੰਧਨ ਅਤੇ ਕੰਮਕਾਜ ਵਿੱਚ ਕਾਫ਼ੀ ਸੁਧਾਰ ਆਉਣ ਦੀ ਉਮੀਦ ਹੈ, ਜਿਸ ਨਾਲ ਵਧੇਰੇ ਪਾਰਦਰਸ਼ੀ ਕੰਮਕਾਜ ਯਕੀਨੀ ਬਣਾਇਆ ਜਾ ਸਕੇਗਾ।

# ਲੁਧਿਆਣਾ ਪੱਛਮੀ ਤੋਂ ਨਵੇਂ ਚੁਣੇ ਵਿਧਾਇਕ ਸੰਜੀਵ ਅਰੋੜਾ ਨੇ ਹਲਫ਼ ਲਿਆ

**ਚੰਡੀਗੜ੍ਹ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਪੱਛਮੀ ਵਿਧਾਨ ਸਭਾ ਹਲਕੇ ਤੋਂ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਨੇ ਅੱਜ ਅਹੁਦੇ ਦਾ ਹਲਫ ਲਿਆ ਹੈ। ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਸੰਜੀਵ ਅਰੋੜਾ ਨੂੰ ਹਲਫ਼ ਦਿਵਾਇਆ। ਇਸ ਮੌਕੇ ਆਮ ਆਦਮੀ ਪਾਰਟੀ ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ, ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਵਿਧਾਇਕ ਬੁੱਧ ਰਾਮ, ਸੰਜੀਵ ਅਰੋੜਾ ਦੇ ਪਰਿਵਾਰਕ ਮੈਂਬਰ ਅਤੇ ਪਾਰਟੀ ਦੇ ਵੱਡੀ ਗਿਣਤੀ ਵਿੱਚ ਆਗੂ ਮੌਜੂਦ ਸਨ।



ਜ਼ਿਮਨੀ ਚੋਣ ਦੌਰਾਨ ਸੰਜੀਵ ਅਰੋੜਾ ਨੂੰ 35,179 ਵੋਟਾਂ ਮਿਲੀਆਂ, ਜਦੋਂ ਕਿ ਆਸ਼ੂ ਨੂੰ 24,542 ਵੋਟ ਮਿਲੇ। ਭਾਜਪਾ ਉਮੀਦਵਰ ਜੀਵਨ ਗੁਪਤਾ ਨੂੰ 20,323 ਤੇ ਸ਼੍ਰੋਮਣੀ ਅਕਾਲੀ ਦਲ ਦੇ ਪਰਉਪਕਾਰ ਸਿੰਘ ਘੁੰਮਣ ਨੂੰ 8,203 ਵੋਟਾਂ ਮਿਲੀਆਂ। ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਜਨਵਰੀ ਵਿੱਚ ਬੇਵਕਤੀ ਮੌਤ ਮਗਰੋਂ ਜ਼ਿਮਨੀ ਚੋਣ ਕਰਵਾਉਣ ਦੀ ਲੋੜ ਪਈ ਸੀ।

# ਆਸ਼ੂ ਨੇ ਹਾਰ ਪਿੱਛੋਂ ਪਾਰਟੀ ਦੇ ਅੰਦਰੂਨੀ ਕਲੇਸ਼ ਲਈ ਕਾਂਗਰਸ ਦੀ ਚੋਟੀ ਦੀ ਲੀਡਰਸ਼ਿਪ 'ਤੇ ਸੇਧਿਆ ਨਿਸ਼ਾਨਾ

**ਚੰਡੀਗੜ੍ਹ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਲੁਧਿਆਣਾ ਪੱਛਮੀ ਜ਼ਿਮਨੀ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਹਾਰ ਪਿੱਛੋਂ ਅਹੁਦੇ ਤੋਂ ਅਸਤੀਫ਼ਾ ਦੇਣ ਤੋਂ ਕੁਝ ਦਿਨ ਬਾਅਦ ਸੀਨੀਅਰ ਆਗੂ ਭਾਰਤ ਭੂਸ਼ਣ ਆਸ਼ੂ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ X 'ਤੇ ਪਾਈ ਇਕ ਪੋਸਟ ਰਾਹੀਂ ਹਾਰ ਲਈ ਪਾਰਟੀ ਦੇ ਅੰਦਰ ਅੰਦਰੂਨੀ ਸਾਬੋਤਾਜ ਅਤੇ ਧੜੇਬੰਦੀ ਦੀ ਆਲੋਚਨਾ ਕੀਤੀ ਹੈ



ਗ਼ੌਰਤਲਬ ਹੈ ਕਿ ਇਸ ਚੋਣ ਵਿਚ ਆਸ਼ੂ ਕਾਂਗਰਸ ਦੇ ਉਮੀਦਵਾਰ ਸਨ, ਜਿਨ੍ਹਾਂ ਨੂੰ ਹਾਕਮ ਧਿਰ 'ਆਪ' ਦੇ ਉਮੀਦਵਾਰ ਸੰਜੀਵ ਅਰੋੜਾ ਨੇ ਹਰਾ ਦਿੱਤਾ। ਇੱਕ ਸਖ਼ਤ ਸ਼ਬਦਾਂ ਵਾਲੀ ਪੋਸਟ ਵਿੱਚ ਆਸ਼ੂ ਨੇ ਸਵਾਲ ਕੀਤਾ ਕਿ ਉਨ੍ਹਾਂ ਦੀ ਮੁਹਿੰਮ ਨੂੰ ਕਮਜ਼ੋਰ ਕਰਨ ਲਈ ਪ੍ਰੌਕਸੀ ਨੇਤਾਵਾਂ ਦੀ ਵਰਤੋਂ ਕਿਉਂ ਕੀਤੀ ਗਈ ਅਤੇ ਕੁਝ ਲੋਕ ਇਸ ਚੋਣ ਨੂੰ ਕਾਂਗਰਸ ਨੂੰ ਮਜ਼ਬੂਤ ??ਕਰਨ ਦੀ ਬਜਾਏ ਨਿੱਜੀ ਕਿੜਾਂ ਕੱਢਣ ਦੇ ਸਾਧਨ ਵਜੋਂ ਕਿਉਂ ਵੇਖਦੇ ਸਨ।

ਨਾਂ ਲਏ ਬਿਨਾਂ ਉਨ੍ਹਾਂ ਦੀਆਂ ਟਿੱਪਣੀਆਂ ਨੂੰ ਵਿਆਪਕ ਤੌਰ 'ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲ ਇੱਕ ਲੁਕਵੇਂ ਇਸ਼ਾਰੇ ਵਜੋਂ ਦੇਖਿਆ ਜਾ ਰਿਹਾ ਹੈ। ਆਸ਼ੂ ਦੀਆਂ ਟਿੱਪਣੀਆਂ ਕਾਂਗਰਸ ਹਾਈ ਕਮਾਂਡ ਵੱਲੋਂ ਰਸਮੀ ਤੌਰ 'ਤੇ ਉਨ੍ਹਾਂ ਦਾ ਪੰਜਾਬ ਕਾਂਗਰਸ ਦੇ ਸੂਬਾਈ ਕਾਰਜਕਾਰੀ ਪ੍ਰਧਾਨ ਦੇ ਅਹੁਦੇ ਤੋਂ ਅਸਤੀਫ਼ਾ ਮਨਜ਼ੂਰ ਕਰ ਲਏ ਜਾਣ ਤੋਂ ਬਾਅਦ ਆਈਆਂ ਹਨ। ਉਨ੍ਹਾਂ ਜ਼ਿਮਨੀ ਚੋਣ ਦੀ ਹਾਰ ਲਈ 'ਇਖ਼ਲਾਕੀ ਜ਼ਿੰਮੇਵਾਰੀ' ਲੈਂਦਿਆਂ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ।

ਆਸ਼ੂ ਨੇ ਆਪਣੀ ਟਵੀਟ ਵਿਚ ਕਿਹਾ, "ਨਤੀਜੇ ਨਿਰਾਸ਼ਾਜਨਕ ਸਨ, ਪਰ ਉਨ੍ਹਾਂ ਨੂੰ ਕੁਝ ਵਿਅਕਤੀਆਂ ਦੀਆਂ ਕਾਰਵਾਈਆਂ ਤੱਕ ਸੀਮਤ ਕਰਨਾ ਨਾ ਸਿਰਫ ਸਿਆਸੀ ਤੌਰ 'ਤੇ ਗਲਤ ਹੈ, ਸਗੋਂ ਇਹ ਅੰਦਰੂਨੀ ਤੌਰ 'ਤੇ ਵੀ ਨੁਕਸਾਨਦੇਹ ਹੈ।

ਉਨ੍ਹਾਂ ਕਿਹਾ, "ਮੈਂ ਹਮੇਸ਼ਾ ਮੰਨਦਾ ਰਿਹਾ ਹਾਂ ਕਿ ਜੇ ਅਸਤੀਫ ?ਾ ਕਾਂਗਰਸ ਨੂੰ ਪ੍ਰਤੀਬਿੰਬਤ ਕਰਨ, ਮੁੜ ਸਥਾਪਿਤ ਕਰਨ ਅਤੇ ਪੁਨਰਗਠਨ ਕਰਨ ਵਿੱਚ ਮਦਦ ਕਰ ਸਕਦਾ ਹੈ, ਤਾਂ ਇਸ ਨੂੰ ਕਦੇ ਵੀ ਰੋਕਿਆ ਨਹੀਂ ਜਾਣਾ ਚਾਹੀਦਾ।"ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (PPCC) ਦੇ ਸਾਬਕਾ ਕਾਰਜਕਾਰੀ ਪ੍ਰਧਾਨ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦਾ ਅਸਤੀਫ ?ਾ ਜ਼ਿੰਮੇਵਾਰੀ ਦਾ ਕੰਮ ਸੀ, ਨਾ ਕਿ ਦੋਸ਼ ਦਾ ਇਕਬਾਲ।

ਸੂਬਾ ਲੀਡਰਸ਼ਿਪ ਨਾਲ ਜੁੜੇ ਇੱਕ ਧੜੇ ਦੁਆਰਾ ਲਗਾਏ ਗਏ ਦੋਸ਼ਾਂ ਦਾ ਖੰਡਨ ਕਰਦਿਆਂ ਆਸ਼ੂ ਨੇ ਬਰੋ-ਬਰਾਬਰ ਮੁਹਿੰਮ ਚਲਾਉਣ ਜਾਂ ਧੜੇਬੰਦੀ ਵਿੱਚ ਸ਼ਾਮਲ ਹੋਣ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ, "ਮੇਰੇ ਨਾਲ ਨੇੜਿਓਂ ਕੰਮ ਕਰਨ ਵਾਲੇ ਮੇਰੇ ਯਤਨਾਂ ਦੀ ਇਮਾਨਦਾਰੀ ਨੂੰ ਜਾਣਦੇ ਹਨ। ਹਾਂ, ਤਾਲਮੇਲ ਵਿੱਚ ਇੱਕ ਖ਼ਲਾਅ ਸੀ ਅਤੇ ਮੈਂ ਕੋਸ਼ਿਸ਼ ਕਰਨ ਦੇ ਬਾਵਜੂਦ ਉਸ ਪਾੜੇ ਨੂੰ ਪੂਰਾ ਨਾ ਕਰ ਸਕਣ ਦੀ ਆਪਣੀ ਜ਼ਿੰਮੇਵਾਰੀ ਕਬੂਲਦਾ ਹਾਂ।

# ਪਾਕਿ ਦੇ ਖੈਬਰ ਪਖਤੂਨਖਵਾ ਵਿਚ ਫਿਦਾਈਨ ਹਮਲੇ 'ਚ 13 ਹਲਾਕ, 24 ਜ਼ਖ਼ਮੀ

**ਪਿਸ਼ਾਵਰ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪਾਕਿਸਤਾਨ ਦੇ ਉੱਤਰ-ਪੱਛਮੀ ਖੈਬਰ ਪਖਤੂਨਖਵਾ ਸੂਬੇ ਵਿਚ ਅੱਜ ਸਵੇਰੇ ਫਿਦਾਈਨ ਹਮਲੇ ਵਿਚ ਸੁਰੱਖਿਆ ਬਲਾਂ ਦੇ 13 ਜਵਾਨ ਹਲਾਕ ਹੋ ਗਏ ਜਦੋਂਕਿ 24 ਹੋਰ ਜ਼ਖਮੀ ਦੱਸੇ ਜਾਂਦੇ ਹਨ।

ਸੂਤਰਾਂ ਨੇ ਕਿਹਾ ਕਿ ਖ਼ੁਦਕੁਸ਼ ਬੰਬਾਰ ਨੇ ਉੱਤਰੀ ਵਜ਼ੀਰਿਸਤਾਨ ਜ਼ਿਲ੍ਹੇ ਦੇ ਖੱਡੀ ਇਲਾਕੇ ਵਿਚ ਅੱਜ ਸਵੇਰੇ ਵਿਸਫੋਟਕਾਂ ਨਾਲ ਲੱਦਿਆਂ ਵਾਹਨ ਬੰਬ ਨਕਾਰਾ ਯੂਨਿਟ ਦੇ ਵਾਹਨ ਵਿਚ ਮਾਰਿਆ। ਜ਼ਖ਼ਮੀਆਂ ਵਿਚ 14 ਆਮ ਨਾਗਰਿਕ ਹਨ, ਜਿਨ੍ਹਾਂ ਵਿਚ ਮਹਿਲਾਵਾਂ ਤੇ ਬੱਚੇ ਵੀ ਸ਼ਾਮਲ ਹਨ। ਜ਼ਖ਼ਮੀਆਂ 'ਚੋਂ ਕਈਆਂ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ।

ਸੂਤਰਾਂ ਨੇ ਕਿਹਾ ਕਿ ਫੌਜ ਦੀ ਆਮਦੋਰਫ਼ਤ ਕਰਕੇ ਹਮਲੇ ਮੌਕੇ ਇਲਾਕੇ ਵਿਚ ਕਰਫਿਊ ਆਇਦ ਸੀ। ਧਮਾਕੇ ਮਗਰੋਂ ਸੁਰੱਖਿਆ ਏਜੰਸੀਆਂ ਨੇ ਰਾਹਤ ਤੇ ਬਚਾਅ ਕਾਰਜ ਵਿੱਢ ਦਿੱਤੇ ਹਨ। ਹਮਲੇ ਦੀ ਜ਼ਿੰਮੇਵਾਰੀ ਉਸੁਦ ਅਲ-ਅਰਬ ਨਾਂ ਦੇ ਦਹਿਸ਼ਤੀ ਸਮੂਹ ਨੇ ਲਈ ਹੈ, ਜੋ ਅੱਗੇ ਹਾਫਿਜ਼ ਗੁਲ ਬਹਾਦੁਰ ਗਰੁੱਪ ਦਾ ਹੀ ਧੜਾ ਹੈ। ਫਿਦਾਈਨ ਹਮਲੇ ਨੂੰ ਹਾਲੀਆ ਮਹੀਨਿਆਂ ਵਿਚ ਉੱਤਰੀ ਵਜ਼ੀਰਿਸਤਾਨ ਵਿਚ ਸਭ ਤੋਂ ਘਾਤਕ ਹਮਲਾ ਮੰਨਿਆ ਜਾ ਰਿਹਾ ਹੈ, ਜਿਸ ਨੇ ਖਿੱਤੇ ਵਿਚ ਸੁਰੱਖਿਆ ਨਾਲ ਜੁੜੇ ਫ਼ਿਕਰਾਂ ਨੂੰ ਵਧਾ ਦਿੱਤਾ ਹੈ।

# ਕਪੂਰਥਲਾ ਨੇੜੇ ਜਲੰਧਰ-ਅੰਮ੍ਰਿਤਸਰ ਹਾਈਵੇ 'ਤੇ ਵਾਹਨਾਂ ਦੀ ਟੱਕਰ; ਤਿੰਨ ਮੌਤਾਂ, 15 ਜ਼ਖ਼ਮੀ

**ਫਗਵਾੜਾ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਜਲੰਧਰ-ਅੰਮ੍ਰਿਤਸਰ ਹਾਈਵੇ ਉੱਤੇ ਅੱਜ ਸਵੇਰੇ ਗੁਡਾਨਾ ਪੁਲ ਨੇੜੇ ਤੇ ਢਿੱਲਵਾਂ ਟੋਲ ਪਲਾਜ਼ਾ ਤੋਂ ਐਨ ਪਹਿਲਾਂ ਅਰਟਿਗਾ ਗੱਡੀ ਦੇ ਚਾਰ ਪਹੀਆ ਵਾਹਨ ਨਾਲ ਟਕਰਾਉਣ ਕਰਕੇ ਦੋ ਮਹਿਲਾਵਾਂ ਸਣੇ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦੋਂਕਿ 14 ਤੋਂ 15 ਵਿਅਕਤੀ ਹੋਰ ਜ਼ਖ਼ਮੀ ਦੱਸਦੇ ਜਾਂਦੇ ਹਨ। ਮੁੱਢਲੀਆਂ ਰਿਪੋਰਟਾਂ ਅਨੁਸਾਰ ਇਹ ਘਟਨਾ ਸਵੇਰੇ 5:00 ਵਜੇ ਦੇ ਕਰੀਬ ਵਾਪਰੀ ਜਦੋਂ ਇੱਕ ਰਾਹਗੀਰ ਨੇ ਹਾਈਵੇਅ 'ਤੇ ਵੱਡੇ ਹਾਦਸੇ ਬਾਰੇ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ। ਹਾਦਸੇ ਬਾਰੇ ਜਾਣਕਾਰੀ ਮਿਲਦੇ ਹੀ ਦਿਆਲਪੁਰ-ਬਿਆਸ ਰੂਟ ਨੰਬਰ 52902 'ਤੇ ਤਾਇਨਾਤ ਸੜਕ ਸੁਰੱਖਿਆ ਬਲ ਦੀ ਇੱਕ ਟੀਮ ASI ਕੁਲਦੀਪ ਸਿੰਘ, ਕਾਂਸਟੇਬਲ ਵਿਕਾਸ ਅਤੇ ਕਾਂਸਟੇਬਲ ਜਗਤਾਰ ਸਿੰਘ ਮੌਕੇ 'ਤੇ ਪਹੁੰਚ ਗਏ।



ਜਾਣਕਾਰੀ ਅਨੁਸਾਰ ਕਰਨਾਲ ਵਾਸੀ ਭਾਮਾ ਅਰਟਿਗਾ (HR-67-5-8027) ਗੱਡੀ ਚਲਾ ਰਿਹਾ ਸੀ, ਜਿਸ ਦੀ ਇਕ ਹੋਰ ਚਾਰ-ਪਹੀਆ ਵਾਹਨ (PB-07-CJ-1390) ਨਾਲ ਟੱਕਰ ਹੋ ਗਈ। ਟੱਕਰ ਇੰਨੀ ਜ਼ਬਰਦਸਤ ਸੀ ਕਿ ਦੋਵੇਂ ਵਾਹਨ ਪਲਟ ਗਏ ਅਤੇ ਅਰਟਿਗਾ ਪੁਲ ਤੋਂ ਹੇਠਾਂ ਡਿੱਗ ਗਈ। ਐਮਰਜੈਂਸੀ ਕਰਮਚਾਰੀਆਂ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤੇ ਅਤੇ ਸਾਰੇ ਜ਼ਖਮੀਆਂ ਨੂੰ ਇਲਾਜ ਲਈ ਬਿਆਸ ਦੇ ਨਜ਼ਦੀਕੀ ਹਸਪਤਾਲ ਵਿੱਚ ਭੇਜ ਦਿੱਤਾ ਹੈ। ਹਾਦਸੇ ਵਿਚ ਦੋ ਔਰਤਾਂ ਸਮੇਤ ਤਿੰਨ ਯਾਤਰੀਆਂ ਨੇ ਮੌਕੇ 'ਤੇ ਹੀ ਦਮ ਤੋੜ ਦਿੱਤਾ। ਸਾਰੇ ਜ਼ਖ਼ਮੀਆਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ ਹੈ।

ਐੱਸਐੱਚਓ ਢਿਲਵਾਂ ਇੰਸਪੈਕਟਰ ਦਲਵਿੰਦਰਬੀਰ ਸਿੰਘ ਨੇ ਕਿਹਾ ਕਿ ਜਾਂਚ ਜਾਰੀ ਹੈ। ਹਾਦਸੇ ਦੇ ਸਹੀ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ, ਹਾਲਾਂਕਿ ਸਵੇਰੇ-ਸਵੇਰੇ ਤੇਜ਼ ਰਫ਼ਤਾਰ ਅਤੇ ਘੱਟ ਦਿਸਣ ਹੱਦ ਨੂੰ ਹਾਦਸੇ ਦਾ ਸੰਭਾਵੀ ਕਾਰਨ ਮੰਨਿਆ ਜਾ ਰਿਹਾ ਹੈ। ਮ੍ਰਿਤਕਾਂ ਦੀ ਪਛਾਣ ਅਜੇ ਅਧਿਕਾਰਤ ਤੌਰ 'ਤੇ ਜਾਰੀ ਨਹੀਂ ਕੀਤੀ ਗਈ ਹੈ।

# ਜਲ ਸ਼ਕਤੀ ਅਭਿਆਨ ਤਹਿਤ ਕੇਂਦਰੀ ਟੀਮ ਵੱਲੋਂ ਬਰਨਾਲਾ ਦਾ ਦੌਰਾ

## ਜ਼ਿਲ੍ਹੇ ਵਿੱਚ ਪਾਣੀ ਦੀ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਦਾ ਲਿਆ ਜਾਇਜ਼ਾ

**ਬਰਨਾਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਜਲ ਸ਼ਕਤੀ ਅਭਿਆਨ- ਕੈਚ ਦਿ ਰੇਨ ਤਹਿਤ ਦੋ ਮੈਂਬਰੀ ਕੇਂਦਰੀ ਟੀਮ ਵਲੋਂ ਅੱਜ ਜ਼ਿਲ੍ਹਾ ਬਰਨਾਲਾ ਦਾ ਦੌਰਾ ਕਰਕੇ ਪਾਣੀ ਦੀ ਸੰਭਾਲ ਲਈ ਕੀਤੇ ਜਾ ਰਹੇ ਯਤਨਾਂ ਦਾ ਜਾਇਜ਼ਾ ਲਿਆ ਗਿਆ। ਕੇਂਦਰੀ ਟੀਮ ਵਿਚ ਸਾਗਰ ਸਿੰਘ ਕਲਸੀ ਆਈ ਪੀ ਐੱਸ, ਡਾਇਰੈਕਟਰ ਪੈਟਰੋਲੀਅਮ ਅਤੇ ਨੈਚੂਰਲ ਗੈਸ ਅਤੇ ਸ੍ਰੀ ਅਨੂਪ ਰਾਜ, ਅਸਿਸਟੈਂਟ ਡਾਇਰੈਕਟਰ (ਕੇਂਦਰੀ ਜਲ ਕਮਿਸ਼ਨ) ਸ਼ਾਮਲ ਸਨ ਜਿਨ੍ਹਾਂ ਵਲੋਂ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਸਮੇਤ ਵੱਖ ਵੱਖ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਪਿੰਡਾਂ ਦਾ ਦੌਰਾ ਵੀ ਕੀਤਾ ਗਿਆ।



ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਸਤਵੰਤ ਸਿੰਘ ਵਲੋਂ ਜ਼ਿਲ੍ਹਾ ਬਰਨਾਲਾ ਵਿੱਚ ਪਾਣੀ ਦੀ ਸੰਭਾਲ ਲਈ ਕੀਤੇ ਗਏ ਉਪਰਾਲਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਵਿੱਚ ਪਾਣੀ ਸੰਭਾਲ ਲਈ ਵੱਖ ਵੱਖ ਪਿੰਡਾਂ ਵਿਚ ਜਿਥੇ ਥਾਪਰ ਮਾਡਲ ਬਣਾਏ ਗਏ ਹਨ, ਓਥੇ ਸਕੂਲਾਂ ਵਿਚ ਮੀਂਹ ਦੇ ਪਾਣੀ ਰੀਚਾਰਜ ਕਰਨ ਲਈ ਪਿਟਸ ਬਣਾਏ ਗਏ ਹਨ।

ਓਨ੍ਹਾਂ ਦੱਸਿਆ ਕਿ ਆਗਾਮੀ ਮੌਨਸੂਨ ਦੇ ਸੀਜ਼ਨ ਦੇ ਮੱਦੇਨਜ਼ਰ ਡਰੇਨਾਂ ਅਤੇ ਛੱਪੜਾਂ ਦੀ ਸਫ਼ਾਈ ਦਾ ਕੰਮ ਚੱਲ ਰਿਹਾ ਹੈ। ਓਨ੍ਹਾਂ ਦੱਸਿਆ ਕਿ ਕੈਚ ਦਿ ਰੇਨ ਪ੍ਰੋਜੈਕਟ ਤਹਿਤ ਮੌਜੂਦਾ ਸਾਲ ਦੌਰਾਨ ਜ਼ਿਲ੍ਹੇ ਵਿੱਚ 219 ਛੱਪੜਾਂ ਦੇ ਪਾਣੀ ਨੂੰ ਕੱਢ ਕੇ ਸੁਕਾਇਆ ਗਿਆ (ਡੀਵਾਟਰਿੰਗ) ਹੈ, 67 ਦੀ ਡੀਸਿਲਟਿੰਗ (ਗਾਰ ਕੱਢ ਕੇ ਸਫਾਈ) ਕੀਤੀ ਗਈ ਹੈ ਤੇ 41 ਥਾਪਰ ਮਾਡਲ ਬਣਾਏ ਗਏ ਹਨ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਕਰੀਬ 1.95 ਲੱਖ ਪੌਦੇ ਲਾਏ ਗਏ ਹਨ ਅਤੇ ਇਸ ਮੌਨਸੂਨ ਸੀਜ਼ਨ ਦੌਰਾਨ ਹੋਰ ਵੀ ਪੌਦੇ ਲਾਏ ਜਾਣਗੇ। ਕੇਂਦਰੀ ਟੀਮ ਵਲੋਂ ਜਿਨ੍ਹਾਂ ਪਿੰਡਾਂ ਵਿਚ 1 ਏਕੜ ਤੋਂ 4 ਏਕੜ ਜ਼ਮੀਨ ਹੈ, ਓਨ੍ਹਾਂ ਪਿੰਡਾਂ ਵਿਚ ਪੌਦੇ ਲਾਉਣ ਉੱਤੇ ਜ਼ੋਰ ਦਿੱਤਾ ਗਿਆ ਜਿਸ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਅਜਿਹੇ ਪਿੰਡਾਂ ਵਿਚ ਬਾਗ਼ਬਾਨੀ ਵਿਭਾਗ ਦੇ ਸਹਿਯੋਗ ਨਾਲ ਫ਼ਲਦਾਰ ਬੂਟੇ ਲਾਉਣ ਦੀ ਯੋਜਨਾ ਹੈ ਤਾਂ ਜੋ ਪੰਚਾਇਤਾਂ ਨੂੰ ਆਮਦਨ ਵੀ ਹੋ ਸਕੇ। ਓਨ੍ਹਾਂ ਕਿਹਾ ਕਿ ਇਹ ਪੌਦੇ ਪਿੰਡ ਵਾਸੀਆਂ/ ਪੰਚਾਇਤਾਂ ਰਾਹੀਂ ਲਗਵਾਏ ਜਾਣਗੇ ਤਾਂ ਜੋ ਉਹ ਇਨ੍ਹਾਂ ਪੌਦਿਆਂ ਦੀ ਸੰਭਾਲ ਵੀ ਕਰਨ।

ਇਸ ਮੌਕੇ ਡਾਇਰੈਕਟਰ ਸ੍ਰੀ ਕਲਸੀ ਵਲੋਂ ਮੌਨਸੂਨ ਦੀ ਤਿਆਰੀ ਸਬੰਧੀ ਜਾਇਜ਼ਾ ਲਿਆ ਗਿਆ ਅਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ।

ਇਸ ਮਗਰੋਂ ਟੀਮ ਵਲੋਂ ਪਿੰਡ ਧੌਲਾ ਵਿਚ ਕਿਸਾਨ ਭੋਲਾ ਸਿੰਘ ਦੇ ਖੇਤ ਦਾ ਦੌਰਾ ਕੀਤਾ ਗਿਆ ਜਿੱਥੇ ਖੇਤ ਵਿਚ ਅੰਡਰਗਰਾਊਂਡ ਪਾਇਪਲਾਈਨ ਪਾਈ ਹੋਈ ਹੈ, ਜਿਸ ਨਾਲ ਪਾਣੀ ਦੀ ਬੱਚਤ ਹੁੰਦੀ ਹੈ।

ਟੀਮ ਵਲੋਂ ਰੂੜੇਕੇ ਖੁਰਦ, ਕੁਤਬਾ, ਅਮਲਾ ਸਿੰਘ ਵਿਚ ਥਾਪਰ ਮਾਡਲ, ਪਿੰਡ ਵਜੀਦਕੇ ਖੁਰਦ ਵਿਚ ਜੰਗਲਾਤ ਵਿਭਾਗ ਦੀ ਨਰਸਰੀ, ਪਿੰਡ ਛਾਪਾ ਵਿਚ ਰੀਚਾਰਜ ਪ੍ਰੋਜੈਕਟਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ ਗਿਆ ਅਤੇ ਪਾਣੀ ਸੰਭਾਲ ਲਈ ਕੀਤੇ ਜਾ ਰਹੇ ਉਪਰਾਲਿਆਂ ਉੱਤੇ ਤਸੱਲੀ ਪ੍ਰਗਟਾਈ।

ਇਸ ਮੌਕੇ ਸਹਾਇਕ ਕਮਿਸ਼ਨਰ (ਅੰਡਰ ਟ ?ਰੇਨਿੰਗ) ਸ੍ਰੀ ਸਿਵਾਂਸ਼ ਰਾਠੀ, ਐਕਸੀਅਨ ਜਲ ਸਪਲਾਈ ਅਤੇ ਸੈਨੀਟੇਸ਼ਨ ਸ੍ਰੀ ਚਮਕ ਸਿੰਗਲਾ, ਐਕਸੀਅਨ ਪੀ ਡਬਲਿਊ ਡੀ ਦਵਿੰਦਰਪਾਲ ਸਿੰਘ, ਨੋਡਲ ਅਫ਼ਸਰ ਜਲ ਸ਼ਕਤੀ ਅਭਿਆਨ ਗੁਰਪਾਲ ਸਿੰਘ ਅਤੇ ਹੋਰ ਅਧਿਕਾਰੀ/ ਕਰਮਚਾਰੀ ਹਾਜ਼ਰ ਸਨ।

# ਰਾਮ ਮੰਦਰ 'ਚ ਸਭ ਮੁੱਖ ਉਸਾਰੀਆਂ ਜੁਲਾਈ ਤੱਕ ਹੋਣਗੀਆਂ ਮੁਕੰਮਲ: ਮੰਦਰ ਉਸਾਰੀ ਪੈਨਲ ਦੇ ਮੁਖੀ




**ਅਯੁੱਧਿਆ, 28 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਮ ਮੰਦਰ ਨਿਰਮਾਣ ਕਮੇਟੀ ਦੇ ਚੇਅਰਮੈਨ ਨ੍ਰਿਪੇਂਦਰ ਮਿਸ਼ਰਾ (Chairman of the Ram Temple Construction Committee Nripendra Mishra) ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਇੱਥੇ ਰਾਮ ਮੰਦਰ ਦੀ ਉਸਾਰੀ ਆਪਣੇ ਅੰਤਿਮ ਪੜਾਅ ਵਿੱਚ ਹੈ ਅਤੇ ਇਸ ਦੀ ਉਸਾਰੀ ਦੇ ਸਾਰੇ ਵੱਡੇ ਕੰਮ ਜੁਲਾਈ ਦੇ ਅਖ਼ੀਰ ਤੱਕ ਪੂਰੇ ਹੋਣ ਦੀ ਉਮੀਦ ਹੈ।

ਮਿਸ਼ਰਾ ਨੇ ਕਿਹਾ ਕਿ ਮੰਦਰ ਅਤੇ ਇਸ ਦੇ ਘੇਰੇ ਲਈ ਲੋੜੀਂਦੇ 14 ਲੱਖ ਘਣ ਫੁੱਟ ਬੰਸੀ ਪਹਾੜਪੁਰ ਪੱਥਰ ਵਿੱਚੋਂ 13 ਲੱਖ ਘਣ ਫੁੱਟ ਪਹਿਲਾਂ ਹੀ ਸਥਾਪਿਤ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਰਾਮ ਕਥਾ ਨੂੰ ਦਰਸਾਉਂਦੇ ਕੰਧ-ਚਿੱਤਰ ਮੰਦਰ ਦੇ ਲਗਭਗ 800 ਫੁੱਟ ਲੰਬੇ ਹੇਠਲੇ ਪਲਿੰਥ ਦੇ 500 ਫੁੱਟ 'ਤੇ ਪੂਰੇ ਹੋ ਚੁੱਕੇ ਹਨ। ਆਲੇ ਦੁਆਲੇ ਦੇ ਘੇਰੇ ਵਿੱਚ, ਯੋਜਨਾਬੱਧ ਕਾਂਸੇ ਦੇ 80 ਕੰਧ-ਚਿੱਤਰਾਂ ਵਿੱਚੋਂ 45 ਸਥਾਪਤ ਕੀਤੇ ਗਏ ਹਨ।

ਉਨ੍ਹਾਂ ਕਿਹਾ, "ਭਾਰਤ ਵਿੱਚ ਪਹਿਲੀ ਵਾਰ ਕਿਸੇ ਵੀ ਮੰਦਰ ਦੀਆਂ ਖਿੜਕੀਆਂ ਵਿੱਚ ਟਾਈਟੇਨੀਅਮ ਧਾਤ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਆਪਣੇ ਆਪ ਵਿੱਚ ਵਿਲੱਖਣ ਹੈ।"ਉਨ੍ਹਾਂ ਕਿਹਾ ਕਿ ਇਹ ਧਾਤ ਬਹੁਤ ਹੰਢਣਸਾਰ ਹੈ, ਜੋ ਉਨ੍ਹਾਂ ਦੇ ਦਾਅਵੇ ਮੁਤਾਬਕ 1,000 ਸਾਲਾਂ ਤੋਂ ਵੱਧ ਚੱਲਦੀ ਹੈ। ਉਨ੍ਹਾਂ ਦੁਹਰਾਇਆ ਕਿ ਰਾਮ ਮੰਦਰ ਨਿਰਮਾਣ ਕਮੇਟੀ ਨੂੰ ਉਮੀਦ ਹੈ ਕਿ ਸਾਰੇ ਵੱਡੇ ਨਿਰਮਾਣ ਕਾਰਜ ਜੁਲਾਈ ਦੇ ਅੰਤ ਤੱਕ ਪੂਰੇ ਹੋ ਜਾਣਗੇ।

# ਪੰਜਾਬ ਦੀਆਂ ਵਿਕਾਸ ਅਥਾਰਟੀਆਂ ਦੀ ਵਿੱਤੀ ਹਾਲਤ ਖ਼ਰਾਬ; ਸਿਰ.ਫ ਮੁਹਾਲੀ ਅਤੇ ਲੁਧਿਆਣਾ ਦੀਆਂ ਵਿਕਾਸ ਅਥਾਰਟੀਆਂ ਹੀ ਵਿੱਤੀ ਤੌਰ 'ਤੇ ਮਜ਼ਬੂਤ; ਕੈਬਨਿਟ ਫੈਸਲੇ ਵਿਚ ਮੁੱਖ ਮੰਤਰੀ ਦੀ ਥਾਂ ਮੁੱਖ ਸਕੱਤਰ ਨੂੰ ਚੇਅਰਪਰਸਨ ਨਿਯੁਕਤ ਕੀਤਾ

**ਚੰਡੀਗੜ੍ਹ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਤੇ ਵਿਕਾਸ ਬੋਰਡ ਐਕਟ ਵਿੱਚ ਸੋਧ ਕਰਨ ਦੇ ਹਾਲ ਹੀ ਦੇ ਕੈਬਨਿਟ ਫੈਸਲੇ ਨੇ ਅੱਠ ਖੇਤਰੀ ਵਿਕਾਸ ਅਥਾਰਟੀਆਂ ਦੇ ਚੇਅਰਪਰਸਨ ਵਜੋਂ ਮੁੱਖ ਮੰਤਰੀ ਦੀ ਥਾਂ ਮੁੱਖ ਸਕੱਤਰ ਨੂੰ ਨਿਯੁਕਤ ਕੀਤਾ ਹੈ। ਇਸ ਫੈਸਲੇ ਨੇ ਇਨ੍ਹਾਂ ਸੰਸਥਾਵਾਂ ਦੀ ਖ਼ਰਾਬ ਵਿੱਤੀ ਸਿਹਤ ਨੂੰ ਮੁੜ ਸੁਰਖੀਆਂ ਵਿੱਚ ਲਿਆਂਦਾ ਹੈ।

ਘੱਟ ਜ਼ਮੀਨੀ ਪੂੰਜੀ ਅਤੇ ਨਿਲਾਮੀ ਲਈ ਸੀਮਤ ਜਾਇਦਾਦਾਂ ਦੇ ਨਾਲ ਅੱਠ ਸਥਾਨਕ ਹਾਊਸਿੰਗ ਵਿਕਾਸ ਅਥਾਰਟੀਆਂ ਵਿੱਚੋਂ ਛੇ (ਅੰਮ੍ਰਿਤਸਰ ਵਿਕਾਸ ਅਥਾਰਟੀ, ਬਠਿੰਡਾ ਵਿਕਾਸ ਅਥਾਰਟੀ, ਪਟਿਆਲਾ ਵਿਕਾਸ ਅਥਾਰਟੀ, ਜਲੰਧਰ ਵਿਕਾਸ ਅਥਾਰਟੀ, ਸ੍ਰੀ ਅਨੰਦਪੁਰ ਸਾਹਿਬ ਸ਼ਹਿਰੀ ਵਿਕਾਸ ਅਥਾਰਟੀ ਅਤੇ ਡੇਰਾ ਬਾਬਾ ਨਾਨਕ ਵਿਕਾਸ ਅਥਾਰਟੀ ) ਆਪਣੇ ਪ੍ਰਸ਼ਾਸਕੀ ਖਰਚੇ ਪੂਰੇ ਕਰਨ ਲਈ ਵੀ ਸੰਘਰਸ਼ ਕਰ ਰਹੀਆਂ ਹਨ। ਸਿਰਫ਼ ਗ੍ਰੇਟਰ ਮੁਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ (ਗਮਾਡਾ) ਅਤੇ ਗ੍ਰੇਟਰ ਲੁਧਿਆਣਾ ਏਰੀਆ ਡਿਵੈਲਪਮੈਂਟ ਅਥਾਰਟੀ (ਗਲਾਡਾ) ਹੀ ਵਿੱਤੀ ਤੌਰ 'ਤੇ ਮਜ਼ਬੂਤ ??ਹਨ।

ਅਕਾਲੀ-ਭਾਜਪਾ ਸਰਕਾਰ ਦੇ ਅਧੀਨ 2015 ਵਿੱਚ ਹਾਊਸਿੰਗ ਵਿਭਾਗ ਨੇ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ (ਪੁੱਡਾ), ਜੋ ਕਿ ਇੱਕ ਪ੍ਰਮੁੱਖ ਸੰਸਥਾ ਹੈ, ਨੂੰ ਹੋਰ ਵਿਕਾਸ ਅਥਾਰਟੀਆਂ ਨਾਲ ਮਿਲਾਉਣ ਦਾ ਪ੍ਰਸਤਾਵ ਦਿੱਤਾ ਸੀ। ਇਸ ਵਿਚ ਕਿਹਾ ਗਿਆ ਸੀ ਕਿ ਜਦੋਂ ਕੰਮ ਸੀਮਤ ਸੀ ਤਾਂ ਕਈ ਵਿਕਾਸ ਏਜੰਸੀਆਂ ਰੱਖਣ ਦਾ ਕੋਈ ਮਤਲਬ ਨਹੀਂ ਹੈ। ਪਰ ਇਸ ਨੂੰ ਲਾਗੂ ਨਹੀਂ ਕੀਤਾ ਜਾ ਸਕਿਆ।

ਪੁੱਡਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਜ਼ਿਆਦਾਤਰ ਵਿਕਾਸ ਅਥਾਰਟੀਆਂ ਦੇ ਅਧਿਕਾਰ ਖੇਤਰ ਵਿੱਚ ਸਥਾਨਕ ਯੋਜਨਾਬੰਦੀ ਖੇਤਰ ਹਨ, ਪਰ ਉਨ੍ਹਾਂ ਨੇ ਪਿਛਲੇ 10 ਸਾਲਾਂ ਤੋਂ ਕੋਈ ਵੀ ਅਰਬਨ ਅਸਟੇਟ ਤਿਆਰ ਨਹੀਂ ਕੀਤੀ। ਕੁਝ ਅਥਾਰਟੀਆਂ ਆਪਟੀਮਮ ਯੂਜ਼ ਆਫ਼ ਦਾ ਵੇਕੈਂਟ ਗੌਰਮਿੰਟ ਲੈਂਡ ਸਕੀਮ ਤਹਿਤ ਵਿਕਸਤ ਪ੍ਰੋਜੈਕਟਾਂ ਤੋਂ ਸੀਮਤ ਵਿਕਰੀ ਆਮਦਨ 'ਤੇ ਨਿਰਭਰ ਕਰਦੀਆਂ ਹਨ।

ਜ਼ਿਆਦਾਤਰ ਵਿਕਾਸ ਅਥਾਰਟੀਆਂ ਸਾਲਾਂ ਤੋਂ ਆਪਣੀ ਨਿਰਧਾਰਤ ਭੂਮਿਕਾ ਨਿਭਾਉਣ ਵਿੱਚ ਅਸਫਲ ਰਹੀਆਂ ਹਨ, ਜਿਸ ਕਾਰਨ ਨਾਜਾਇਜ਼ ਕਲੋਨੀਆਂ ਦਾ ਵੱਡੇ ਪੱਧਰ 'ਤੇ ਵਿਕਾਸ ਹੋਇਆ ਹੈ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਸਮਾਜਿਕ ਕਦਰਾਂ ਕੀਮਤਾਂ ਦੀ ਗੱਲ ਕਰਨ ਵਾਲਾ ਲੇਖਕ



ਅੰਸ਼ ਸਾਗਰ
87086-52098

ਮੰਡੀ ਡੱਬਵਾਲੀ 'ਚ ਜਨਮਿਆ ਪਲ਼ਿਆ ਅੰਸ਼ ਅਰੋੜਾ ਆਪਣੇ ਸੁਫ਼ਨੇ ਨੂੰ ਵਿਸ਼ਾਲਤਾ ਦਿੰਦਾ ਕਦੇ ਕਵੀ, ਗਾਇਕ, ਅਦਾਕਾਰ ਤੇ ਕਦੇ ਸਮਾਜ ਸੇਵੀ ਹੁੰਦਾ ਅੱਗੇ ਵਧਦਾ ਹੋਇਆ ਅੰਸ਼ ਸਾਗਰ ਹੋ ਗਿਆ। ਮਾਂ ਡਿੰਪਲ ਤੋਂ ਮਿਲੀ ਸੰਗੀਤਕ ਗੁੜ੍ਹਤੀ ਨੇ ਸਹਿਜ ਸੁਭਾਅ ਹੀ ਬਾਲ ਅੰਸ਼ ਦਾ ਰੁਝਾਨ ਸੰਗੀਤ ਵੱਲ ਕਰਨਾ ਸ਼ੁਰੂ ਕਰ ਦਿੱਤਾ। ਸਗੀਤ ਹੌਲੀ-ਹੌਲੀ ਰੂਹ ਦੀ ਖ਼ੁਰਾਕ ਬਣ ਗਿਆ। ਅੰਸ਼ ਦਾ ਸੁਪਨਾ ਸੰਗੀਤ ਵਿਚ ਹੀ ਆਪਣਾ ਨਾਂ ਬਣਾਉਣ ਦਾ ਬਣ ਗਿਆ। ਇਕ ਵਾਰ ਹਰ ਸਮੇਂ ਸੰਗੀਤਕ ਧੁਨਾਂ 'ਚ ਗਵਾਚੇ ਅੰਸ਼ ਨੂੰ ਪਿਤਾ ਪਵਨ ਕੁਮਾਰ ਪੁੱਛਿਆ ਕਿ ਕੀ ਬਣਨਾ ਹੈ ਤਾਂ ਉਹੀ ਪੁਰਾਣਾ ਮਾਸੂਮ ਜਵਾਬ ਸੀ 'ਗਾਇਕ'। ਉਮਰ ਦੇ ਨਾਲ-ਨਾਲ ਸਵਾਲ ਦਾ ਅਸਰ ਗਹਿਰਾ ਹੁੰਦਾ ਗਿਆ। ਸਵਾਲ ਭਾਵੇਂ ਉਹੀ ਰਿਹਾ ਪਰ ਜਵਾਬ ਬਦਲ ਕੇ ਪਾਇਲਟ ਬਣ ਜਾਣ 'ਤੇ ਰੁਕਣ ਲੱਗਾ। ਜਵਾਬ ਬਦਲਣ ਨਾਲ ਦਿਲ ਤਾਂ ਨਹੀਂ ਬਦਲਦੇ ਪਰ ਫੇਰ ਵੀ ਅੰਸ਼ ਸਾਗਰ ਨਾਨ-ਮੈਡੀਕਲ ਦੀ ਪੜ੍ਹਾਈ ਲਈ ਤਿਆਰ ਹੋ ਗਿਆ। ਆਈਆਈਟੀ ਦੀ ਤਿਆਰੀ ਲਈ ਦੋ ਸਾਲ ਲਈ ਕੋਟਾ ਵੀ ਭੇਜਿਆ ਗਿਆ ਪਰ ਮਨ ਕਿਤੇ ਹੋਰ ਅਟਕਿਆ ਸੀ। ਇਸ ਦਾ ਅਸਰ ਪ੍ਰੀਖਿਆ ਦੇ ਨਤੀਜਿਆਂ 'ਤੇ ਵੀ ਸਾਫ਼ ਦਿਖਿਆ। ਕੁਝ ਨਾ ਹੁੰਦਾ ਵੇਖ ਮਲੋਟ ਵਿਚ ਐੱਮਐੱਮ ਆਈਟੀ ਕਾਲਜ ਤੋਂ ਮਕੈਨੀਕਲ ਇੰਜੀਨਿਰਿੰਗ ਕੀਤੀ। ਇਸ ਦਾ ਸਿਹਰਾ ਵੀ ਅੰਸ਼ ਬੜੀ ਸਾਫ਼ਗੋਈ ਨਾਲ ਆਪਣੇ ਮਿੱਤਰ ਅਮਰਜੀਤ ਦੇ ਸਿਰ ਬੰਨ੍ਹਦਾ ਹੈ ਜਿਸ ਦੀ ਮਦਦ ਨਾਲ ਉਹ ਕਈ ਔਖੇ-ਔਖੇ ਵਿਸ਼ਿਆਂ ਵਿੱਚੋਂ ਪਾਸ ਹੁੰਦਾ ਰਿਹਾ ਤੇ ਇੰਜਿਨਰਿੰਗ ਦੀ ਪੜ੍ਹਾਈ ਵਕਤ ਰਹਿੰਦੇ ਪੂਰੀ ਕੀਤੀ। ਕਾਲਜ 'ਚ ਹੁੰਦੇ ਯੁਵਕ ਮੇਲਿਆਂ ਵਿਚ ਅੰਸ਼ ਨੇ ਹਰ ਵਾਰ ਵੱਧ ਚੜ੍ਹ ਕੇ ਹਿੱਸਾ ਲਿਆ। ਆਪਣੀਆਂ ਲਿਖੀਆਂ ਕਵਿਤਾਵਾਂ ਪੜ੍ਹਨ ਲਈ ਦੋ ਵਾਰ ਵਿਸ਼ਵਵਿਦਿਆਲੇ ਤੋਂ ਸੋਨ ਤਗਮੇਂ ਵੀ ਜਿੱਤੇ। ਪਿਤਾ ਨੂੰ ਐੱਮਟੈਕ ਦੀ ਥਾਂ ਐੱਮਏ ਉਰਦੂ ਕਰਨ ਲਈ ਮਨਾ ਕੇ ਅੰਸ਼ ਨੇ ਆਪਣਾ ਰੁੱਖ ਚੰਡੀਗੜ੍ਹ ਵੱਲ ਕਰ ਲਿਆ। ਮਾਣਦੇ ਹਾਂ ਉਸ ਦੀਆਂ ਕਵਿਤਾਵਾਂ ਦਾ ਰੰਗ।

• ਗੁਰਪ੍ਰੀਤ ਮਾਨ
98786-12757

### ਕਵਿਤਾ

## ਗੁੱਡੀਆਂ ਪਟੋਲੇ

ਬਾਪੂ ਸਿਰ ਰੱਖਿਆ ਤੈਅ ਤਾਜ ਕੁੜੇ ਦਾਜ ਦਾ
ਬਾਪੂ ਤੋਂ ਨਾ ਉੱਤੇ ਹੁੰਦੀ ਪੱਤ ਕਿਸੇ ਹੋਰ ਦੀ
ਗੁੱਡੀ ਤੂੰ ਤਾਂ ਸੱਖਣੀ ਸੱਜ ਬੈਠ ਡੋਲੀ ਨੀ
ਵੀਰ ਤੇਰਾ ਸਾਂਭ ਲਉ ਹਨੇਰੇ ਘਨਘੋਰ ਨੀ
ਤੇਰੇ ਬਿਨਾਂ ਸੁੰਨਾ ਸਾਨੂੰ ਲੱਗਣਾ ਏ ਵਿਹੜਾ ਨੀ
ਇਕ ਅੱਧਾ ਘਰ ਵਿਚ ਘੱਟ ਲੱਗੂ ਗੇੜਾ ਵੀ
ਸਹੁਰਿਆਂ ਦਾ ਘਰ ਭਾਵੇਂ ਆਪਣਾ ਕਹਾਵੇਂਗੀ
ਰਹੇਂਗੀ ਜਿੱਥੇ ਤੂੰ, ਦਿਲ ਓਥੇ ਲਾਵੇਂਗੀ
ਧੀਏ ਤੂੰ ਕੁਆਰੀ ਸੀ ਮੈਂ ਢੂੰਡਦਾ ਸੀ ਵਰ ਤੇਰੇ ਲਈ
ਸ਼ਗਨਾਂ ਦੇ ਦਿਨ ਰੋਕਾਂ ਹੰਜੂਆਂ ਦੇ ਹੜ੍ਹ ਨੂੰ
ਬੀਤ ਜਾਂਦੀ ਰਾਤ ਸਾਡੀ ਹਾਸਿਆਂ ਤੋਂ ਓਹਲੇ ਨੀ
ਯਾਦ ਤੈਨੂੰ ਆਉਂਦੇ ਹੋਣੇ ਗੁੱਡੀਆਂ ਪਟੋਲੇ ਨੀ।



ਸਾਡਾ ਪਤਾ ਹੈ-
ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

ਸੁਖਰਾਜ ਸਿੰਘ ਚਹਿਲ

# ਬਿਗਾਨੇ ਮੁਲਕ ਜਾਣ ਦੀ ਲਾਲਸਾ



ਅਜੋਕੇ ਸਮੇਂ ਵਿਚ ਰੰਗਲੇ ਪੰਜਾਬ ਦੇ ਬਹੁਗਿਣਤੀ ਪੰਜਾਬੀਆਂ ਦੀ ਚਾਹਤ ਵਿਦੇਸ਼ਾਂ ਵਿਚ ਜਾ ਕੇ ਰਹਿਣ ਦੀ ਬਣੀ ਹੋਈ ਹੈ। ਹਰ ਵਿਅਕਤੀ ਕਿਸੇ ਨਾ ਕਿਸੇ ਢੰਗ ਨਾਲ ਆਪਣਾ ਘਰ-ਬਾਰ ਛੱਡ ਕੇ ਸੱਤ ਸਮੁੰਦਰੋਂ ਪਾਰ, ਚੰਗੀ ਜ਼ਿੰਦਗੀ ਜਿਊਣ ਲਈ ਕਾਹਲਾ ਹੈ। ਇੱਥੇ ਤਾਂ ਸਿਰਫ਼ ਉਹੀ ਲੋਕ ਰਹਿਣ ਲਈ ਮਜਬੂਰ ਹਨ, ਜਿਨ੍ਹਾਂ ਦਾ ਵਿਦੇਸ਼ ਜਾਣ ਲਈ ਕੋਈ ਜ਼ਰੀਆ ਨਹੀਂ ਬਣਦਾ। ਲੱਖਾਂ ਰੁਪਏ ਖ਼ਰਚ ਕੇ ਲੋਕ ਆਪਣਾ ਮੁਲਕ ਛੱਡਣ ਲਈ ਤਿਆਰ ਹਨ ਕਿਉਂਕਿ ਉਹ ਇੱਥੋਂ ਦੇ ਸਿਸਟਮ ਤੋਂ ਪਰੇਸ਼ਾਨ ਹਨ। ਜਿਸ ਕਰਕੇ ਉਹ ਵਿਦੇਸ਼ੀ ਪਰਵਾਸ ਨੂੰ ਹੀ ਆਪਣਾ ਮਿਸ਼ਨ ਸਮਝ ਰਹੇ ਹਨ। ਇਹ ਸਾਡੇ ਦੇਸ਼ ਜਾਂ ਸੂਬੇ ਲਈ ਕੋਈ ਚੰਗੀ ਪ੍ਰਾਪਤ ਦਾ ਸੰਕੇਤ ਨਹੀਂ ਬਲਕਿ ਇਹ ਤਾਂ ਸਾਡੇ ਮੁਲਕ ਲਈ ਚਿੰਤਨ ਕਰਨ ਵਾਲੀ ਗੱਲ ਹੈ। ਮੁਲਕ ਵਿਚ ਜੇ ਕਮੀਆਂ ਹੋਣਗੀਆਂ ਤਾਂ ਹੀ ਲੋਕ ਆਪਣਾ ਸਭ ਕੁਝ ਛੱਡ ਕੇ ਬਿਗਾਨੇ ਮੁਲਕਾਂ ਵਿਚ ਸੈਟਲ ਹੋਣ ਲਈ ਉਤਾਵਲੇ ਹਨ।

### ਲੜਕੀ ਦੀ ਪੜ੍ਹਾਈ ਦਾ ਖ਼ਰਚਾ

ਚੰਗੇ ਅੰਕ ਆਉਣ ਉਪਰੰਤ ਉਸ ਦੇ ਵਿਆਹ ਲਈ ਕੋਈ ਲੜਕਾ ਦੇਖਿਆ ਜਾਂਦਾ ਹੈ ਤਾਂ ਇਹ ਸ਼ਰਤ ਰੱਖੀ ਜਾਂਦੀ ਹੈ ਕਿ ਵਿਆਹ ਅਤੇ ਵਿਦੇਸ਼ ਭੇਜਣ ਅਤੇ ਉੱਥੋਂ ਦੀ ਪੜ੍ਹਾਈ ਦਾ ਸਾਰਾ ਖ਼ਰਚਾ ਲੜਕੇ ਪਰਿਵਾਰ ਨੂੰ ਕਰਨਾ ਪਵੇਗਾ। ਲੋਕ ਵਿਦੇਸ਼ ਜਾਣ ਦੇ ਚਾਹਵਾਨ ਹੋਣ ਕਾਰਨ ਸਾਰੀਆਂ ਸ਼ਰਤਾਂ ਕਬੂਲ ਕੇ ਵਿਆਹ ਤੋਂ ਲੈ ਕੇ ਵਿਦੇਸ਼ੀ ਪੜ੍ਹਾਈ ਤਕ ਦੇ ਸਾਰੇ ਖ਼ਰਚੇ ਲੜਕੇ ਵਾਲੇ ਕਰਦੇ ਹਨ। ਇਹ ਹੁਣ ਰਿਵਾਜ ਬਣਦਾ ਜਾ ਰਿਹਾ ਹੈ।

ਹੁਣ ਇੱਥੇ ਰਹਿਣ ਵਾਲੀਆਂ ਲੜਕੀਆਂ ਦੀ ਮੰਗ ਲਗਾਤਾਰ ਘੱਟਦੀ ਜਾ ਰਹੀ ਹੈ। ਹੁਣ ਵਿਚੋਲਿਆਂ ਕੋਲ ਜ਼ਿਆਦਾਤਰ ਆਈਲੈਟਸ ਪਾਸ ਲੜਕੀਆਂ ਦੇ ਰਿਸ਼ਤਿਆਂ ਦੀ ਗਿਣਤੀ ਵਧੇਰੇ ਹੈ। ਅਜਿਹੇ ਰਿਸ਼ਤਿਆਂ 'ਚ ਵਿਚੋਲਿਆਂ ਦੀ ਵੀ ਚਾਂਦੀ ਬਣ ਰਹੀ ਹੈ ਕਿਉਂਕਿ ਉਹ ਰਿਸ਼ਤੇ ਕਰਵਾਉਣ ਦਾ ਮੋਟਾ ਕਮਿਸ਼ਨ ਵਸੂਲਦੇ ਹਨ। ਕਈ ਲੋਕ ਰਿਸ਼ਤਾ ਕਰਨ ਤੋਂ ਪਹਿਲਾਂ ਇਹ ਗੱਲ ਕਰਦੇ ਹਨ ਕਿ ਜੇਕਰ ਉਹ ਆਪਣੇ ਲੜਕੇ ਜਾਂ ਲੜਕੀ ਨੂੰ ਆਈਲੈਟਸ ਕਰਵਾਉਣ ਤਾਂ ਹੀ ਰਿਸ਼ਤੇ ਦੀ ਗੱਲ ਅੱਗੇ ਤੁਰੇਗੀ।

### ਆਈਲੈਟਸ ਨੂੰ ਤਰਜੀਹ

ਅਜਿਹਾ ਵਰਤਾਰਾ ਦੇਖ ਲੋਕ ਲੜਕੀਆਂ ਨੂੰ ਆਈਲੈਟਸ ਕਰਵਾਉਣ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। 60 ਤੋਂ 70 ਪ੍ਰਤੀਸ਼ਤ ਰਿਸ਼ਤੇ ਵਿਦੇਸ਼ੀ ਪਰਵਾਸ 'ਤੇ ਕੇਂਦਰਿਤ ਹੋ ਗਏ ਹਨ। ਜਿਸ ਕਰਕੇ ਹੁਣ ਇੱਧਰ ਰਹਿੰਦੇ ਲੜਕਿਆਂ ਅਤੇ ਲੜਕੀਆਂ ਦੀ ਪੁੱਛਗਿੱਛ ਘੱਟ ਗਈ ਹੈ। ਜਿਹੜੇ ਲੜਕੇ ਮੱਧਵਰਗੀ ਪਰਿਵਾਰ ਨਾਲ ਸਬੰਧਿਤ ਹਨ ਜਾਂ ਇਸ ਤੋਂ ਹੇਠਲੀ ਕਤਾਰ ਵਿਚ ਆਉਂਦੇ ਹਨ ਉਨ੍ਹਾਂ ਲਈ ਇਹ ਵਰਤਾਰਾ ਸਾਰਥਿਕ ਨਹੀਂ ਸਿੱਧ ਹੋ ਰਿਹਾ ਕਿਉਂਕਿ ਉਹ ਕਿਸੇ ਨੂੰ ਵਿਦੇਸ਼ ਭੇਜਣ 'ਤੇ ਖ਼ਰਚਾ ਨਹੀਂ ਕਰ ਸਕਦੇ ਤੇ ਇੱਧਰ ਉਨ੍ਹਾਂ ਨੂੰ ਆਮ ਰਿਸ਼ਤਾ ਮਿਲਣ ਵਿਚ ਦਿੱਕਤ ਆਉਂਦੀ ਹੈ ਕਿਉਂਕਿ ਹੁਣ ਲੜਕੀਆਂ ਵਿਦੇਸ਼ ਵੱਲ ਜਾ ਰਹੀਆਂ ਹਨ। ਜਿਸ ਕਾਰਨ ਉਹ ਵਧੇਰੇ ਚਿੰਤਤ ਹਨ। ਜਿੱਥੇ ਲੜਕੀਆਂ ਦੀ ਆਈਲੈਟਸ ਕਰਨ ਵਿਚ ਰੁੱਚੀ ਵਧੀ ਹੈ ਉੱਥੇ ਹੀ ਜਿਹੜੇ ਲੜਕੇ ਸਰਦੇ-ਪੁਜਦੇ ਹਨ, ਉਹ ਵੀ ਆਈਲੈਟਸ ਕਰਕੇ ਵਿਦੇਸ਼ ਜਾਣ ਲਈ ਉਤਾਵਲੇ ਹਨ। ਉਹ ਵੀ ਵਿਦੇਸ਼ ਰਹਿੰਦੀ ਕੁੜੀ ਜਾਂ ਫਿਰ ਇਧਰੋਂ ਆਈਲੈਟਸ ਪਾਸ ਲੜਕੀ ਲਈ ਤਲਾਸ਼ ਕਰਦੇ ਹਨ। ਨੌਜਵਾਨਾਂ ਦੀ ਆਈਲੈਟਸ ਕਰਨ ਵੱਲ ਵਧੀ ਦਿਲਚਸਪੀ ਕਾਰਨ ਹੁਣ ਹਰ ਜਗ੍ਹਾ ਉੱਪਰ ਆਈਲੈਟਸ ਕਰਵਾਉਣ ਵਾਲੇ ਕੇਂਦਰਾਂ ਦੀ ਭਰਮਾਰ ਹੈ। ਜਿੱਥੇ ਦੇਖੋ ਆਈਲੈਟਸ ਵਾਲੇ ਸਕੂਲ, ਕਾਲਜ ਨਜ਼ਰੀਂ ਪੈਂਦੇ ਹਨ। ਹਰ ਕੇਂਦਰ ਵਿਚ ਆਈਲੈਟਸ ਕਰਨ ਵਾਲੇ ਵਿਦਿਆਰਥੀਆਂ ਦਾ ਤਾਂਤਾ ਲੱਗਿਆ ਹੋਇਆ ਹੈ।

> ### *ਵਿਦੇਸ਼ ਜਾਣ ਦੇ ਤਰੀਕੇ*
> *ਲੋਕ ਵਿਦੇਸ਼ ਜਾਣ ਲਈ ਅਲੱਗ-ਅਲੱਗ ਤਰੀਕੇ ਅਪਨਾਉਂਦੇ ਹਨ। ਪਹਿਲਾਂ ਜ਼ਿਆਦਾਤਰ ਲੋਕਾਂ ਵਿਚ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣਾ ਜਾਂ ਏਜੰਟਾਂ ਰਾਹੀਂ ਵਿਦੇਸ਼ ਦਾ ਰਾਹ ਅਖ਼ਤਿਆਰ ਕਰਨਾ ਅਤੇ ਕੋਈ ਆਪਣੇ ਸਾਕ-ਸਬੰਧੀਆਂ ਰਾਹੀਂ ਜਹਾਜ਼ ਚੜ੍ਹ ਜਾਂਦਾ ਆਦਿ ਜਿਹੀਆਂ ਗੱਲਾਂ ਸੁਣਨ ਨੂੰ ਮਿਲਦੀਆਂ ਸਨ। ਜ਼ਿਆਦਾਤਰ ਲੋਕ ਵਿਆਹ ਦਾ ਸਹਾਰਾ ਲੈ ਕੇ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਹਨ, ਜਿਸ ਕਾਰਨ ਹੁਣ ਲੜਕੀ ਵਾਲੇ ਕੁਝ ਰੁਪਏ ਲਾ ਕੇ ਆਪਣੀ ਲੜਕੀ ਨੂੰ ਆਈਲੈਟਸ ਕਰਵਾ ਦਿੰਦੇ ਹਨ।*

### ਸਿਸਟਮ ਤੋਂ ਪਰੇਸ਼ਾਨ ਇਨਸਾਨ

ਚੰਗੇ ਕਾਰੋਬਾਰੀ, ਚੰਗੀਆਂ ਜ਼ਮੀਨਾਂ ਜਾਇਦਾਦਾਂ ਅਤੇ ਸਰਕਾਰੀ ਨੌਕਰੀ ਪੇਸ਼ੇ ਨਾਲ ਸਬੰਧਿਤ ਲੋਕ ਆਪਣੇ ਬੱਚਿਆਂ ਨੂੰ ਵਿਦੇਸ਼ਾਂ ਵੱਲ ਧੱਕ ਰਹੇ ਹਨ ਕਿਉਂਕਿ ਇੱਥੋਂ ਦੇ ਸਿਸਟਮ ਤੋਂ ਹਰੇਕ ਇਨਸਾਨ ਪਰੇਸ਼ਾਨ ਹੈ। ਨੌਜਵਾਨਾਂ ਤੇ ਆਮ ਲੋਕਾਂ ਦਾ ਆਪਣਾ ਮੁਲਕ ਛੱਡ ਵਿਦੇਸ਼ ਜਾਣਾ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆਂ ਚਿੰਨ੍ਹ ਲਗਾਉਂਦਾ ਹੈ ਕਿਉਂਕਿ ਨੌਜਵਾਨਾਂ ਨੂੰ ਚੰਗੀਆਂ ਪੜ੍ਹਾਈਆਂ ਕਰ ਕੇ ਇੱਥੇ ਰੁਜ਼ਗਾਰ ਨਹੀਂ ਮਿਲਦਾ, ਜੇਕਰ ਮਿਲਦਾ ਹੈ ਤਾਂ ਤਨਖਾਹਾਂ ਨਿਗੂਣੀਆਂ ਮਿਲਦੀਆਂ ਹਨ ਤੇ ਕੰਮ ਵਧੇਰੇ ਲਿਆ ਜਾਂਦਾ ਹੈ। ਜਿਸ ਕਾਰਨ ਲੋਕ ਇਹ ਗੱਲ ਸੋਚਦੇ ਹਨ ਕਿ ਇਕ ਵਾਰ ਪੈਸੇ ਖ਼ਰਚਾ ਕਰਕੇ ਸਾਰੀ ਜ਼ਿੰਦਗੀ ਸਰੁੱਖਿਅਤ ਹੋ ਜਾਂਦੀ ਹੈ। ਰੁਜ਼ਗਾਰ ਤੋਂ ਇਲਾਵਾ ਜੇਕਰ ਕੋਈ ਆਪਣਾ ਕੰਮਕਾਰ ਕਰਦਾ ਹੈ ਤਾਂ ਉਸ ਨੂੰ ਅਨੇਕਾਂ ਟੈਕਸਾਂ, ਮਹਿੰਗਾਈ ਆਦਿ ਦੀ ਮਾਰ ਪੈ ਜਾਂਦੀ ਹੈ ਜਿਸ ਕਾਰਨ ਉਸ ਦਾ ਰੁਜ਼ਗਾਰ ਠੱਪ ਹੋ ਜਾਂਦਾ ਹੈ। ਲੋਕ ਟੈਕਸ ਦੇਣ ਨੂੰ ਤਿਆਰ ਹਨ ਪਰ ਉਸ ਦੇ ਮੁਕਾਬਲੇ ਸਹੂਲਤਾਂ ਵੀ ਦਿੱਤੀਆਂ ਜਾਣ। ਬਾਕੀ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਲੋਕਾਂ ਦੀ ਵਿਦੇਸ਼ ਜਾਣ ਦੀ ਗਤੀ ਹੋਰ ਤੇਜ਼ ਹੁੰਦੀ ਹੈ ਜਾਂ ਸਰਕਾਰਾਂ ਪ੍ਰਬੰਧ ਕਰਨਗੀਆਂ ਜਿਸ ਨਾਲ ਨੌਜਵਾਨ ਵਰਗ ਮੁੜ ਤੋਂ ਆਪਣੇ ਮੁਲਕ ਵੱਲ ਮੂੰਹ ਕਰੇਗਾ। •

97810-48055

## ਪੱਤਰ ਹਰੇ ਕਚੂਰ

# ਸਮਾਜ ਸੇਵਾ ਨੂੰ ਸਮਰਪਿਤ ਸ਼ਾਇਰ



ਪਰਮਜੀਤ ਰਾਮਗੜ੍ਹੀਆ

ਸਾਹਿਤਕ ਵਿਧਾਵਾਂ ਤੇ ਸ਼ਿਲਪਕਲਾ ਦਾ ਮਾਹਿਰ ਪਰਮਜੀਤ ਹੋਰ ਅਨੇਕਾਂ ਬਹੁਕਲਾਵਾਂ ਦੇ ਧਾਰਨੀ ਹੈ। ਕਿੱਤੇ ਵਜੋਂ ਅਧਿਆਪਨ ਦੇ ਕਾਰਜ ਵਿਚ ਆਪਣੇ ਵਿਸ਼ੇ ਵਿਚ ਨਿਪੁੰਨ ਪਰਮਜੀਤ ਨੇ ਸਾਲ 2014 ਵਿਚ ਡਰਾਇੰਗ ਵਿਸ਼ੇ ਵਿਚ ਨਵੀਂ ਖੋਜ ਕਰਦਿਆਂ, ਇਸ ਵਿਸ਼ੇ ਦਾ ਸਿਲੇਬਸ ਬਣਾ ਸਭ ਨੂੰ ਅਚੰਭਿਤ ਕਰ ਦਿੱਤਾ। ਜਿਸ ਨੂੰ ਪੰਜਾਬ ਦੇ ਮਾਨਯੋਗ ਡੀਜੀਐੱਸਈ ਵੱਲੋਂ ਮਨਜ਼ੂਰ ਕੀਤਾ ਗਿਆ। ਆਲ ਇੰਡੀਆ ਰੇਡੀਓ ਜਲੰਧਰ, ਬਠਿੰਡਾ ਤੋਂ ਕਈ ਕਵੀ ਤੇ ਕਹਾਣੀ ਦਰਬਾਰਾਂ ਵਿਚ ਕਵਿਤਾ ਪਾਠ ਤੇ ਮਿੰਨੀ ਕਹਾਣੀਆਂ ਪੜ੍ਹੀਆਂ। ਪਰਮਜੀਤ ਦੀ ਮਿੰਨੀ ਕਹਾਣੀ 'ਸ਼ਿਕਾਰ' ਨੂੰ ਅੰਤਰਰਾਸ਼ਟਰੀ ਅਵਾਰਡ ਵੀ ਮਿਲਿਆ। ਉਸ ਦੀਆਂ ਰਚਨਾਵਾਂ ਵਿਚੋਂ ਮਨੁੱਖੀ ਦਰਦ ਆਪ-ਮੁਹਾਰੇ ਬੋਲਦਾ ਹੈ। ਉਹ ਆਪਮੇ ਤੋਂ ਗੱਲ ਸ਼ੁਰੂ ਕਰਕੇ ਪਰ ਦੇ ਦੁੱਖਾਂ-ਸੁੱਖਾਂ ਦੀ ਬਾਤ ਪਾਉਂਦਾ ਹੈਸ਼ ਪਰਮਦਾਤ ਦੇ ਕੰਮਾਂ ਨੂੰ ਦੇਖ ਦੇ ਹੋਏ ਪੰਜਾਬ ਸਰਕਾਰ ਨੇ ਸਾਲ 2014 ਵਿਚ ਸਟੇਟ ਅਵਾਰਡ ਨਾਲ ਨਾਲ ਸਨਮਾਨਿਆ। ਬੇਸ਼ੱਕ ਪਰਮਜੀਤ ਦੀ ਕਲਮ 1988 ਤੋਂ ਲਗਾਤਾਰ ਲਿਖ ਰਹੇ ਪਰਮਜੀਤ ਦੀਆਂ ਚਾਰ ਕਿਤਾਬਾਂ ਦਾ ਮੈਟਰ ਛਪਣ ਲਈ ਤਿਆਰ ਪਿਆ ਹੈ। ਉਸ ਦਾ ਇਕ ਕਾਵਿ ਸੰਗ੍ਰਹਿ 'ਮਘਦੇ ਹਰਫ਼' ਛਪ ਚੁੱਕਾ ਹੈ। ਜਿਸ ਦੀ ਪ੍ਰਸ਼ੰਸਾ ਸਾਹਿਤਕ ਖੇਤਰ ਵਿਚ ਹੋ ਚੁੱਕੀ ਹੈ। ਉਸ ਇਕ ਪਾਠਕ ਵਰਗ ਹੈ। ਆਉ ਮਾਣ ਦੇ ਹਾਂ ਉਸ ਦੀ ਰਚਨਾ ਦਾ ਅਨੰਦ।

• ਗੁਰਬਾਜ ਗਿੱਲ
98723-62507

### ਨਜ਼ਮਾਂ

## ਦੁਆ ਕਰਿਓ



ਦੁਆ ਕਰਿਓ ਪੰਜਾਬ ਮੇਰੇ 'ਚ ਸਭ ਸੁੱਖ ਹੋਵੇ,
ਫੁੱਲਾਂ ਦੇ ਵਾਂਗ ਮਹਿਕਾਂ ਵੰਡਦਾ ਹਰ ਮੁੱਖ ਹੋਵੇ।

ਦਿਓ ਸੁਨੇਹਾ ਜਨ ਨੂੰ ਕਿ ਸ਼ਾਂਤੀ ਬਣੀ ਰਹੇ,
ਟੁੱਟੇ ਨਾ ਕੋਈ ਕਹਿਰ ਅਜਿਹਾ ਕਿ ਦੁੱਖ ਹੋਵੇ।

ਕਲੀਆਂ ਵਰਗੇ ਕੋਮਲ ਰੂਪ ਰੱਬ ਦੇਵੇ ਬੱਚੇ,
ਇਨ੍ਹਾਂ ਬਾਝੋਂ ਸੁੰਨੀ ਨਾ ਕਿਸੇ ਮਾਂ ਦੀ ਕੁੱਖ ਹੋਵੇ।

ਫੁੱਲਾਂ ਤੋਂ ਬਿਨਾਂ ਬਗ਼ੀਚਾ ਵੀ ਕਦੇ ਸੋਹੇ ਨਾ,
ਰੋਹੀ ਵਿਚ ਇਕੱਲਾ ਕਦੇ ਨਾ ਕੋਈ ਰੁੱਖ ਹੋਵੇ।

ਹਰ ਕਾਮੇ ਦੇ ਜੀਅ ਨੂੰ ਮਿਲਦੀ ਹੋਵੇ ਰੋਟੀ,
ਗ਼ਰੀਬ ਦੀ ਮੌਤ ਕਦੇ ਨਾ ਉਸ ਦੀ ਭੁੱਖ ਹੋਵੇ।

ਕਈ ਦਿਨਾਂ ਤੋਂ ਪਤਾ ਨ੍ਹੀਂ ਕਿਉਂ ਅੱਖ ਫਰਕੇ,
ਰੱਬਾ ਦੁਆ ਹੈ ਦੁਸ਼ਮਣ ਘਰ ਵੀ ਸੁੱਖ ਹੋਵੇ।

ਪਰਮਾਤਮਾ ਕਦੇ ਨਾ ਐਸੀ ਹਨ੍ਹੇਰੀ ਝੁੱਲੇ,
ਕਿ ਅੰਮੜੀ ਦਾ ਸੀਨਾ ਕਿਸੇ ਵਜ੍ਹਾ ਕੋਈ ਦੁੱਖ ਹੋਵੇ।

ਸੁਖਵੀਰ ਘੁਮਾਣ ਦਿੜਬਾ

# ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ



ਲੋਕ-ਗੀਤਾਂ ਦੀ ਯਾਤਰਾ ਮਨੁੱਖ ਦੀਆਂ ਮੂਲ-ਪ੍ਰਵਿਰਤੀਆਂ ਦੀ ਹੀ ਵਿਕਾਸ ਗਾਥਾ ਹੈ। ਪੁਰਾਤਨ ਹੋਣ ਦੇ ਬਾਵਜੂਦ ਵੀ ਲੋਕ-ਗੀਤ ਸਮੇਂ ਦੀ ਸੀਮਾਂ ਤੋਂ ਪਾਰਗਾਮੀ ਹੁੰਦੇ ਹਨ । ਲੋਕ ਗੀਤ ਦੀ ਵਿਸ਼ੇਸਤਾ ਇਹ ਹੁੰਦੀ ਹੈ ਕਿ ਇਹ ਲੋਕਾਂ ਦੇ ਬੁੱਲ੍ਹਾਂ 'ਤੇ ਸਹਿਜ ਸੁਭਾਅ ਯਾਤਰਾ ਕਰਦਾ ਰਹਿੰਦਾ ਹੈ। ਲੋਕ ਕਿੱਤੇ, ਲੋਕ ਸੰਸਕਾਰ, ਲੋਕ ਰਹੁ ਰੀਤਾਂ ਮਨੁੱਖੀ ਜ਼ਬਾਨ ਰਾਹੀਂ ਲੋਕ ਗੀਤਾਂ ਵਿਚ ਢਲ ਜਾਂਦੇ ਹਨ। ਹਰ ਸੱਭਿਆਚਾਰ, ਸੰਸਕ੍ਰਿਤੀ ਤੇ ਉਸ ਦੀ ਸਥਾਨਕ ਭਾਸ਼ਾ ਵਿਚ ਲੋਕ ਗੀਤ ਜਨਮ ਲੈਂਦੇ ਹਨ। ਲੋਕ ਗੀਤ ਲੋਕ ਜੀਵਨ ਦਾ ਝਰੋਖਾ ਹੁੰਦੇ ਹਨ ਜਿਸ ਵਿੱਚੋਂ ਸਮੁੱਚਾ ਲੋਕ ਜੀਵਨ ਨਜ਼ਰੀ ਪੈਂਦਾ ਹੈ। ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ 'ਪੰਜਾਬ ਦਾ ਲੋਕ ਕਾਵਿ ਤਾਂ ਹੈ ਹੀ ਉਨ੍ਹਾਂ ਅਣਗਿਣਤ ਅਗਿਆਤ ਕਵੀਆਂ ਦੀ ਕਿਰਤ ਜੋ ਕੁਦਰਤ ਦੀ ਗੋਦੀ ਵਿਚ ਜੰਮਦੇ ਪਲਦੇ ਤੇ ਪ੍ਰਵਾਨ ਚੜ੍ਹਦੇ ਰਹੇ। ਜੇ ਅਸੀਂ ਪੰਜਾਬ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਇਹ ਕਹਿਣਾ ਪਵੇਗਾ ਕਿ ਪੰਜਾਬੀ ਲੋਕ ਗੀਤਾਂ ਦਾ ਪਿੜ ਬਹੁਤ ਵੱਡਾ ਹੈ ਜਿਸ ਵਿੱਚੋਂ ਪੰਜਾਬੀ ਰਹਿਣ-ਸਹਿਣ ਅਤੇ ਪੰਜਾਬੀ ਸੱਭਿਆਚਾਰ ਦੇ ਝਲਕਾਰੇ ਡੁੱਲ-ਡੁੱਲ ਪੈਂਦੇ ਹਨ। ਪੰਜਾਬੀ ਲੋਕ ਗੀਤਾਂ ਵਿੱਚੋਂ ਪੰਜਾਬੀ ਲੋਕ ਕਿੱਤਿਆਂ ਦੇ ਨਾਲ-ਨਾਲ, ਪੰਛੀਆਂ ਪ੍ਰਤੀ ਪ੍ਰੇਮ ਦਾ ਜ਼ਿਕਰ ਵੀ ਵਿਸ਼ੇਸ ਤੌਰ 'ਤੇ ਮਿਲਦਾ ਹੈ। ਪੰਛੀਆਂ ਵਰਗੇ ਖੁੱਲ੍ਹੇ ਸੁਭਾਅ ਦੇ ਪੰਜਾਬੀ ਲੋਕ, ਲੋਕ ਗੀਤਾਂ ਦੀ ਭਾਸ਼ਾ ਰਹੀਂ ਪੰਛੀਆਂ ਨਾਲ ਸੰਵਾਦ ਰਚਾਉਂਦੇ ਹਨ। ਪੰਜਾਬੀ ਜਨ-ਜੀਵਨ ਵਿਚ ਪੰਛੀਆਂ ਨੂੰ ਜੀਵਨ ਦਾ ਇਕ ਅੰਗ ਅਤੇ ਦੁੱਖਾਂ-ਸੁੱਖਾਂ ਦਾ ਭਾਵੀਵਾਲ ਵੀ ਮੰਨਿਆਂ ਗਿਆ ਹੈ। ਪੰਛੀਆਂ ਦੀਆਂ ਅਨੇਕਾਂ ਪ੍ਰਜਾਤੀਆਂ ਵਿੱਚੋਂ ਕਾਂ ਨੇ ਪੰਜਾਬੀ ਲੋਕ ਗੀਤਾਂ ਵਿੱਚ ਜ਼ਿਕਰਯੋਗ ਥਾਂ ਮੱਲੀ ਹੋਈ ਹੈ। ਚੁਸਤ ਚਲਾਕ ਵਿਰਤੀ ਦਾ ਇਹ ਪੰਛੀ ਪੰਜਾਬੀ ਲੋਕ ਗੀਤਾਂ ਦੀ ਜ਼ਬਾਨ ਵਿਚ ਆਪਣੀ ਗਹਿਰੀ ਹੋਂਦ ਜਮਾਈਂ ਬੈਠਾ ਹੈ। ਹਮਲਾਵਰ ਅਤੇ ਚੁਸਤ-ਚਲਾਕ ਪ੍ਰਵਿਰਤੀ ਦਾ ਇਹ ਪੰਛੀ ਭਾਵੇਂ ਆਪਣੀਆਂ ਆਦਤਾਂ ਕਾਰਨ ਕੁਝ ਹੱਦ ਤਕ ਬਦਨਾਮ ਵੀ ਹੈ ਪਰ ਫਿਰ ਵੀ ਵੱਡੇ ਰੂਪ ਵਿਚ ਇਸ ਪੰਛੀ ਦੇ ਹਿੱਸੇ ਵਡਿਆਈਆਂ ਹੀ ਆਈਆਂ ਹਨ। ਪੰਜਾਬੀ ਸੱਭਿਆਚਾਰ ਵਿਚ ਕਾਂ ਦਾ ਬਨੇਰੇ 'ਤੇ ਬੋਲਣਾ ਸ਼ੁੱਭ ਸ਼ਗਨ ਮੰਨਿਆਂ ਜਾਂਦਾ ਹੈ। ਕਾਂ ਦਾ ਬਨੇਰੇ 'ਤੇ ਬੋਲਣ ਦੀ ਧਾਰਨਾਂ ਨੂੰ ਘਰ ਵਿਚ ਕਿਸੇ ਪ੍ਰਹੁਣੇ ਦੇ ਆਉਣ ਦਾ ਸੰਦੇਸ਼ ਮੰਨਿਆਂ ਜਾਂਦਾ ਹੈ। ਗੁਆਂਢੀਆਂ ਦੇ ਬਨੇਰੇ 'ਤੇ ਬੋਲਦੇ ਕਾਂ ਵੇਖ ਕੇ ਦੂਜੀ ਗੁਆਂਢਣ ਚਿੰਤਾਤੁਰ ਹੁੰਦੀ ਹੋਈ ਉਸ ਨੂੰ ਆਪਣੇ ਘਰ ਦੇ ਬਨੇਰੇ 'ਤੇ ਬੋਲਣ ਦਾ ਵਾਸਤਾ ਪਾਉਂਦੀ ਹੈ ਤਾਂ ਜੋ ਉਸ ਦੇ ਘਰ ਵੀ ਅੱਜ ਕਿਸੇ ਮਹਿਮਾਨ ਦੀ ਸੱਜਰੀ ਪੈੜ ਪੈ ਸਕੇ। ਇਸ ਦਾ ਵਰਨਣ ਇਸ ਤਰ੍ਹਾਂ ਮਿਲਦਾ ਹੈ :

ਕਦੇ ਸਾਡੇ ਵੀ ਬਨੇਰੇ ਉੱਤੇ ਬੋਲ ਵੇ
ਨਿੱਤ ਬੋਲਦੈਂ ਗੁਆਂਢੀਆਂ ਦੇ ਕਾਵਾਂ...

ਜਦੋਂ ਚਿੱਠੀ ਪੱਤਰ ਯੁੱਗ ਪੂਰਨ ਰੂਪ ਵਿਚ ਹੋਂਦ ਵਿਚ ਨਹੀਂ ਆਇਆ ਸੀ ਤਾਂ ਕਾਵਾਂ ਹੱਥ ਸੁਨੇਹੇ ਘੱਲ ਕੇ ਮਨ ਨੂੰ ਤਸੱਲੀ ਅਤੇ ਧਰਵਾਸ ਦਿੱਤਾ ਜਾਂਦਾ ਸੀ ਕਿਉਂਕਿ ਕਾਂ ਨੂੰ ਚੰਗਾ ਸੰਦੇਸ਼ ਵਾਹਕ ਪੰਛੀ ਮੰਨਿਆਂ ਜਾਂਦਾ ਰਿਹਾ ਹੈ। ਇਸ ਕਰਕੇ ਆਪਣੇ ਮਾਹੀ ਦੀ ਉਡੀਕ ਵਿਚ ਝੱਲੀ ਹੋਈ ਮੁਟਿਆਰ ਅੱਖੀਆਂ ਤੋਂ ਦੂਰ ਵਸਦੇ ਮਾਹੀ ਨੂੰ ਮਿਲਣ ਦੀ ਤਾਂਘ ਵਿਚ ਕਾਵਾਂ ਨੂੰ ਵਾਸਤੇ ਪਾਉਂਦੀ ਹੋਈ ਕਹਿੰਦੀ ਕਿ ਜੇ ਉਹ ਮੇਰੇ ਮਾਹੀ ਤਕ ਮੇਰੀ ਵੇਦਨਾ ਭਰੀ ਉਡੀਕ ਦਾ ਸੁਨੇਹਾਂ ਲੈ ਜਾਵੇ ਤਾਂ ਉਹ ਸ਼ੁਕਰਾਨੇ ਵਜੋਂ ਉਸ ਦੀ ਚੁੰਝ ਸੋਨੇ ਵਿਚ ਮੜ੍ਹਾ ਦੇਵੇਗੀ ਅਤੇ ਸੇਵਾ ਵਜੋਂ ਉਸ ਨੂੰ ਦੇਸੀ ਘਿਓ ਦੀ ਚੂਰੀ ਵੀ ਖਾਣ ਲਈ ਦੇਵੇਗੀ। ਉਡੀਕ ਦੀ ਵੇਦਨਾ ਵਿੱਚੋਂ ਇਹ ਬੋਲ ਜ਼ਬਾਨ ਤੇ ਆਏ :

ਚੁੰਝ ਤੇਰੀ ਵੇ ਕਾਲਿਆ ਕਾਵਾਂ
ਸੋਨੇ ਨਾਲ ਮੜ੍ਹਾਵਾ
ਜਾ ਆਖੀਂ ਮੇਰੇ ਢੋਲ ਸਿਪਾਹੀ ਨੂੰ
ਨਿੱਤ ਮੈਂ ਔਸੀਆਂ ਪਾਵਾਂ
ਖ਼ਬਰਾਂ ਲਿਆ ਕਾਵਾਂ
ਤੈਨੂੰ ਘਿਓ ਦੀ ਚੂਰੀ ਪਾਵਾਂ...

ਸਹੁਰੇ ਘਰ ਵਿਆਹ ਕੇ ਆਈ ਮੁਟਿਆਰ ਦੇ ਮੋਹ ਦੀਆਂ ਤੰਦਾ ਹਮੇਸ਼ਾ ਆਪਣੇ ਮਾਂ, ਪਿਓ ਅਤੇ ਭਰਾਵਾਂ ਦੇ ਪਿਆਰ ਨਾਲ ਜਕੜੀਆਂ ਰਹਿੰਦੀਆਂ ਹਨ। ਸਹੁਰਿਆਂ ਦੇ ਘਰ ਪੇਕੇ ਘਰ ਦੀ ਯਾਦ ਮੁਟਿਆਰ ਦੇ ਕਲੇਜੇ ਖੋਹ ਜਿਹੀ ਪਾਉਂਦੀ ਰਹਿੰਦੀ ਹੈ। ਮਾਂ ਪਿਓ ਅਤੇ ਭਰਾਵਾਂ ਨੂੰ ਮਿਲਣ ਦੀ ਤਾਂਘ ਹਮੇਸ਼ਾ ਉਸ ਦੇ ਮਨ ਵਿਚ ਉੱਸਲਵੱਟੇ ਲੈਂਦੀ ਰਹਿੰਦੀ ਹੈ ਪਰ ਸਹੁਰੇ ਘਰ ਅਤੇ ਪੇਕੇ ਘਰ ਵਿਚਲਾ ਫ਼ਾਸਲਾਂ ਉਸ ਨੂੰ ਸਰ ਕਰਨਾਂ ਔਖਾ ਪ੍ਰਤੀਤ ਹੁੰਦਾ ਹੈ। ਕੋਈ ਵੱਸ ਨਾਂ ਚਲਦਾ ਦੇਖ ਕੇ ਉਸ ਨੂੰ ਕਾਂ ਤੋਂ ਆਸ ਦੀ ਕਿਰਨ ਦਿਖਾਈ ਦਿੰਦੀ ਹੈ ਜੋ ਉਸ ਦਾ ਸੁਨੇਹਾ ਨੂੰ ਉਸ ਦੇ ਪੇਕਿਆਂ ਦੇ ਘਰ ਪਹੁੰਚਾ ਸਕਦਾ ਹੈ। ਭਾਵੇਂ ਕਿ ਪੰਛੀਆਂ ਦੀ ਭਾਸ਼ਾ ਦਾ ਮਨੁੱਖਾ ਦੀ ਭਾਸ਼ਾ ਨਾਲ ਕੋਈ ਮੇਲ ਨਹੀਂ ਪਰ ਕਾਂ ਨਾਲ ਰਚਾਇਆਂ ਸੰਵਾਦ ਮਨ ਨੂੰ ਤਸੱਲੀ ਜ਼ਰੂਰ ਦੇ ਜਾਂਦਾ ਹੈ।

ਉੱਡਦਾ-ਉੱਡਦਾ ਜਾਈਂ ਵੇ ਕਾਲਿਆ ਕਾਵਾਂ
ਬੈਠੀ ਜਾ ਕੇ ਮੇਰੇ ਮਾਪਿਆਂ ਦੇ ਵਿਹੜੇ
ਆਖੀਂ ਵੇ ਜਾ ਕੇ ਮੇਰੀ ਮਾਂ ਨੂੰ ਵੇ ਅੜਿਆ। •

98155-90209

ਬਲਵੀਰ ਮੰਨਣ



# ਬੜਾ ਯਾਦ ਆਉਂਦੀਆਂ ਬਾਪੂ ਦੀਆਂ ਗੱਲਾਂ

ਬੱਚੇ ਦੇ ਸਿਰ 'ਤੇ ਬਾਪੂ ਦਾ ਹੋਣਾ ਕਾਦਰ ਵੱਲੋਂ ਬਖ਼ਸ਼ੀ ਬਹੁਤ ਵੱਡੀ ਦਾਤ ਹੈ। ਉਹ ਬਾਪੂ, ਜਿਹੜਾ ਬੱਚੇ ਦੇ ਸਾਰੇ ਫ਼ਿਕਰ ਆਪਣੇ ਸਿਰ ਲੈ ਲੈਂਦਾ ਹੈ। ਉਹ ਬਾਪੂ, ਜਿਹੜਾ ਬੱਚੇ ਦੇ ਦਸੀਂ ਦਿਸ਼ਾਵੀਂ ਨਿਗ੍ਹਾ ਰੱਖਦਾ, ਉਸ ਵੱਲ ਤੱਕਣ ਵਾਲੀ ਮੁਸੀਬਤ ਨੂੰ ਬੱਚੇ 'ਤੇ ਆਉਣ ਤੋਂ ਪਹਿਲਾਂ ਹੀ ਮੁਕਾ ਛੱਡਦਾ ਹੈ। ਜਦਕਿ ਬੱਚੇ ਨੂੰ ਇਸ ਬਾਰੇ ਰਤਾ ਭਰ ਇਲਮ ਵੀ ਨਹੀਂ ਹੁੰਦਾ। ਬਾਪੂ ਬੱਚਿਆਂ ਦੇ ਸਿਰ 'ਤੇ ਬੋਹੜ ਦੀ ਛਾਂ ਜਿਹਾ ਹੁੰਦਾ ਹੈ। ਉਹ ਬਾਪੂ, ਜਿਸ ਦੇ ਸਿਰ 'ਤੇ ਬੱਚਿਆਂ ਨੂੰ ਰਤਾ ਵੀ ਫ਼ਿਕਰ ਨਹੀਂ ਹੁੰਦਾ। ਉਹ ਬਾਪੂ, ਜਿਸ ਦੇ ਤੁਰ ਜਾਣ 'ਤੇ ਹੀ ਉਸ ਦੀ ਹੋਂਦ ਦੀ ਕੀਮਤ ਨੂੰ ਸਮਝ ਆਉਂਦਾ ਹੈ। ਹਾਂ! ਮੇਰਾ ਬਾਪੂ ਵੀ ਇਵੇਂ ਦਾ ਸੀ। ਉਹ ਦਰਮਿਆਨੇ ਸਰੀਰ ਤੇ ਕੱਦ ਵਾਲਾ। ਕੰਮ 'ਤੇ ਜਾਣ ਤੋਂ ਪਹਿਲਾਂ ਨਹਾ-ਧੋ ਕੇ ਖੱਬੇ ਪਾਸਿਓਂ ਸੱਜੇ ਨੂੰ ਵਾਲ ਵਾਹ ਕੇ, ਧਰਤੀ 'ਤੇ ਬਹਿ ਰੋਟੀ ਖਾਣ ਵਾਲਾ। ਦਾਲ਼ ਦੇ ਵਿਚ ਦਹੀਂ ਮਿਲਾ ਕੇ, ਉਸ ਨਾਲ ਰੋਟੀ ਖਾਣੀ ਉਹਨੂੰ ਬੜੀ ਪਸੰਦ ਸੀ। ਇਕ ਪਾਸੇ ਪੈਂਤੀ ਕਿਲੋਮੀਟਰ ਸਫ਼ਰ ਸਾਈਕਲ 'ਤੇ ਤੈਅ ਕਰ ਕੇ ਜਾਂਦਾ ਹੁੰਦਾ ਸੀ ਬਾਪੂ ਆਪਣੀ ਡਿਊਟੀ ਉੱਤੇ। ਤਿੰਨ ਭਰਾ ਸਾਂ ਅਸੀਂ ਤੇ ਮੈਂ ਚਾਰ ਸਾਲ ਦਾ ਸੀ ਓਦੋਂ, ਜਦੋਂ ਮੇਰੀ ਮਾਂ ਮਰ ਗਈ। ਵੱਡਾ ਭਾਈ ਸੱਤਾਂ ਦਾ ਤੇ ਛੋਟਾ ਦੋ ਸਾਲ ਦਾ। ਬਾਪੂ ਦੀ ਉਮਰ ਉਦੋਂ ਬਹੁਤੀ ਨਹੀਂ ਸੀ, ਜੁਆਨ ਸੀ ਉਹ। ਲੋਕਾਂ ਨੇ ਬਥੇਰਾ ਕਿਹਾ ਕਿ ਵਿਆਹ ਕਰਵਾ ਲੈ, ਨੌਕਰੀ ਕਰਦਾ ਹੈਂ ਪਰ ਨਹੀਂ ਕਰਵਾਇਆ। ਮਨ ਅੰਦਰ ਤੌਖ਼ਲਾ ਸੀ, 'ਕਿਤੇ ਮਤਰੇਈ ਦੇ ਆਇਆਂ ਮੇਰੇ ਬੱਚੇ ਰੁਲ਼ ਨਾ ਜਾਣ।' ਕੀ ਜਤੀ-ਸਤੀ ਏਦਾਂ ਦੇ ਮਨੁੱਖਾਂ ਤੋਂ ਇਲਾਵਾ ਕੋਈ ਹੋਰ ਹੁੰਦੇ ਨੇ? ਸਾਨੂੰ ਤਿਆਰ ਕਰਨਾ। ਚੁੱਲ੍ਹੇ 'ਤੇ ਰੋਟੀ ਪਕਾਉਣੀ। ਸਾਡੇ ਸਿਰ ਨੂੰ ਤੇਲ ਲਾ ਕੇ ਵਾਲਾ ਵਿੱਚੋਂ ਖੱਬੇ ਪਾਸਿਓਂ ਚੀਰ ਕੱਢਣਾ। ਸਕੂਲ ਭੇਜਣਾ। ਪਿੱਛੇ ਨਿਗ੍ਹਾ ਰੱਖਣੀ ਕਿ ਸਕੂਲ ਜਾਂਦੇ ਵੀ ਆ। ਜੇ ਅਸੀਂ ਅਵੇਸਲੇ ਹੋ ਜਾਣਾ ਤਾਂ ਝਿੜਕਣਾ ਵੀ। ਅੱਜ ਇਹ ਅੱਖਰ ਲਿਖਦਿਆਂ ਬਾਪੂ ਦੀ ਘਾਲਣਾ ਇਨ੍ਹਾਂ ਅੱਖਰਾਂ ਦੀ ਬਣ ਰਹੀ ਬਣਤਰ ਮਗਰ ਉੱਘੜਦੀ ਦਿਖਾਈ ਦੇ ਰਹੀ ਹੈ। ਬਾਪੂ ਤੋਂ ਬਿਨਾਂ ਬੰਦਾ ਕਾਸ ਜੋਗਾ ਹੈ? ਕਦੇ-ਕਦੇ ਸਾਨੂੰ ਆਪਣੇ ਨਾਲ ਕੰਮ 'ਤੇ ਲੈ ਜਾਣਾ, ਵਾਰੀ-ਵਾਰੀ। ਬਾਪੂ ਦੇ ਸਾਈਕਲ ਦੇ ਮੂਹਰਲੇ ਡੰਡੇ 'ਤੇ ਬੈਠਿਆਂ ਜੋ ਨਜ਼ਾਰਾ ਆਉਂਦਾ ਸੀ, ਉਹ ਹੁਣ ਗੱਡੀਆਂ ਵਿਚ ਫਿਰਦਿਆਂ ਵੀ ਨਹੀਂ ਆਉਂਦਾ। ਦੇਰ ਤਕ ਸਾਈਕਲ ਦੇ ਡੰਡੇ 'ਤੇ ਬੈਠਿਆਂ ਥੱਕ ਵੀ ਜਾਣਾ। ਫਿਰ ਬਾਪੂ ਨੇ ਕੁਝ ਦੇਰ ਰੁਕ ਜਾਣਾ। ਰਾਹ ਵਿੱਚੋਂ ਕੁਝ ਖਵਾਉਣਾ। ਸਾਨੂੰ ਤਿੰਨਾਂ ਭਰਾਵਾਂ ਨੂੰ ਨਵੇਂ ਕੱਪੜੇ ਲੈ ਕੇ ਦੇਣੇ। ਸਾਡਾ ਮੇਚਾ (ਨਾਪ) ਲੈਣ ਦਾ ਬਾਪੂ ਦਾ ਢੰਗ ਅਲਹਿਦਾ ਹੀ ਸੀ। ਲੱਕ ਤੋਂ ਲੈ ਕੇ ਗਿੱਟੇ ਤੱਕ ਸੇਬੇ (ਪਟਸਨ ਦੀ ਪਤਲੀ ਰੱਸੀ) ਨਾਲ ਮੇਚਾ ਲੈਣਾ ਤੇ ਉਸ ਸੇਬੇ ਨੂੰ ਕੱਟ ਲੈਣਾ। ਇਸੇ ਤਰ੍ਹਾਂ ਝੱਗੇ (ਕਮੀਜ਼) ਦਾ ਮਾਪ ਲੈਣ ਲਈ ਮੋਢਿਆਂ ਦੇ ਵਿਚਕਾਰੋਂ ਲੈ ਕੇ ਲੰਬਾਈ ਅਨੁਸਾਰ ਸੇਬਾ ਕੱਟ ਲੈਣਾ। ਤਿੰਨਾਂ ਭਰਾਵਾਂ ਦਾ ਇਸੇ ਤਰ੍ਹਾਂ ਨਾਪ ਲੈ ਕੇ ਸੇਬੇ ਅਲੱਗ-ਅਲੱਗ ਸਾਂਭ ਲੈਣੇ ਤੇ ਤ੍ਰਿਕਾਲ਼ਾਂ ਨੂੰ ਪੂਰੇ ਮੇਚੇ ਦੇ ਨਵੇਂ ਕੱਪੜੇ ਆ ਜਾਣੇ। ਅਸਾਂ ਪਾ ਬੜੇ ਖ਼ੁਸ਼ ਹੋਣਾ। ਦੂਜੇ ਦਿਨ ਸਕੂਲ ਵਿਚ ਦੱਸਦੇ ਫਿਰਨਾ, 'ਇਹ ਕੱਪੜੇ ਕੱਲ੍ਹ ਮੇਰੇ ਡੈਡੀ ਨੇ ਨਵੇਂ ਲਿਆ ਕੇ ਦਿੱਤੇ ਆ।' ਬੜੀ ਘਾਲਣਾ ਘਾਲ਼ੀ ਉਸ ਨੇ ਸਾਡੇ ਲਈ। ਸਾਰੀ ਉਮਰ ਸਖ਼ਤ ਕਮਾਈ ਕਰਦਿਆਂ, ਹੁਣ ਉਸ ਨੇ ਸੁੱਖ ਦਾ ਸਾਹ ਲੈਣਾ ਸੀ। ਹੁਣ ਅਸੀਂ ਜਵਾਨ ਹੋ ਗਏ, ਵਿਆਹੇ ਗਏ, ਕੰਮਾਂ-ਕਾਰਾਂ 'ਤੇ ਲੱਗ ਗਏ। ਬਾਪੂ ਪੋਤਿਆਂ-ਪੋਤੀਆਂ ਵਾਲ਼ਾ ਹੋ ਗਿਆ ਸੀ ਪਰ ਹੋਣੀ ਨੂੰ ਕੁਛ ਹੋਰ ਹੀ ਮਨਜ਼ੂਰ ਸੀ। ਘਰੋਂ ਚਲੇ ਗਏ ਨੂੰ ਤੇਰਾਂ ਸਾਲ ਹੋ ਗਏ ਆ। ਮੁੜ ਕੋਈ ਹਾਲ ਨਹੀਂ ਦੱਸਿਆ ਆਪਣਾ। ਛੋਟੇ ਭਰਾ ਨੂੰ ਇਕ ਝੂਠੇ ਕੇਸ ਵਿਚ ਸਜ਼ਾ ਹੋ ਗਈ ਸੀ ਛੇ ਸਾਲ ਦੀ। ਬਾਪੂ ਕਿੰਝ ਝੱਲ ਸਕਦਾ ਸੀ ਆਪਣੇ ਪੁੱਤ ਦਾ ਵਿਛੋੜਾ। ਛੇ ਸਾਲ ਦਾ ਲੰਮਾ ਅਰਸਾ, ਜੇਲ੍ਹ ਦਾ। ਕਿਵੇਂ ਜਰ ਸਕਦਾ ਸੀ ਬਾਪੂ, ਜਿਹਨੇ ਆਪਣੇ ਛੋਟੇ ਪੁੱਤ ਨੂੰ, ਜਿਹੜਾ ਮਾਂ ਮਰੀ ਵੇਲੇ ਦੋ ਸਾਲ ਦਾ ਸੀ, ਜਿਹਨੂੰ ਬਾਪੂ ਨੇ ਢਿੱਡ 'ਤੇ ਪਾ-ਪਾ ਕੇ ਸੁਲ਼ਾਇਆ ਸੀ। ਬਾਪੂ ਤੋਂ ਇਹ ਸਦਮਾ ਸਹਿਆ ਨਹੀਂ ਗਿਆ। ਉਹ ਘਰੋਂ ਚਲਾ ਗਿਆ ਤੇ ਮੁੜ ਕਦੇ ਨਹੀਂ ਪਰਤਿਆ। ਕੀ ਰੱਬ ਇੰਨੇ ਦੁੱਖ ਵੀ ਲਿਖ ਦਿੰਦੈਂ ਕਿਸੇ ਦੀ ਜ਼ਿੰਦਗੀ ਵਿੱਚ? ਆਪ ਦੁੱਖ ਝੱਲਦਾ ਤੇ ਸਾਨੂੰ ਸੁੱਖ ਦਿੰਦਾ ਬਾਪੂ ਬਿਨਾਂ ਕੋਈ ਮੁੱਲ ਲਿਆ ਸਾਡੇ ਕੋਲੋਂ ਪਰ੍ਹਾਂ ਹੋ ਗਿਆ। ਲੱਭਦੇ ਰਹੇ ਆਂ, ਹੁਣ ਵੀ ਲੱਭਦੇ ਆਂ ਪਰ ਕਦੇ ਕੋਈ ਸੁਘ ਨਹੀਂ ਲੱਗੀ। ਜਿਊਣ ਜੋਗਿਓ! ਸਾਂਭ ਲਓ ਆਪਣੇ ਬਾਪੂ ਨੂੰ! ਇਹ ਜੇ ਇਹ ਕਿੱਧਰੇ ਤੁਰ ਗਿਆ ਤਾਂ ਮੁੜ ਪਰਤ ਕੇ ਨਹੀਂ ਆਉਣਾ ਇਸ ਨੇ। •

94173-45485

ਮਨਪ੍ਰੀਤ ਕੌਰ ਮਿਨਹਾਸ

# ਹੁੰਦੇ ਨਹੀਂ ਗੰਵਾਰ ਪੰਜਾਬੀ ਬੋਲਣ ਵਾਲੇ



ਪੰਜਾਬ ਵਿਚ ਮਾਂ ਬੋਲੀ ਦੇ ਨਿਰਾਦਰ ਦਾ ਵਿਸ਼ਾ ਬਹੁਤ ਹੀ ਸੰਜੀਦਾ ਅਤੇ ਵਿਚਾਰਨਯੋਗ ਬਣਦਾ ਜਾ ਰਿਹਾ ਹੈ। ਅਕਸਰ ਸਾਹਿਤਕ ਪਿੜਾਂ ਵਿਚ ਇਹ ਮਸਲਾ ਗਰਮਾਇਆ ਰਹਿੰਦਾ ਹੈ ਕਿਉਂਕਿ ਅੱਜ ਦੀ ਨੌਜਵਾਨ ਪੀੜ੍ਹੀ ਪੰਜਾਬੀ ਭਾਸ਼ਾਂ ਤੋਂ ਮੁੱਖ ਮੋੜ ਰਹੀ ਹੈ। ਠੇਠ ਪੰਜਾਬੀ ਬੋਲਣ ਵਾਲੇ ਨੂੰ ਗੰਵਾਰ ਜਾਂ ਪੇਂਡੂ ਦਾ ਦਰਜਾ ਦਿੱਤਾ ਜਾਂਦਾ ਹੈ। ਭਾਸ਼ਾ ਕੋਈ ਵੀ ਮਾੜੀ ਨਹੀਂ ਹੁੰਦੀ ਕਿਉਂਕਿ ਜਿੰਨੀਆਂ ਭਾਸ਼ਾਵਾਂ ਬਾਰੇ ਤੁਹਾਨੂੰ ਗਿਆਨ ਹੋਵੇਗਾ ਓਨਾ ਹੀ ਤੁਹਾਡੀ ਸ਼ਖ਼ਸੀਅਤ ਵਿਚ ਨਿਖਾਰ ਆਵੇਗਾ ਪਰ ਆਪਣੀ ਮਾਂ ਬੋਲੀ ਨੂੰ ਪਿੱਛੇ ਸੁੱਟ ਕੇ ਦੂਜੀਆਂ ਭਾਸ਼ਾਵਾਂ ਨੂੰ ਮੋਹਰੀ ਬਣਾਉਣਾ ਵੀ ਗ਼ਲਤ ਹੈ। ਲੱਖ ਚਾਚੀਆਂ-ਤਾਈਆਂ ਹੋਣ ਪਰ ਮਾਂ ਤਾਂ ਮਾਂ ਹੀ ਹੁੰਦੀ ਹੈ।

ਇਸ ਵਰਤਾਰੇ ਵਿਚ ਕਿਸੇ ਵੀ ਇਨਸਾਨ ਦਾ ਬਚਪਨ ਬਹੁਤ ਅਹਿਮੀਅਤ ਰੱਖਦਾ ਹੈ। ਅੱਜ ਮਹਿੰਗੇ ਪ੍ਰਾਈਵੇਟ ਸਕੂਲਾਂ ਦੀ ਮਾਸੂਮ ਬੱਚਿਆਂ ਨੂੰ ਅੰਗਰੇਜ਼ ਬਣਾਉਣ ਦੀ ਦੌੜ ਵਿਚ ਉਨ੍ਹਾਂ ਨੂੰ ਮਾਂ-ਬੋਲੀ ਨਾਲੋਂ ਜ਼ਬਰਦਸਤ ਤਰੀਕੇ ਨਾਲ ਤੋੜਿਆ ਜਾ ਰਿਹਾ ਹੈ। ਇਨ੍ਹਾਂ ਸਕੂਲਾਂ ਨੇ ਤਾਂ ਸਹੁੰ ਖਾਧੀ ਹੋਈ ਹੈ ਕਿ ਬੱਚਿਆਂ ਨੂੰ ਦੇਸੀ ਅੰਗਰੇਜ਼ ਬਣਾ ਕੇ ਹੀ ਛੱਡਣਾ ਹੈ। ਇਸ ਲਈ ਸਕੂਲਾਂ ਵਿਚ ਪੰਜਾਬੀ ਬੋਲਣ ਦੀ ਸਖ਼ਤ ਮਨਾਹੀ ਹੈ। ਇਨ੍ਹਾਂ ਸਕੂਲਾਂ ਵਿਚ ਜ਼ਬਰਦਸਤੀ ਅੰਗਰੇਜ਼ੀ ਥੋਪੀ ਜਾਂਦੀ ਹੈ ਅਤੇ ਨਾ ਬੋਲਣ 'ਤੇ ਜ਼ੁਰਮਾਨਾ ਵੀ ਲਾਇਆ ਜਾਂਦਾ ਹੈ। ਮਾਪੇ ਅਧਿਆਪਕ ਮਿਲਣੀ 'ਤੇ ਵੀ ਇਹੀ ਰਾਗ ਅਲਾਪਿਆ ਜਾਂਦਾ ਹੈ ਕਿ ਘਰ ਬੱਚਿਆ ਨਾਲ ਅੰਗਰੇਜ਼ੀ ਵਿਚ ਹੀ ਗੱਲ ਕੀਤੀ ਜਾਵੇ। ਕਈ ਬਹੁਤ ਹੀ ਸਮਝਦਾਰ ਮਾਪੇ ਘਰ ਆ ਕੇ ਵੀ ਬੱਚਿਆ ਨੂੰ ਪੰਜਾਬੀ ਬੋਲਣ ਨਹੀਂ ਦਿੰਦੇ ਅਤੇ ਆਪ ਵੀ ਉਨ੍ਹਾਂ ਨਾਲ ਮਿਲਗੋਭਾ ਹਿੰਦੀ-ਅੰਗਰੇਜ਼ੀ ਵਿਚ ਗੱਲ ਕਰਨਗੇ। ਅੰਗਰੇਜ਼ੀ ਕੋਈ ਮਾੜੀ ਨਹੀਂ ਕਿਉਂਕਿ ਇਹ ਅੰਤਰ ਰਾਸ਼ਟਰੀ ਭਾਸ਼ਾ ਹੈ, ਜੋ ਬਾਕੀ ਦੁਨੀਆ ਵਿਚ ਵਿਚਰਦਿਆਂ ਸੰਚਾਰ ਦਾ ਮਾਧਿਅਮ ਬਣੇਗੀ ਪਰ ਮਾਂ ਬੋਲੀ ਵਿਚ ਮੁਹਾਰਤ ਉਸ ਤੋਂ ਵੀ ਜ਼ਰੂਰੀ ਹੈ। ਅੱਜ ਆਲਮ ਇਹ ਹੈ ਕਿ ਪਿੰਡਾਂ ਵਿਚ ਰਹਿਣ ਵਾਲੇ ਪ੍ਰਾਈਵੇਟ ਸਕੂਲਾਂ ਵਿਚ ਵੱਡੀਆਂ ਕਲਾਸਾਂ ਵਿਚ ਪੜ੍ਹਨ ਵਾਲੇ 50 ਤਕ ਪੰਜਾਬੀ ਦੀ ਗਿਣਤੀ ਨਹੀਂ ਜਾਣਦੇ 100 ਤਾਂ ਬਹੁਤ ਦੂਰ ਦੀ ਗੱਲ ਹੈ ਪਰ ਦੂਜੇ ਪਾਸੇ ਅੰਗਰੇਜ਼ੀ ਦੀ ਗਿਣਤੀ ਐੱਲਕੇਜੀ ਵਾਲਾ ਵੀ ਰੱਟੀ ਫਿਰਦਾ ਹੈ। ਛੋਟੀ ਪਨੀਰੀ ਤਾਂ ਅੰਗਰੇਜ਼ੀ ਦੀਆਂ ਕਵਿਤਾਵਾਂ ਸੁਣਾਉਂਦੇ ਅੰਗਰੇਜ਼ਾ ਦੇ ਜੁਆਕਾਂ ਨੂੰ ਵੀ ਮਾਤ ਪਾਉਂਦੀ ਹਨ। ਇਸ ਦਾ ਕਾਰਣ ਇਹ ਹੈ ਕਿ ਅੰਗਰੇਜ਼ੀ ਵਿਸ਼ਾ ਮੁੱਢਲੀਆਂ ਕਲਾਸਾਂ (ਨਰਸਰੀ, ਐੱਲਕੇਜੀ) ਵਿਚ ਸ਼ੁਰੂ ਕਰ ਦਿੱਤਾ ਜਾਂਦਾ ਹੈ ਪਰ ਪੰਜਾਬੀ ਨੂੰ ਪਹਿਲੀ ਜਾਂ ਦੂਜੀ ਕਲਾਸ ਵਿਚ ਸ਼ੁਰੂ ਕੀਤਾ ਜਾਂਦਾ ਹੈ। ਅੱਜ ਅੰਗਰੇਜ਼ੀ ਮਾਧਿਅਮ ਵਿਚ ਪੜ੍ਹਨ ਵਾਲੇ ਜ਼ਿਆਦਾਤਰ ਸ਼ਹਿਰੀ ਬੱਚੇ ਬਾਕੀ ਵਿਸ਼ਿਆ ਵਿਚ ਤਾਂ ਕਾਰਗੁਜ਼ਾਰੀ ਬਹੁਤ ਵਧੀਆ ਦਿਖਾਉਂਦੇ ਹਨ ਪਰ ਪੰਜਾਬੀ ਵਿਸ਼ੇ ਵਿਚ ਉਹ ਲਗਾਤਾਰ ਪਛੜ ਰਹੇ ਹਨ। ਉਨ੍ਹਾਂ ਨੂੰ ਪੰਜਾਬੀ ਔਖੀ ਲੱਗਦੀ ਹੈ। ਨਾ ਤਾਂ ਸਕੂਲ ਅਤੇ ਨਾ ਹੀ ਮਾਪੇ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਜ਼ਿਆਦਾਤਰ ਵਿਦਿਆਰਥੀ ਸ਼ੁੱਧ ਪੰਜਾਬੀ ਲਿਖ ਹੀ ਨਹੀਂ ਸਕਦੇ। ਇਸ ਲਈ ਮਾਪਿਆ ਨੂੰ ਖ਼ੁਦ ਹੀ ਬੱਚਿਆਂ ਨੂੰ ਘਰ ਪੰਜਾਬੀ ਨਾਲ ਜੋੜਨਾ ਚਾਹੀਦਾ ਹੈ। ਉਨ੍ਹਾਂ ਨਾਲ ਸ਼ੁੱਧ ਪੰਜਾਬੀ ਵਿਚ ਗੱਲ ਕਰੋ। ਬੱਚਿਆਂ ਨੂੰ ਪੰਜਾਬੀ ਸਾਹਿਤ ਪੜ੍ਹਨ ਦੀ ਆਦਤ ਪਾਓ। ਘਰ ਵਿਚ ਪੰਜਾਬੀ ਅਖ਼ਬਾਰ ਜ਼ਰੂਰ ਲਗਵਾਓ, ਸਿਰਫ਼ ਕਾਰਟੂਨਾਂ ਨਾਲ ਹੀ ਉਨ੍ਹਾਂ ਦਾ ਟਾਇਮ ਪਾਸ ਨਾ ਕਰਾਓਪਰਵਾਸੀ ਪੰਜਾਬੀਆਂ ਤੋਂ ਕੁਝ ਸਿੱਖੋ ਜਿਨ੍ਹਾਂ ਨੇ ਵਿਦੇਸ਼ਾ ਵਿਚ ਵਸਣ ਦੇ ਬਾਵਜੂਦ ਆਪਣੀ ਮਾਂ-ਬੋਲੀ ਦੇ ਵਜੂਦ ਨੂੰ ਨਹੀਂ ਵਿਸਾਰਿਆ ਅਤੇ ਇੰਗਲੈਂਡ, ਕੈਨੇਡਾ ਅਤੇ ਅਮਰੀਕਾ ਵਰਗੇ ਮੁਲਕਾਂ ਵਿਚ ਵੀ ਮਾਂ-ਬੋਲੀ ਨੂੰ ਵਿਸ਼ੇਸ਼ ਦਰਜਾ ਦੁਆਇਆ ਹੈ। ਆਪਣੀ ਭਵਿੱਖੀ ਨਸਲ ਦੀ ਵੀ ਪੰਜਾਬੀ ਬੋਲੀ, ਆਪਣੇ ਧਰਮ ਅਤੇ ਸੱਭਿਆਚਾਰ ਨਾਲ ਨਿੱਘੀ ਸਾਂਝ ਪੁਆਈ ਹੈ। ਹੋਰ ਤਾਂ ਹੋਰ ਅੰਗਰੇਜ਼ਾਂ ਨੂੰ ਵੀ ਆਪਣੇ ਰੰਗ ਵਿਚ ਰੰਗਿਆ ਹੈ ਅਤੇ ਆਪਣੀ ਮਾਂ-ਬੋਲੀ ਨੂੰ ਵਿਦੇਸ਼ਾਂ ਵਿਚ ਵੀ ਮਾਣ ਬਖ਼ਸ਼ਿਆ ਹੈ। ਵਿਦੇਸ਼ਾ ਵਿਚ ਬੈਠੇ ਵੀ ਉਹ ਪੰਜਾਬੀ ਅਖ਼ਬਾਰ ਅਤੇ ਮੈਗਜ਼ੀਨ ਛਾਪ ਕੇ ਇਸ ਦੀ ਸੇਵਾ ਕਰ ਰਹੇ ਹਨ ਪਰ ਅਸੀਂ ਆਪਣੇ ਘਰ ਵਿਚ ਹੀ ਆਪਣੀ ਮਾਂ-ਬੋਲੀ ਦੀ ਬੇਕਦਰੀ ਕੀਤੀ ਪਈ ਹੈ ਪਤਾ ਨਹੀਂ ਕਿਉਂ ਅਸੀਂ ਆਪਣੇ ਬੱਚਿਆਂ ਨੂੰ ਦੇਸੀ ਅੰਗਰੇਜ਼ ਬਣਾਉਣ 'ਤੇ ਜ਼ੋਰ ਲਾਇਆ ਪਿਆ ਹੈ। ਆਪਾਂ ਤਾਂ ਵੈਸੇ ਕੋਈ ਯੂਪੀ, ਬਿਹਾਰ ਵਾਲੇ ਲੋਕ ਜਾਂ ਕੰਮ ਵਾਲੀਆਂ ਨੂੰ ਵੀ ਏਨਾ ਮਾਣ ਬਖ਼ਸ਼ਦੇ ਹਾਂ ਕਿ ਝੱਟ ਆਪਣੀ ਬੋਲੀ ਛੱਡ ਕੇ ਉਨ੍ਹਾਂ ਨਾਲ ਗੁਲਾਬੀ ਹਿੰਦੀ ਵਿਚ ਗੱਲਾਂ ਕਰਨ ਲੱਗ ਜਾਂਦੇ ਹਾਂ ਪਰ ਜਦੋਂ ਉਹ ਅੱਗੋਂ ਸਾਡੇ ਨਾਲ ਪੰਜਾਬੀ ਵਿਚ ਗੱਲ ਕਰਨ ਲੱਗ ਜਾਣ ਤਾਂ ਬੜੀ ਕਸੂਤੀ ਸਥਿਤੀ ਬਣ ਜਾਂਦੀ ਹੈ।

ਮੰਜ਼ਿਲ ਕਦੇ ਨਸੀਬ ਨਾ ਹੁੰਦੀ
ਡੋਲਣ ਵਾਲੇ ਨੂੰ,
ਕਿਉਂ ਦੇਸੀ ਸਮਝਣ ਲੋਕ
ਪੰਜਾਬੀ ਬੋਲਣ ਵਾਲੇ ਨੂੰ।
ਬੱਚਿਆਂ ਨੂੰ ਵੀ ਰੱਖਦੇ ਲੋਕੀ
ਦੂਰ ਪੰਜਾਬੀ ਤੋਂ,
ਐਡੀ ਵੀ ਕੀ ਗ਼ਲਤੀ ਹੋ ਗਈ
ਬੋਲੀ ਸਾਡੀ ਤੋਂ।
ਮਿਲੇ ਤਰੱਕੀ ਮਾਂ-ਬੋਲੀ
ਰੋਲਣ ਵਾਲੇ ਨੂੰ,
ਸਮਝਣੋ ਨਾ ਗੰਵਾਰ ਪੰਜਾਬੀ
ਬੋਲਣ ਵਾਲੇ ਨੂੰ। •

94643-89293

# ਅਮਰੀਕਾ ਨੇ ਵੀਜ਼ਾ ਬਿਨੈਕਾਰਾਂ ਤੋਂ ਸੋਸ਼ਲ ਮੀਡੀਆ ਖਾਤਿਆਂ ਦੀ ਜਾਣਕਾਰੀ ਮੰਗੀ

**ਨਵੀਂ ਦਿੱਲੀ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਸੁਰੱਖਿਆ ਦਾ ਹਵਾਲਾ ਦਿੰਦੇ ਹੋਏ ਅਮਰੀਕਾ ਨੇ ਵੀਜ਼ਾ ਬਿਨੈਕਾਰਾਂ ਨੂੰ ਪਿਛਲੇ ਪੰਜ ਸਾਲਾਂ ਵਿੱਚ ਵਰਤੇ ਗਏ ਹਰੇਕ ਸੋਸ਼ਲ ਮੀਡੀਆ ਪਲੇਟਫਾਰਮ ਦੇ ਆਪਣੇ ਯੂਜ਼ਰਨੇਮ ਜਾਂ ਹੈਂਡਲ ਦਾ ਖੁਲਾਸਾ ਕਰਨ ਲਈ ਕਿਹਾ ਹੈ। ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਵੀਰਵਾਰ ਨੂੰ ਜਾਰੀ ਇੱਕ ਸੰਖੇਪ ਬਿਆਨ ਵਿੱਚ ਇਹ ਜਾਣਕਾਰੀ ਸਾਂਝੀ ਕੀਤੀ, ਜਿਸ ਵਿੱਚ ਸੋਸ਼ਲ ਮੀਡੀਆ ਜਾਣਕਾਰੀ ਨੂੰ ਖਾਲੀ ਛੱਡਣ ਵਿਰੁੱਧ ਵੀ ਚੇਤਾਵਨੀ ਦਿੱਤੀ ਗਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਜਾਣਕਾਰੀ ਸਾਂਝੀ ਨਾ ਕੀਤੇ ਜਾਣ 'ਤੇ ਵੀਜ਼ਾ ਰੱਦ ਹੋ ਸਕਦਾ ਹੈ ਅਤੇ ਭਵਿੱਖ ਦੇ ਵੀਜ਼ਿਆਂ ਨੂੰ ਅਯੋਗ ਕੀਤਾ ਜਾ ਸਕਦਾ ਹੈ।

ਇਸ ਸਬੰਧੀ X 'ਤੇ ਪੋਸਟ ਕੀਤੇ ਗਏ ਬਿਆਨ ਵਿੱਚ ਲਿਖਿਆ, "ਵੀਜ਼ਾ ਬਿਨੈਕਾਰਾਂ ਨੂੰ DS-160 ਵੀਜ਼ਾ ਬਿਨੈ-ਪੱਤਰ ਫਾਰਮ 'ਤੇ ਪਿਛਲੇ 5 ਸਾਲਾਂ 'ਚ ਵਰਤੇ ਗਏ ਹਰੇਕ ਪਲੇਟਫਾਰਮ ਦੇ ਸਾਰੇ ਸੋਸ਼ਲ ਮੀਡੀਆ ਯੂਜ਼ਰਨੇਮ ਜਾਂ ਹੈਂਡਲ ਸੂਚੀਬੱਧ ਕਰਨ ਦੀ ਲੋੜ ਹੈ। ਬਿਨੈਕਾਰ ਦਸਤਖ਼ਤ ਕਰਨ ਅਤੇ ਜਮ੍ਹਾ ਕਰਾਉਣ ਤੋਂ ਪਹਿਲਾਂ ਪ੍ਰਮਾਣਿਤ ਕਰਨਗੇ ਕਿ ਉਨ੍ਹਾਂ ਦੇ ਵੀਜ਼ਾ ਬਿਨੈ-ਪੱਤਰ ਵਿੱਚ ਦਿੱਤੀ ਗਈ ਜਾਣਕਾਰੀ ਸਹੀ ਅਤੇ ਸੱਚੀ ਹੈ।" ਪੋਸਟ ਵਿਚ ਅੱਗੇ ਕਿਹਾ ਗਿਆ ਹੈ ਕਿ ਸੋਸ਼ਲ ਮੀਡੀਆ ਜਾਣਕਾਰੀ ਛੱਡਣ ਨਾਲ ਵੀਜ਼ਾ ਰੱਦ ਹੋ ਸਕਦਾ ਹੈ ਅਤੇ ਭਵਿੱਖ ਦੇ ਵੀਜ਼ਿਆਂ ਲਈ ਅਯੋਗ ਕਰਾਰ ਦਿੱਤਾ ਜਾ ਸਕਦਾ ਹੈ।

ਅਮਰੀਕੀ ਦੂਤਾਵਾਸ ਨੇ F, M, ਜਾਂ J ਗੈਰ-ਪਰਵਾਸੀ ਵੀਜ਼ਾ ਲਈ ਅਰਜ਼ੀ ਦੇਣ ਵਾਲਿਆਂ ਨੂੰ ਉਨ੍ਹਾਂ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਪੜਤਾਲ ਸੈਟਿੰਗਾਂ ਨੂੰ ਜਨਤਕ ਕਰਨ ਲਈ ਕਿਹਾ ਸੀ ਤਾਂ ਜੋ ਜਾਂਚ ਵਿੱਚ ਸਹੂਲਤ ਹੋ ਸਕੇ। ਇਸ ਨੂੰ ਕਾਨੂੰਨ ਅਧੀਨ ਅਮਰੀਕਾ ਵਿੱਚ ਉਨ੍ਹਾਂ ਦੀ ਪਛਾਣ ਪੱਕੀ ਕਰਨ ਅਤੇ ਦਾਖਲੇ ਲਈ ਜ਼ਰੂਰੀ ਦੱਸਿਆ ਗਿਆ ਹੈ।

ਦੂਤਾਵਾਸ ਨੇ ਇਹ ਵੀ ਕਿਹਾ ਸੀ ਕਿ 2019 ਤੋਂ ਅਮਰੀਕਾ ਨੇ ਵੀਜ਼ਾ ਬਿਨੈਕਾਰਾਂ ਨੂੰ ਪਰਵਾਸੀ ਅਤੇ ਗੈਰ-ਪਰਵਾਸੀ ਵੀਜ਼ਾ ਬਿਨੈ-ਪੱਤਰ ਫਾਰਮਾਂ 'ਤੇ ਸੋਸ਼ਲ ਮੀਡੀਆ ਪ੍ਰਦਾਨ ਕਰਨ ਦੀ ਲੋੜ ਹੈ। F ਜਾਂ M ਸ਼੍ਰੇਣੀ ਵਿਦਿਆਰਥੀ ਵੀਜ਼ਾ ਲਈ ਹੈ ਅਤੇ J ਸ਼੍ਰੇਣੀ ਐਕਸਚੇਂਜ ਵਿਜ਼ਟਰ ਵੀਜ਼ਾ ਲਈ ਹੈ।

ਵੀਰਵਾਰ ਦੇ ਸੰਚਾਰ ਵਿੱਚ ਦੂਤਾਵਾਸ ਨੇ ਦੇ ਸੰਬੰਧਤ ਡਿਜੀਟਲ ਪੋਸਟਰ ਵੀ ਸ਼ੇਅਰ ਕੀਤੇ। "ਹਰੇਕ ਯੂ.ਐਸ. ਵੀਜ਼ਾ ਫੈਸਲਾ ਇੱਕ ਕੌਮੀ ਸੁਰੱਖਿਆ ਫੈਸਲਾ ਹੈ, "ਇੱਕ ਪੋਸਟਰ ਦੇ ਸਿਖਰ 'ਤੇ ਇੱਕ ਨੋਟ ਦੇ ਬਾਅਦ ਕੈਪਸ਼ਨ ਲਿਖਿਆ ਸੀ। ਨੋਟ ਵਿੱਚ ਲਿਖਿਆ ਸੀ, "ਸੰਯੁਕਤ ਰਾਜ ਅਮਰੀਕਾ ਵੀਜ਼ਾ ਬਿਨੈਕਾਰਾਂ ਨੂੰ ਵੀਜ਼ਾ ਬਿਨੈ-ਪੱਤਰ ਫਾਰਮਾਂ 'ਤੇ ਸੋਸ਼ਲ ਮੀਡੀਆ ਪਛਾਣਕਰਤਾ ਪ੍ਰਦਾਨ ਕਰਨ ਦੀ ਮੰਗ ਕਰਦਾ ਹੈ। ਅਸੀਂ ਆਪਣੀ ਵੀਜ਼ਾ ਸਕ੍ਰੀਨਿੰਗ ਅਤੇ ਜਾਂਚ ਵਿੱਚ ਉਪਲਬਧ ਸਾਰੀ ਜਾਣਕਾਰੀ ਦੀ ਵਰਤੋਂ ਕਰਦੇ ਹਾਂ।"

ਦੂਤਾਵਾਸ ਦੇ ਬਿਆਨ ਵਿੱਚ ਕਿਹਾ ਗਿਆ ਸੀ ਕਿ ਅਮਰੀਕਾ ਨੇ ਇਮੀਗ੍ਰੇਸ਼ਨ ਕਾਨੂੰਨਾਂ ਦੇ ਲਾਗੂਕਰਨ ਨੂੰ ਵਧਾ ਦਿੱਤਾ ਹੈ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਭਵਿੱਖ ਦੇ ਵੀਜ਼ਾ ਯੋਗਤਾ ਲਈ ਨਜ਼ਰਬੰਦੀ, ਦੇਸ਼ ਨਿਕਾਲੇ ਅਤੇ ਸਥਾਈ ਨਤੀਜਿਆਂ ਦਾ ਸਾਹਮਣਾ ਕਰਨਾ ਪਵੇਗਾ। ਅਮਰੀਕਾ ਨੇ ਅੱਗੇ ਚੇਤਾਵਨੀ ਦਿੱਤੀ ਕਿ ਗੈਰ-ਕਾਨੂੰਨੀ ਤੌਰ 'ਤੇ ਦੇਸ਼ ਵਿੱਚ ਦਾਖਲ ਹੋਣ ਵਾਲਿਆਂ ਨੂੰ ਜੇਲ੍ਹ ਦਾ ਸਮਾਂ ਅਤੇ ਦੇਸ਼ ਨਿਕਾਲਾ ਭੁਗਤਣਾ ਪਵੇਗਾ। ਇਸ ਤੋਂ ਪਹਿਲਾਂ ਅਮਰੀਕੀ ਦੂਤਾਵਾਸ ਨੇ ਇਸ ਮਹੀਨੇ ਵੀਜ਼ਾ ਅਤੇ ਇਮੀਗ੍ਰੇਸ਼ਨ ਦੇ ਵਿਸ਼ੇ 'ਤੇ ਕਈ ਬਿਆਨ ਜਾਰੀ ਕੀਤੇ ਹਨ।

# ਐਨ.ਜੀ.ਓ. ਨੇ ਜੋਧੇਵਾਲ, ਚੱਕ ਸੰਮੂ ਵਿਖੇ ਮਨਾਇਆ ਨਸ਼ਾ ਵਿਰੋਧੀ ਦਿਵਸ

**ਮਾਛੀਵਾੜਾ ਸਾਹਿਬ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮਾਛੀਵਾੜਾ ਸਾਹਿਬ ਸੋਸ਼ਲ ਵੈਲਫੇਅਰ ਸੋਸਾਇਟੀ ਐਨ.ਜੀ.ਓ. ਬਲਾਕ ਮਾਛੀਵਾੜਾ ਦੇ ਪਿੰਡ ਚੱਕ ਸੰਮੂ ਅਤੇ ਜੋਧਵਾਲ ਦੀਆਂ ਪੰਚਾਇਤਾਂ ਦੇ ਸਹਿਯੋਗ ਨਾਲ ਨਸ਼ਾ ਵਿਰੋਧੀ ਦਿਵਸ ਮਨਾਇਆ ਗਿਆ। ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਸ਼ਿਵ ਕੁਮਾਰ ਸ਼ਿਵਲੀ ਨੇ ਦੱਸਿਆ ਕਿ ਐਨਜੀਓ ਵੱਲੋਂ ਸਰਪੰਚ ਧਰਮਪਾਲ ਪਿੰਡ ਚੱਕ ਸ਼ੰਮੂ ਅਤੇ ਸਰਪੰਚ ਹਰਚਰਨਜੀਤ ਸਿੰਘ ਬੱਬੀ ਪਿੰਡ ਜੋਧਵਾਲ ਦੇ ਸਹਿਯੋਗ ਸਦਕਾ ਨਸ਼ਾ ਵਿਰੋਧੀ ਦਿਵਸ ਮੌਕੇ ਪਿੰਡ ਜੋਧੇਵਾਲ ਵਿਖੇ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਲਈ ਉਚਿਤ ਤੌਰ ਤੇ ਪੁਲਿਸ ਸਾਂਝ ਕੇਂਦਰ ਜ਼ਿਲ੍ਹਾ ਖੰਨਾ ਦੇ ਇੰਚਾਰਜ ਸਬ ਇੰਸਪੈਕਟਰ ਮੈਡਮ ਰਾਜਵੰਤ ਕੌਰ, ਕਿਸਾਨ ਆਗੂ ਸੁਖਵਿੰਦਰ ਸਿੰਘ ਭੱਟੀਆਂ, ਪ੍ਰਿੰਸੀਪਲ ਬਲਜਿੰਦਰ ਸਿੰਘ ਤੂਰ ਉਚੇਚੇ ਤੌਰ ਤੇ ਪੁੱਜੇ। ਬਲਵਿੰਦਰ ਸਿੰਘ ਤੋਂ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਹਰ ਘਰ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਹੋਣੀ ਬਹੁਤ ਜਰੂਰੀ ਹੈ , ਕਿਉਂਕਿ ਨਸ਼ਿਆਂ ਦੇ ਇਸ ਵਗਦੇ ਦਰਿਆ ਨੇ ਪੰਜਾਬ ਦੀ ਨੌਜਵਾਨੀ ਨੂੰ ਆਪਣੀ ਪਕੜ ਵਿੱਚ ਬੁਰੀ ਤਰ੍ਹਾਂ ਲਿਆ ਹੋਇਆ ਹੈ। ਉਹਨਾਂ ਖਾਸ ਤੌਰ ਤੇ ਇਕੱਤਰਿਤ ਹੋਈਆਂ ਔਰਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਦੀ ਪਰਵਰਿਸ਼ ਵਿੱਚ ਉਹ ਅਹਿਮ ਯੋਗਦਾਨ ਅਦਾ ਕਰਦੀਆਂ ਹਨ।

ਇਸ ਲਈ ਆਪਣੇ ਬੱਚਿਆਂ ਨੂੰ ਨਸ਼ਿਆਂ ਦੀਆਂ ਭੈੜੀਆਂ ਅਲਾਮਤਾਂ ਤੋਂ ਬਚਾਉਣ ਲਈ ਜਾਗਰੂਕ ਕਰਨਾ ਸਾਡਾ ਸਭ ਦਾ ਪਹਿਲਾ ਤੇ ਮੁੱਢਲਾ ਫਰਜ਼ ਹੈ। ਐਨ.ਜੀ.ਓ. ਪ੍ਰਧਾਨ ਸ਼ਿਵ ਕੁਮਾਰ ਸ਼ਿਵਲੀ ਨੇ ਕਿਹਾ ਕਿ ਅੱਜ ਸਮਾਜ ਵਿੱਚ ਸਭ ਤੋਂ ਵੱਡੀ ਜਰੂਰਤ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣਾ ਅਤੇ ਨਸ਼ਿਆਂ ਦੇ ਦਲਦਲ ਵਿੱਚ ਫਸੇ ਹੋਏ ਨੌਜਵਾਨ ਨੂੰ ਬਾਹਰ ਕੱਢਣਾ ਹੈ।

ਉਹਨਾਂ ਕਿਹਾ ਕਿ ਉਹਨਾਂ ਦੇ ਸੰਸਥਾ ਜਿੱਥੇ ਵੱਖ ਵੱਖ ਸਮੇਂ ਦੇ ਮੈਡੀਕਲ ਕੈਂਪ, ਖੂਨਦਾਨ ਕੈਂਪ , ਅੱਖਾਂ ਦੇ ਫ ?ਗੀ ਕੈਂਪ ,ਤੇ ਹੋਰ ਵੱਖ ਵੱਖ ਬਿਮਾਰੀਆਂ ਨਾਲ ਸੰਬੰਧਿਤ ਫਰੀ ਮੈਡੀਕਲ ਕੈਂਪ ਲਗਾ ਰਹੀ ਹੈ ,ਉੱਥੇ ਹੀ ਅੱਜ ਦੀ ਨੌਜਵਾਨੀ ਨੂੰ ਬਚਾਉਣ ਲਈ ਪਿੰਡ ਪਿੰਡ ਜਾ ਲੋਕਾਂ ਨੂੰ ਜਾਗਰੂਕ ਕਰ ਰਹੀ ਹੈ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਕਰਨ ਨਹੀਂ ਲੋਕਾਂ ਦਾ ਇੱਕ ਵੱਡਾ ਕਾਫਲਾ ਤਿਆਰ ਕੀਤਾ ਜਾ ਸਕੇ ਜੋ ਪੰਜਾਬ ਨੂੰ ਫਿਰ ਤੋਂ ਹਰਿਆ ਭਰਿਆ ਤੇ ਰੰਗਲਾ ਬਣਾਉਣ ਵਿੱਚ ਆਪਣਾ ਯੋਗਦਾਨ ਪਾਉਂਦਾ ਹੋਵੇ। ਕਿਸਾਨ ਆਗੂ ਸੁਖਿੰਦਰ ਸਿੰਘ ਭੱਟੀਆਂ ਨੇ ਜੋ ਵੱਲੋਂ ਕੀਤੇ ਜਾ ਰਹੇ ਕਾਰਜਾਂ ਦੇ ਸਲਾਂਘਾ ਕਰਦਿਆਂ ਲੋਕਾਂ ਨੂੰ ਐਨ.ਜੀ.ਓ. ਨਾਲ ਜੁੜਨ ਦੀ ਪ੍ਰੇਰਿਤ ਕੀਤਾ। ਪ੍ਰੋਗਰਾਮ ਦੇ ਅੰਤ ਵਿੱਚ ਸਰਪੰਚ ਧਰਮਪਾਲ ਅਤੇ ਸਰਪੰਚ ਹਰਚਰਨਜੀਤ ਸਿੰਘ ਬੱਬੀ ਨੇ ਅੱਛਾ ਵਿਰੋਧੀ ਦਿਵਸ ਮਨਾਉਣ ਲਈ ਰੱਖੇ ਗਏ ਸਮਾਗਮ ਵਿੱਚ ਪੁੱਜੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਅਤੇ ਸੱਜਣਾਂ ਦਾ ਧੰਨਵਾਦ ਪ੍ਰਗਟ ਕੀਤਾ। ਇਸ ਮੌਕੇ ਐਨ.ਜੀ.ਓ. ਅਤੇ ਦੋਨਾਂ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਇੰਸਪੈਕਟਰ ਮੈਡਮ ਰਾਜਵੰਤ ਕੌਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਸਮਾਗਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਟੇਜ ਸੈਕਟਰੀ ਦੀ ਭੂਮਿਕਾ ਮਾਸਟਰ ਸਤੀਸ਼ ਕੁਮਾਰ ਨੇ ਬਾਖੂਬੀ ਨਿਭਾਈ। ਇਸ ਮੌਕੇ ਅੰਗਰੇਜ਼ ਸਿੰਘ ਬੱਬੂ, ਡਾਕਟਰ ਮਨਜੀਤ ਸਿੰਘ, ਰੀਡਰ ਬਲਦੀਪ ਸਿੰਘ ਅਤੇ ਵੱਡੀ ਗਿਣਤੀ ਵਿੱਚ ਪਿੰਡ ਨਿਵਾਸੀ ਮੌਜੂਦ ਸਨ।

# ਮੁੱਖ ਮੰਤਰੀ ਨੇ ਨੀਤੀ ਆਯੋਗ ਦੀ ਉੱਚ ਪੱਧਰੀ ਟੀਮ ਅੱਗੇ ਸੂਬੇ ਦੀਆਂ ਮੰਗਾਂ ਜ਼ੋਰਦਾਰ ਢੰਗ ਨਾਲ ਚੁੱਕੀਆਂ

**➢ ਪਾਣੀ ਤੇ ਖੇਤੀਬਾੜੀ ਨੂੰ ਬਚਾ ਕੇ ਸੂਬੇ ਦੀ ਅਮੀਰ ਵਿਰਾਸਤ ਨੂੰ ਸੰਭਾਲਣ ਲਈ ਮੰਗੀ ਮਦਦ ➢ ਸਰਹੱਦੀ ਜ਼ਿਲ੍ਹਿਆਂ ਲਈ ਵਿਸ਼ੇਸ਼ ਰਿਆਇਤਾਂ, ਕੌਮਾਂਤਰੀ ਸਰਹੱਦ ਤੇ ਕੰਡਿਆਲੀ ਤਾਰ ਵਿਚਾਲੇ ਪੈਂਦੀ ਜ਼ਮੀਨ ਲਈ ਮੁਆਵਜ਼ਾ ਵਧਾਉਣ, ਸਰਹੱਦ ਉੱਤੇ ਤਸਕਰੀ ਰੋਕਣ ਲਈ ਬੁਨਿਆਦੀ ਢਾਂਚਾ ਨਵਿਆਉਣ ਤੇ ਉਪਕਰਨ ਖ਼ਰੀਦਣ ਲਈ 2829 ਕਰੋੜ ਰੁਪਏ ਅਤੇ ਖੇਤੀਬਾੜੀ ਤੇ ਸਨਅਤ ਲਈ ਰਿਆਇਤਾਂ ਦੀ ਮੰਗ ➢ ਸਿੰਧ ਜਲ ਵਿੱਚੋਂ ਹਿੱਸਾ ਮੰਗਿਆ ਤੇ ਯਮੁਨਾ-ਸਤਲੁਜ ਲਿੰਕ ਦੀ ਮੰਗ ਦੁਹਰਾਈ**

**ਚੰਡੀਗੜ੍ਹ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨੀਤੀ ਆਯੋਗ ਦੀ ਟੀਮ ਸਾਹਮਣੇ ਸੂਬੇ ਦਾ ਪੱਖ ਜ਼ੋਰਦਾਰ ਢੰਗ ਨਾਲ ਰੱਖਿਆ ਅਤੇ ਸਮਰਥਨ ਦੀ ਮੰਗ ਕੀਤੀ ਤਾਂ ਕਿ ਇਕ ਪਾਸੇ ਪੰਜਾਬ ਦਾ ਸਮੁੱਚਾ ਵਿਕਾਸ ਯਕੀਨੀ ਬਣੇ ਅਤੇ ਦੂਜੇ ਪਾਸੇ ਇਸ ਦੇ ਹਿੱਤਾਂ ਦੀ ਵੀ ਰੱਖਿਆ ਹੋਵੇ। ਨੀਤੀ ਆਯੋਗ ਦੇ ਮੈਂਬਰ ਪ੍ਰੋ. ਰਮੇਸ਼ ਚੰਦ ਅਤੇ ਪ੍ਰੋਗਰਾਮ ਡਾਇਰੈਕਟਰ ਸੰਜੀਤ ਸਿੰਘ ਦੀ ਅਗਵਾਈ ਵਾਲੀ ਟੀਮ ਨਾਲ ਵਿਚਾਰ-ਵਟਾਂਦਰੇ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਇਹ ਢੁਕਵਾਂ ਸਮਾਂ ਹੈ, ਜਦੋਂ ਆਯੋਗ ਨੂੰ ਪਾਣੀ ਅਤੇ ਖੇਤੀਬਾੜੀ ਸਬੰਧੀ ਪੰਜਾਬ ਦੀ ਅਮੀਰ ਵਿਰਾਸਤ ਨੂੰ ਬਚਾਉਣ ਲਈ ਖੁੱਲ੍ਹੇ ਦਿਲ ਨਾਲ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀ 553 ਕਿਲੋਮੀਟਰ ਲੰਮੀ ਕੌਮਾਂਤਰੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ ਅਤੇ ਛੇ ਜ਼ਿਲ੍ਹੇ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਪਠਾਨਕੋਟ, ਫ਼ਿਰੋਜ਼ਪੁਰ ਅਤੇ ਫ਼ਾਜ਼ਿਲਕਾ ਸਰਹੱਦ ਉੱਤੇ ਪੈਂਦੇ ਹਨ। ਭਗਵੰਤ ਸਿੰਘ ਮਾਨ ਨੇ ਅਫ਼ਸੋਸ ਜ਼ਾਹਰ ਕੀਤਾ ਕਿ ਕੇਂਦਰ ਸਰਕਾਰ ਵੱਲੋਂ ਹਿਮਾਚਲ ਪ੍ਰਦੇਸ਼, ਉੱਤਰਾਖੰਡ ਤੇ ਜੰਮੂ-ਕਸ਼ਮੀਰ ਨੂੰ ਵਿਸ਼ੇਸ਼ ਰਿਆਇਤਾਂ ਦੇਣ ਨਾਲ ਪੰਜਾਬ ਵਿੱਚ ਸਰਹੱਦੀ ਜ਼ਿਲ੍ਹਿਆਂ ਦੇ ਅਰਥਚਾਰੇ ਉਪਰ ਮਾੜਾ ਅਸਰ ਪਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਵਪਾਰ ਤੇ ਸਨਅਤੀ ਖ਼ੇਤਰ ਵਿੱਚ ਮੁੜ ਜਾਨ ਪਾਉਣ ਲਈ ਹਿਮਾਚਲ ਪ੍ਰਦੇਸ਼, ਉੱਤਰਾਖੰਡ ਅਤੇ ਜੰਮੂ-ਕਸ਼ਮੀਰ ਦੀ ਤਰਜ਼ ਉੱਤੇ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਦੀ ਵੀ ਬਾਂਹ ਫੜਨ ਦੀ ਲੋੜ ਹੈ। ਸਰਹੱਦੀ ਜ਼ਿਲ੍ਹਿਆਂ ਲਈ ਵਿਸ਼ੇਸ਼ ਰਿਆਇਤੀ ਪੈਕੇਜ਼ ਦੀ ਮੰਗ ਕਰਦਿਆਂ ਉਨ੍ਹਾਂ ਪੰਜਾਬ ਦੇ ਹਰੇਕ ਸਰਹੱਦੀ ਜ਼ਿਲ੍ਹੇ ਵਿੱਚ ਐਗਰੋ ਫੂਡ ਪ੍ਰਾਸੈਸਿੰਗ ਜ਼ੋਨ ਸਥਾਪਤ ਕਰਨ ਦੀ ਵਕਾਲਤ ਕੀਤੀ, ਜਿਸ ਵਿੱਚ ਖ਼ਾਸ ਤਵੱਜੋ ਬਾਸਮਤੀ ਚੌਲ ਉਦਯੋਗ ਅਤੇ ਲੀਚੀ ਤੇ ਹੋਰ ਫਲਾਂ ਵਰਗੇ ਬਾਗ਼ਬਾਨੀ ਉਤਪਾਦਨ ਉੱਤੇ ਦਿੱਤੀ ਜਾਵੇ। ਭਗਵੰਤ ਸਿੰਘ ਨੇ ਸਰਹੱਦੀ ਜ਼ਿਲ੍ਹਿਆਂ ਵਿੱਚ ਮੌਜੂਦਾ ਫੋਕਲ ਪੁਆਇੰਟਾਂ ਦੇ ਨਵੀਨੀਕਰਨ ਅਤੇ ਅੰਮ੍ਰਿਤਸਰ ਵਿੱਚ ਐਗਜ਼ੀਬਿਸ਼ਨ-ਕਮ-ਕਨਵੈਨਸ਼ਨ ਸੈਂਟਰ ਸਥਾਪਤ ਕਰਨ ਦੀ ਵੀ ਵਕਾਲਤ ਕੀਤੀ।

ਮੁੱਖ ਮੰਤਰੀ ਨੇ ਐਗਰੋ ਖ਼ੇਤਰ ਲਈ ਪੀ.ਐਲ.ਆਈ. ਸਕੀਮ, ਟੈਕਸਟਾਈਲ ਖ਼ੇਤਰ ਲਈ ਟੈਕਸ ਰਿਆਇਤਾਂ, ਸਨਅਤ ਲਈ ਢੋਆ-ਢੁਆਈ ਸਬਸਿਡੀ ਅਤੇ ਸਰਹੱਦੀ ਜ਼ਿਲ੍ਹਿਆਂ ਲਈ ਸਬਸਿਡੀ ਵਾਲਿਆਂ ਵਿਆਜ ਦਰਾਂ ਉੱਤੇ ਕਰਜ਼ਾ ਤੇ ਵਰਕਿੰਗ ਕੈਪੀਟਲ ਦੀ ਵੀ ਮੰਗ ਕੀਤੀ। ਉਨ੍ਹਾਂ ਕੌਮਾਂਤਰੀ ਸਰਹੱਦ ਉੱਤੇ ਕੰਡਿਆਲੀ ਤਾਰ ਉੱਤੇ ਪੈਂਦੀ ਜ਼ਮੀਨ ਦੇ ਮਾਲਕਾਂ ਲਈ ਮੁਆਵਜ਼ੇ ਵਿੱਚ ਵਾਧਾ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਕਿਸਾਨਾਂ ਦੀ 17 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਪੈਂਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਮੌਜੂਦਾ ਸਮੇਂ ਕਿਸਾਨਾਂ ਨੂੰ ਹਰੇਕ ਸਾਲ ਪ੍ਰਤੀ ਏਕੜ 10 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਜਾਂਦਾ ਹੈ, ਜਿਸ ਨੂੰ ਵਧਾ ਕੇ 30 ਹਜ਼ਾਰ ਰੁਪਏ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਇਹ ਮੁਆਵਜ਼ਾ ਕੇਂਦਰ ਤੇ ਸੂਬਾ ਸਰਕਾਰ ਵੱਲੋਂ ਮਿਲ ਕੇ ਦੇਣ ਦੀ ਬਜਾਏ ਪੂਰਾ ਕੇਂਦਰ ਸਰਕਾਰ ਵੱਲੋਂ ਦਿੱਤਾ ਜਾਵੇ ਕਿਉਂਕਿ ਇਹ ਬਹਾਦਰ ਕਿਸਾਨ ਦੇਸ਼ ਨੂੰ ਅਨਾਜ ਪੱਖੋਂ ਆਤਮ ਨਿਰਭਰ ਬਣਾਉਣ ਲਈ ਸਖ਼ਤ ਮਿਹਨਤ ਕਰ ਰਹੇ ਹਨ।

ਸਰਹੱਦੀ ਖ਼ੇਤਰਾਂ ਵਿੱਚ ਰੱਖਿਆ ਦੀ ਦੂਜੀ ਕਤਾਰ ਨੂੰ ਮਜ਼ਬੂਤ ਕਰਨ ਸਬੰਧੀ ਮੁੱਖ ਮੰਤਰੀ ਨੇ ਸਾਰੇ 2107 ਸਰਹੱਦੀ ਪਿੰਡਾਂ ਵਾਸਤੇ ਬਾਰਡਰ ਵਿੰਗ ਹੋਮ ਗਾਰਡਜ਼ ਸਕੀਮ ਨੂੰ ਮਜ਼ਬੂਤ ਕਰਨ ਉੱਤੇ ਜ਼ੋਰ ਦਿੱਤਾ। ਉਨ੍ਹਾਂ ਹਰੇਕ ਜਵਾਨ ਲਈ 1999 ਵਿੱਚ ਤੈਅ ਡਿਊਟੀ ਭੱਤਾ 45 ਰੁਪਏ ਪ੍ਰਤੀ ਦਿਨ ਤੋਂ ਵਧਾ ਕੇ ਘੱਟੋ-ਘੱਟ 655 ਰੁਪਏ ਕਰਨ ਦੀ ਵੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਰਹੱਦੀ ਪਿੰਡਾਂ ਤੇ ਬੀ.ਐਸ.ਐਫ. ਵਿਚਾਲੇ ਬਿਹਤਰ ਤਾਲਮੇਲ ਲਈ ਇਹ ਲਾਜ਼ਮੀ ਹੈ। ਭਗਵੰਤ ਸਿੰਘ ਮਾਨ ਨੇ ਡਰੋਨਾਂ ਰਾਹੀਂ ਨਸ਼ਿਆਂ ਤੇ ਹਥਿਆਰਾਂ ਦੀ ਸਮਗਲਿੰਗ ਰੋਕਣ ਲਈ ਜੈਮਰਾਂ ਸਣੇ ਹੋਰ ਉਪਕਰਨ ਅਤੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ 2829 ਕਰੋੜ ਰੁਪਏ ਦੀ ਵੀ ਮੰਗ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਅਹਿਮ ਹੈ ਕਿਉਂਕਿ ਸਮੁੱਚੀ ਸਰਹੱਦ ਦਾ 4/5 ਤੋਂ ਵੱਧ ਹਿੱਸਾ ਜੈਮਿੰਗ ਪ੍ਰਣਾਲੀ ਤੋਂ ਬਗ਼ੈਰ ਹੈ, ਜਿਸ ਕਾਰਨ ਦੇਸ਼ ਦੀ ਏਕਤਾ, ਅਖੰਡਤਾ ਤੇ ਪ੍ਰਭੂਸੱਤਾ ਲਈ ਵੱਡੀ ਚੁਣੌਤੀ ਖੜ੍ਹੀ ਹੁੰਦੀ ਹੈ। ਭਗਵੰਤ ਸਿੰਘ ਮਾਨ ਨੇ ਕੇਂਦਰ ਸਰਕਾਰ ਵੱਲੋਂ ਸ਼ੁਰੂ ਕੀਤੇ 'ਗਤੀਸ਼ੀਲ ਪਿੰਡ ਪ੍ਰੋਗਰਾਮ' ਵਿੱਚ ਸੋਧ ਕਰ ਕੇ ਸੂਬੇ ਦੇ ਵੱਧ ਤੋਂ ਵੱਧ ਸਰਹੱਦੀ ਪਿੰਡਾਂ ਨੂੰ ਇਸ ਦਾ ਲਾਭ ਦੇਣ ਲਈ ਆਖਿਆ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਹੋਰ ਸੂਬਿਆਂ ਦੇ ਮੁਕਾਬਲੇ ਜ਼ਿਆਦਾ ਆਬਾਦੀ ਰਹਿੰਦੀ ਹੈ। ਉਨ੍ਹਾਂ ਕਿਹਾ ਕਿ ਸਰਹੱਦ ਦੇ 10 ਕਿਲੋਮੀਟਰ ਦੇ ਘੇਰੇ ਵਿੱਚ ਸੂਬੇ ਦੇ 1500 ਪਿੰਡ ਆਉਂਦੇ ਹਨ, ਜਿਨ੍ਹਾਂ ਵਿੱਚੋਂ ਸਿਰਫ਼ 101 ਪਿੰਡਾਂ ਨੂੰ ਇਸ ਸਕੀਮ ਲਈ ਚੁਣਿਆ ਗਿਆ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਰਿਆਇਤਾਂ ਦੇਣ ਦੀ ਲੋੜ ਹੈ ਤਾਂ ਜੋ ਸਰਹੱਦੀ ਪਿੰਡਾਂ ਤੇ ਕਸਬਿਆਂ ਵਿੱਚ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਉਨ੍ਹਾਂ ਅੱਗੇ ਕਿਹਾ ਕਿ ਪਾਕਿਸਤਾਨ ਨਾਲ ਹਾਲੀਆ ਝੜਪਾਂ ਨੇ ਸਰਹੱਦੀ ਜ਼ਿਲ੍ਹਿਆਂ ਨੂੰ ਜੰਗ ਲਈ ਤਿਆਰ ਕਰਨ ਦੀ ਲੋੜ ਉਭਾਰੀ ਹੈ, ਜਿਸ ਤਹਿਤ ਸਰਹੱਦੀ ਪਿੰਡਾਂ ਲਈ ਬਦਲਵੇਂ ਸੰਪਰਕ ਰਾਹ ਅਤੇ ਸ਼ਹਿਰੀ ਵਸੋਂ ਲਈ ਬੰਕਰਾਂ ਤੇ ਏਅਰ ਸ਼ੈਲਟਰਾਂ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰੇਕ ਜ਼ਿਲ੍ਹੇ ਵਿੱਚ ਐਮਰਜੈਂਸੀ ਅਪਰੇਸ਼ਨ ਸੈਂਟਰ ਅਤੇ ਅਤਿ-ਆਧੁਨਿਕ ਰਿਸਪਾਂਸ ਕਮਾਂਡ ਤੇ ਕੰਟਰੋਲ ਸੈਂਟਰ, ਸਟਰੀਟ ਲਾਈਟਾਂ ਲਈ ਸੈਂਸਰ, ਸਰਹੱਦੀ ਸ਼ਹਿਰਾਂ ਵਿੱਚ ਟਰੌਮਾ ਸੈਂਟਰ ਤੇ ਸੈਕੰਡਰੀ ਤੇ ਟਰਸ਼ਰੀ ਸਿਹਤ ਸੰਭਾਲ ਸੇਵਾਵਾਂ ਦੇਣੀਆਂ ਜ਼ਰੂਰੀ ਹਨ। ਇਸੇ ਤਰ੍ਹਾਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਹਵਾਈ ਫੌਜ, ਥਲ ਸੈਨਾ ਤੇ ਬੀ.ਐਸ.ਐਫ. ਵਿਚਾਲੇ ਸੁਚਾਰੂ ਸੰਚਾਰ ਲਈ ਸੁਰੱਖਿਅਤ ਲਾਈਨਾਂ ਯਕੀਨੀ ਬਣਾਉਣ ਦੇ ਨਾਲ-ਨਾਲ ਸਾਈਬਰ ਸੁਰੱਖਿਆ ਲਈ ਕਦਮ ਚੁੱਕੇ ਜਾਣ, 'ਗਤੀਸ਼ਕਤੀ ਪ੍ਰੋਗਰਾਮ' ਤਹਿਤ ਰਿਸੋਰਸ ਮੈਪਿੰਗ ਅਤੇ ਜ਼ਿਲ੍ਹਾ ਸਿਵਲ ਡਿਫੈਂਸ ਨੂੰ ਮਜ਼ਬੂਤ ਕੀਤਾ ਜਾਵੇ। ਇਸ ਦੇ ਨਾਲ-ਨਾਲ ਆਫ਼ਤ ਦੌਰਾਨ ਰਾਹਤ ਕਾਰਜ ਵੀ ਯਕੀਨੀ ਬਣਾਉਣੇ ਚਾਹੀਦੇ ਹਨ।

ਸਨਅਤੀ ਖ਼ੇਤਰ ਦੇ ਮੁੱਦੇ ਚੁੱਕਦਿਆਂ ਮੁੱਖ ਮੰਤਰੀ ਨੇ ਸੂਬਾ ਸਰਕਾਰ ਵੱਲੋਂ ਕੀਤੀਆਂ ਅਹਿਮ ਪਹਿਲਕਦਮੀਆਂ ਦੀ ਨਿਸ਼ਾਨਦੇਹੀ ਕੀਤੀ, ਜਿਨ੍ਹਾਂ ਵਿੱਚ ਫਾਸਟ ਟਰੈਕ ਪੰਜਾਬ ਪੋਰਟਲ, ਸਮਾਂਬੱਧ ਸੇਵਾਵਾਂ, ਰਾਈਟ ਟੂ ਬਿਜ਼ਨਸ ਐਕਟ, ਕਲਰ ਕੋਡਿਡ ਸਟੈਂਪ ਪੇਪਰ ਦੀ ਸ਼ੁਰੂਆਤ ਅਤੇ ਨਿਵੇਸ਼ ਪੱਖੀ ਹੋਰ ਕਦਮਾਂ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸੂਬੇ ਦੇ ਅਰਥਚਾਰੇ ਵਿੱਚ ਮੈਨੂਫੈਕਚਰਿੰਗ ਦਾ ਹਿੱਸਾ 14.4 ਫੀਸਦੀ ਹੈ ਪਰ ਸੂਬਾ ਸਰਕਾਰ 2030 ਤੱਕ ਇਸ ਨੂੰ ਵਧਾ ਕੇ 20 ਫੀਸਦੀ ਅਤੇ 2047 ਤੱਕ 25 ਫੀਸਦੀ ਕਰਨ ਦੀ ਇੱਛੁਕ ਹੈ। ਭਗਵੰਤ ਸਿੰਘ ਮਾਨ ਨੇ ਇਸ ਲਈ ਪੂਰੀ ਤਰ੍ਹਾਂ ਜ਼ਮੀਨੀ ਸਰਹੱਦ ਨਾਲ ਜੁੜੇ ਪੰਜਾਬ ਵਾਸਤੇ ਢੋਆ-ਢੁਆਈ ਸਬਸਿਡੀ ਦੀ ਮੰਗ ਕੀਤੀ ਅਤੇ ਛੋਟੇ ਮੈਨੂਫੈਕਚਰਾਂ ਲਈ ਐਕਸਪੋਰਟ ਪ੍ਰੋਮੋਸ਼ਨ ਕੈਪੀਟਲ ਗੁੱਡਜ਼ (ਈ.ਪੀ.ਸੀ.ਜੀ.) ਸਕੀਮ ਦੀ ਤਰਜ਼ ਉੱਤੇ ਸਕੀਮ ਲਿਆਉਣ ਲਈ ਕਿਹਾ ਤਾਂ ਜੋ ਇਨ੍ਹਾਂ ਦੇ ਉਤਪਾਦ ਦੇਸ਼ ਦੇ ਅੰਦਰ ਭੇਜੇ ਜਾ ਸਕਣ।

ਮੁੱਖ ਮੰਤਰੀ ਨੇ ਪੀ.ਐਲ.ਆਈ. ਦਾ ਵਿਸਤਾਰ ਸਾਈਕਲ, ਈ-ਬਾਈਕ ਤੇ ਇਨ੍ਹਾਂ ਉਪਕਰਨਾਂ, ਸਾਈਕਲਾਂ ਲਈ ਨਵੇਂ ਉਤਪਾਦ ਡਿਜ਼ਾਇਨ ਤੇ ਮਟੀਰੀਅਲ ਤੇ ਖੋਜ ਤੇ ਵਿਸਤਾਰ ਸਹੂਲਤਾਂ ਤੱਕ ਵਧਾਉਣ ਅਤੇ ਲੁਧਿਆਣਾ ਵਿੱਚ ਐਸ.ਪੀ.ਵੀ. ਮੋਡ ਵਿੱਚ ਹਾਈ ਟੈੱਕ ਵੈਲੀ ਇੰਡਸਟਰੀਅਲ ਪਾਰਕ ਦੇ ਵਿਸਤਾਰ ਅਤੇ ਇਸ ਨੂੰ ਸਾਈਕਲ ਬਰਾਮਦ ਜ਼ੋਨ ਦੇ ਕਲੱਸਟਰ ਵਜੋਂ ਵਿਕਸਤ ਕਰਨ ਦੀ ਮੰਗ ਕੀਤੀ। ਉਨ੍ਹਾਂ ਜਲੰਧਰ ਵਿੱਚ ਖੇਡ ਉਪਤਾਦਾਂ ਦਾ ਬਰਾਮਦ ਜ਼ੋਨ ਵਿਕਸਤ ਕਰਨ, ਖੇਡ ਮੈਦਾਨਾਂ ਦੇ ਵਿਕਾਸ ਲਈ ਮੰਗ ਨੂੰ ਹੁਲਾਰਾ ਦੇਣ ਲਈ ਸੂਬੇ ਦੀ ਮੈਗਾ ਸਪੋਰਟਸ ਪਹਿਲਕਦਮੀ ਅਤੇ ਪੰਜਾਬ ਦੇ ਹਰੇਕ ਪਿੰਡ ਵਿੱਚ ਇੰਡੋਰ ਜਿੰਮ ਬਣਾਉਣ ਅਤੇ ਖੇਡ ਸਨਅਤ ਨੂੰ ਹੁਲਾਰਾ ਦੇਣ ਲਈ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣ ਦੀ ਮੰਗ ਕੀਤੀ। ਭਗਵੰਤ ਸਿੰਘ ਮਾਨ ਨੇ ਆਟੋ ਮੋਬਾਈਲ ਖ਼ੇਤਰ ਲਈ ਖੋਜ ਤੇ ਵਿਕਾਸ ਅਤੇ ਨਵੇਂ ਉਤਪਾਦ ਡਿਜ਼ਾਇਨ ਤੇ ਮਟੀਰੀਅਲ, ਹੁਨਰ ਵਿਕਾਸ ਪ੍ਰੋਗਰਾਮ ਚਲਾਉਣ ਲਈ ਕਿਹਾ ਤਾਂ ਜੋ ਆਟੋ ਅਤੇ ਇਲੈਕਟ ?ਰਾਨਿਕ ਵਾਹਨ ਤਕਨਾਲੋਜੀਆਂ ਦੀਆਂ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਉਨ੍ਹਾਂ ਮੋਹਾਲੀ ਵਿੱਚ ਆਟੋ ਤੇ ਆਟੋ ਉਤਪਾਦਾਂ ਲਈ ਸਮਰਪਿਤ ਬਰਾਮਦ ਜ਼ੋਨ ਵਿਕਸਤ ਕਰਨ ਉਪਰ ਵੀ ਜ਼ੋਰ ਦਿੱਤਾ।

ਮੁੱਖ ਮੰਤਰੀ ਨੇ ਸੂਬੇ ਲਈ ਵਿਸ਼ੇਸ਼ ਆਰਥਿਕ ਪੈਕੇਜ ਵੀ ਮੰਗਿਆ, ਜਿਸ ਵਿੱਚ ਦੋ ਹਜ਼ਾਰ ਕਰੋੜ ਰੁਪਏ ਦਾ ਵਿਸ਼ੇਸ਼ ਆਰਥਿਕ ਜ਼ੋਨ, ਇੰਡਸਟਰੀਅਲ ਕਾਰੀਡੋਰ (ਆਲਮੀ ਮੈਨੂਫੈਕਚਰਿੰਗ ਹੱਬ) ਤੇ ਭਾਰਤ ਮਾਲਾ ਪ੍ਰਾਜੈਕਟ, ਮੋਹਾਲੀ ਵਿੱਚ ਸੈਮੀ ਕੰਡਕਟਰ ਲੈਬ ਦਾ ਵਿਸਤਾਰ, ਮੋਹਾਲੀ ਵਿੱਚ ਸਾਫ਼ਟਵੇਅਰ ਤਕਨਾਲੋਜੀ ਪਾਰਕਾਂ ਦੇ ਵਿਸਤਾਰ ਅਤੇ ਪੰਜਾਬ ਵਿੱਚ ਹਰੇਕ ਖ਼ੇਤਰ ਵਾਰ ਵਿਸ਼ੇਸ਼ ਬਰਾਮਦ ਜ਼ੋਨ ਬਣਾਉਣ ਦੀ ਵੀ ਮੰਗ ਰੱਖੀ, ਜਿਨ੍ਹਾਂ ਵਿੱਚ ਅੰਮ੍ਰਿਤਸਰ ਲਈ ਫੂਡ ਪ੍ਰਾਸੈਸਿੰਗ, ਲੁਧਿਆਣਾ ਲਈ ਟੈਕਸਟਾਈਲ ਅਤੇ ਮੋਹਾਲੀ ਲਈ ਆਟੋਮੋਬਾਈਲ ਪਾਰਕ ਸ਼ਾਮਲ ਹਨ। ਖੇਤੀਬਾੜੀ ਖ਼ੇਤਰ ਬਾਰੇ ਗੱਲ ਕਰਦਿਆਂ ਉਨ੍ਹਾਂ ਦੇਸ਼ ਨੂੰ ਅਨਾਜ ਪੱਖੋਂ ਆਤਮ-ਨਿਰਭਰ ਬਣਾਉਣ ਲਈ ਸੂਬੇ ਦੇ ਮਿਹਨਤੀ ਕਿਸਾਨਾਂ ਦੀ ਮੋਹਰੀ ਭੂਮਿਕਾ ਨੂੰ ਚੇਤੇ ਕੀਤਾ। ਭਗਵੰਤ ਸਿੰਘ ਮਾਨ ਨੇ ਯਾਦ ਕਰਵਾਇਆ ਕਿ ਪੰਜਾਬ ਦੇਸ਼ ਦਾ ਤਕਰੀਬਨ 12 ਫੀਸਦੀ ਅਤੇ ਵਿਸ਼ਵ ਦਾ ਤਕਰੀਬਨ ਦੋ ਫੀਸਦੀ ਚੌਲ ਪੈਦਾ ਕਰਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਵਿੱਚ ਫਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕਰ ਰਹੀ ਹੈ।

ਮੁੱਖ ਮੰਤਰੀ ਨੇ ਫ਼ਸਲੀ ਵਿਭਿੰਨਤਾ ਅਤੇ ਝੋਨੇ ਦੀਆਂ ਘੱਟ ਪਾਣੀ ਲੈਣ ਵਾਲੀਆਂ ਕਿਸਮਾਂ ਦੀ ਖ਼ੇਤੀ ਨੂੰ ਹੁਲਾਰਾ ਦੇਣ ਲਈ ਕੇਂਦਰ ਸਰਕਾਰ ਤੋਂ ਸਹਿਯੋਗ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਾਉਣੀ ਸੀਜ਼ਨ 2025 ਦੌਰਾਨ ਪੰਜਾਬ ਸਰਕਾਰ ਨੇ ਸੂਬੇ ਵਿੱਚ ਸਾਉਣੀ ਦੀ ਮੱਕੀ ਨੂੰ ਉਤਸ਼ਾਹਤ ਕਰਨ ਲਈ ਛੇ ਜ਼ਿਲ੍ਹਿਆਂ ਵਿੱਚ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਹੈ, ਇਸ ਲਈ ਪ੍ਰਤੀ ਹੈਕਟੇਅਰ 17,500 ਰੁਪਏ ਦੀ ਵਿੱਤੀ ਮਦਦ ਦਿੱਤੀ ਜਾ ਰਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਅਜਿਹੀ ਪਹਿਲਕਦਮੀ ਦੀ ਹਮਾਇਤ ਕਰ ਕੇ 17,500 ਰੁਪਏ ਪ੍ਰਤੀ ਹੈਕਟੇਅਰ ਦਾ ਨਕਦ ਭੁਗਤਾਨ ਕਰਨ ਲਈ ਫੰਡ ਮੁਹੱਈਆ ਕਰਨੇ ਚਾਹੀਦੇ ਹਨ ਤਾਂ ਜੋ ਸੂਬੇ ਦੇ ਸਾਰੇ ਮੱਕੀ ਉਤਪਾਦਕ ਮੌਜੂਦਾ ਫ਼ਸਲੀ ਵਿਭਿੰਨਤਾ ਪ੍ਰੋਗਰਾਮ ਨਾਲ ਜੁੜਨ।

ਇਸੇ ਤਰ੍ਹਾਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੇ ਦੱਖਣੀ-ਪੱਛਮੀ ਜ਼ਿਲ੍ਹਿਆਂ ਵਿੱਚ ਕਪਾਹ ਸਾਉਣੀ ਦੀ ਮੁੱਖ ਫ਼ਸਲ ਹੈ ਅਤੇ ਇਸ ਦੀ ਜ਼ਿਆਦਾਤਰ ਕਾਸ਼ਤ ਬਠਿੰਡਾ, ਮਾਨਸਾ, ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਵਿੱਚ ਹੁੰਦੀ ਹੈ। ਉਨ੍ਹਾਂ ਕਪਾਹ ਦੀ ਕਾਸ਼ਤ ਹੇਠ ਵੱਧ ਰਕਬਾ ਲਿਆਉਣ ਅਤੇ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਨੂੰ ਉਤਸ਼ਾਹਤ ਕਰਨ ਅਤੇ ਗੁਲਾਬੀ ਸੁੰਡੀ ਦੀ ਰੋਕਥਾਮ ਬਾਰੇ ਸਹਿਯੋਗ ਮੰਗਿਆ। ਉਨ੍ਹਾਂ ਕਿਹਾ ਕਿ ਗੁਲਾਬੀ ਸੁੰਡੀ ਵੱਡੇ ਖ਼ਤਰੇ ਦੇ ਰੂਪ ਵਿੱਚ ਸਾਹਮਣੇ ਆਈ ਹੈ ਅਤੇ ਇਸ ਦੀ ਰੋਕਥਾਮ ਲਈ ਕੀਟਨਾਸ਼ਕਾਂ ਦਾ ਖ਼ਰਚਾ ਵਧਿਆ ਹੈ। ਉਨ੍ਹਾਂ ਕਿਹਾ ਜਦੋਂ ਤੱਕ ਇਸ ਦੀ ਰੋਕਥਾਮ ਕਰਨ ਵਾਲੇ ਨਵੇਂ ਬੀਜ ਸਾਹਮਣੇ ਨਹੀਂ ਆ ਜਾਂਦੇ, ਉਦੋਂ ਤੱਕ ਪੀ.ਬੀ.ਡਬਲਯੂ. ਦੇ ਪ੍ਰਬੰਧਨ ਲਈ ਇਸ ਸੁੰਡੀ ਦੀ ਪ੍ਰਜਣਨ ਕਿਰਿਆ ਨੂੰ ਰੋਕਣ ਵਾਲੀ ਤਕਨੀਕ ਲਈ ਸਹਿਯੋਗ ਦਿੱਤਾ ਜਾਵੇ। ਭਗਵੰਤ ਸਿੰਘ ਮਾਨ ਨੇ ਇਹ ਵੀ ਕਿਹਾ ਕਿ 20 ਹੋਰ ਏ.ਆਈ. ਆਧਾਰਤ ਪੀ.ਬੀ.ਡਬਲਯੂ. ਫੇਰੋਮੋਨ ਟਰੈਪ ਵੀ ਦਿੱਤੇ ਜਾਣ, ਜਿਹੜੇ ਇਸ ਸੁੰਡੀ ਦੇ ਹਮਲੇ ਬਾਰੇ ਅਗਾਊਂ ਚੇਤਾਵਨੀ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਪਾਹ ਉੱਤੇ ਗੁਲਾਬੀ ਸੁੰਡੀ ਦੇ ਹਮਲੇ ਬਾਰੇ ਅਗਾਊਂ ਜਾਣੂੰ ਕਰਵਾਇਆ ਜਾਵੇ, ਜਿਵੇਂ ਕਿ ਪਹਿਲਾਂ ਸੈਂਟਰਲ ਇੰਸਟੀਚਿਊਟ ਆਫ਼ ਕਾਟਨ ਰਿਸਰਚ, ਨਾਗਪੁਰ ਵੱਲੋਂ ਕੀਤਾ ਜਾਂਦਾ ਰਿਹਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਮਜ਼ਦੂਰੀ ਦੀ ਲਾਗਤ ਕਿਸਾਨਾਂ ਨੂੰ ਨਰਮੇ ਦੀ ਖੇਤੀ ਵਿੱਚ ਹੋਣ ਵਾਲੇ ਪ੍ਰਮੁੱਖ ਖਰਚਿਆਂ ਵਿੱਚੋਂ ਇੱਕ ਹੈ ਕਿਉਂਕਿ ਇਹ ਪੈਦਾਵਾਰ ਦੀ ਕੁੱਲ ਕੀਮਤ ਦਾ ਲਗਭਗ 14 ਫੀਸਦ ਪੈਂਦੀ ਹੈ। ਉਨ੍ਹਾਂ ਕਿਹਾ ਕਿ ਇਸ ਲਈ ਉੱਤਰੀ ਜ਼ੋਨ/ਪੰਜਾਬ ਵਿੱਚ ਨਰਮੇ ਦੀ ਖੇਤੀ ਵਿੱਚ ਮਸ਼ੀਨੀਕਰਨ ਦੇ ਦਾਇਰੇ ਦਾ ਮੁਲਾਂਕਣ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੂੰ ਕਿਸਾਨਾਂ ਨੂੰ ਸਬਸਿਡੀ ਦਰਾਂ 'ਤੇ ਨਰਮੇ ਦੇ ਬੀਜ ਮੁਹੱਈਆ ਕਰਵਾ ਕੇ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਨਰਮੇ ਤੋਂ ਬਦਲ ਕੇ ਝੋਨੇ ਹੇਠ ਰਕਬਾ ਵਧਣ ਦਾ ਮੁੱਖ ਕਾਰਨ ਨਰਮੇ ਵਿੱਚ ਘੱਟ ਮੁਨਾਫ਼ਾ ਹੈ, ਜਦੋਂ ਕਿ ਨਰਮੇ ਦੀ ਫ਼ਸਲ ਪਾਣੀ ਬਚਾਉਣ ਵਾਲੀ ਫਸਲ ਹੈ ਅਤੇ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਲਈ ਝੋਨੇ ਅਧੀਨ ਰਕਬੇ ਨੂੰ ਨਰਮੇ ਅਧੀਨ ਲਿਆਂਦਾ ਜਾ ਸਕਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਲਈ ਕਿਸਾਨਾਂ ਨੂੰ ਮੁਨਾਫ਼ੇ ਦਾ ਮੌਕਾ ਦੇ ਕੇ ਰਕਬੇ ਦੇ ਆਧਾਰ 'ਤੇ ਨਰਮੇ ਦੀ ਕਾਸ਼ਤ ਲਈ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ।

# ਪੀ.ਐਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ ਵਿਖੇ ਛੇਵੀਂ ਜਮਾਤ 'ਚ ਦਾਖਲਾ ਸ਼ੁਰੂ

**ਬਰਨਾਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੀ.ਐਮ. ਸ੍ਰੀ ਸਕੂਲ ਜਵਾਹਰ ਨਵੋਦਿਆ ਵਿਦਿਆਲਿਆ 'ਚ (ਸੈਸ਼ਨ 2026-27) ਵਿੱਚ ਦਾਖਲਾ ਲੈਣ ਲਈ ਆਨਲਾਈਨ ਫਾਰਮ ਭਰਨੇ ਸ਼ੁਰੂ ਹੋ ਚੁੱਕੇ ਹਨ।

ਇਹ ਜਾਣਕਾਰੀ ਦਿੰਦਿਆਂ ਸਕੂਲ ਦੇ ਬੁਲਾਰੇ ਨੇ ਦੱਸਿਆ ਕਿ ਕੋਈ ਵੀ ਉਮੀਦਵਾਰ ਜੋ ਜ਼ਿਲ੍ਹਾ ਬਰਨਾਲਾ ਦਾ/ਦੀ ਪੱਕਾ ਵਸਨੀਕ ਹੈ ਅਤੇ ਇਸ ਸਮੇਂ ਬਰਨਾਲਾ ਜ਼ਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਮਾਨਤਾ ਪ੍ਰਾਪਤ ਸਕੂਲ ਵਿੱਚ ਪੰਜਵੀਂ ਜਮਾਤ(2025-26) ਵਿੱਚ ਪੜ੍ਹ ਰਿਹਾ/ਰਹੀ ਹੈ ਅਤੇ ਜਨਮ ਮਿਤੀ ਦੀ ਹੱਦ ਮਿਤੀ 01 ਮਈ 2014 ਤੋਂ 31 ਜੁਲਾਈ 2016 ਤੱਕ ਹੈ, ਉਹ ਫਾਰਮ ਭਰ ਸਕਦਾ ਹੈ। ਛੇਵੀਂ ਜਮਾਤ ਸੈਸ਼ਨ 2026-27 ਵਿੱਚ ਦਾਖਲਾ ਲੈਣ ਲਈ ਪ੍ਰੀਖਿਆ ਮਿਤੀ 31 ਦਸੰਬਰ, 2025 (ਸ਼ਨੀਵਾਰ) ਨੂੰ ਹੋਵੇਗੀ। ਵਿਭਾਗ ਦੀ ਵੈਬਸਾਈਟ www.navodaya.gov.in ਤੇ ਫਾਰਮ ਭਰਨ ਦੀ ਮਿਤੀ 29 ਜੁਲਾਈ 2025 ਤੱਕ ਹੈ।

ਵਧੇਰੇ ਜਾਣਕਾਰੀ ਲਈ ਹੈਲਪ ਡੈਸਕ ਨੰਬਰ 9417663087 'ਤੇ ਕੰਮ ਵਾਲੇ ਦਿਨ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਸੰਪਰਕ ਕਰੋ।

# ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ: ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਪ੍ਰਣ ਲਿਆ



**ਬਰਨਾਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਅੱਜ ਅੰਤਰਰਾਸ਼ਟਰੀ ਨਸ਼ਾ ਰੋਕਥਾਮ ਦਿਵਸ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਮਨਾਇਆ ਗਿਆ।

ਇਸ ਮੌਕੇ ਹਾਜ਼ਰ ਅਧਿਕਾਰੀਆਂ ਅਤੇ ਕਰਮਚਾਰੀਆਂ ਵਲੋਂ ਨਸ਼ਿਆਂ ਵਿਰੁੱਧ ਪ੍ਰਣ ਲਿਆ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਜਿੱਥੇ ਨਸ਼ਾ ਮੁਕਤ ਭਾਰਤ ਅਭਿਆਨ ਚੱਲ ਰਿਹਾ ਹੈ ਓਥੇ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੀ ਨਸ਼ਿਆਂ ਵਿਰੁੱਧ ਗਤੀਵਿਧੀਆਂ ਜਾਰੀ ਹਨ। ਉਨ੍ਹਾਂ ਸਾਰੇ ਵਿਭਾਗਾਂ ਨੂੰ ਇਸ ਮੁਹਿੰਮ ਤਹਿਤ ਸ਼ਿੱਦਤ ਨਾਲ ਕੰਮ ਕਰਨ ਦਾ ਸੱਦਾ ਦਿੱਤਾ ਤਾਂ ਜੋ ਨਸ਼ਿਆਂ ਦਾ ਖਾਤਮਾ ਕੀਤਾ ਜਾ ਸਕੇ।

ਇਸ ਮੌਕੇ ਡਾਕਟਰ ਗਗਨਦੀਪ ਸਿੰਘ ਸੇਖੋਂ (ਮਨੋਵਿਗਿਆਨਕ ਮਹਿਰ) ਨੇ ਵੱਖ ਵੱਖ ਤਰ੍ਹਾਂ ਦੇ ਨਸ਼ਿਆਂ, ਮਰੀਜ਼ਾਂ ਦੇ ਲੱਛਣ ਅਤੇ ਇਲਾਜ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਤੇਅਵਾਸਪ੍ਰੀਤ ਕੌਰ ਵਲੋਂ ਹਾਜ਼ਰੀਨ ਨੂੰ ਸਮਾਗਮ ਦੇ ਉਦੇਸ਼ ਬਾਰੇ ਦੱਸਿਆ ਗਿਆ ਅਤੇ ਨਸ਼ਿਆਂ ਵਿਰੁੱਧ ਸਹੁੰ ਚੁਕਾਈ ਗਈ। ਇਸ ਮੌਕੇ ਹਾਜ਼ਰੀਨ ਨੂੰ ਨਸ਼ਿਆਂ ਵਿਰੁੱਧ ਸੁਨੇਹਾ ਦਿੰਦੀਆਂ ਵੀਡੀਓਜ਼ ਵੀ ਦਿਖਾਈਆਂ ਗਈਆਂ।

ਇਸ ਮੌਕੇ ਐਸ ਐਸ ਪੀ ਸ੍ਰੀ ਸੰਦੀਪ ਮਲਿਕ, ਐਸ ਪੀ ਸ੍ਰੀ ਰਾਜੇਸ਼ ਛਿੱਬਰ, ਏ ਡੀ ਸੀ (ਜ) ਮੈਡਮ ਅਨੁਪ੍ਰਿਤਾ ਜੌਹਲ, ਏ ਡੀ ਸੀ (ਵਿਕਾਸ) ਸਤਵੰਤ ਸਿੰਘ ਅਤੇ ਹੋਰ ਅਧਿਕਾਰੀ, ਕਰਮਚਾਰੀ ਹਾਜ਼ਰ ਸਨ।

# ਭਾਰਤ 'ਚ ਰਹਿਣ ਲਈ ਕੀ ਕਰ ਗਈਆਂ ਗੋਰੀਆਂ



**ਲਖਨਊ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ 'ਚ ਚੋਰੀ-ਛਿਪੇ ਰਹਿਣ ਲਈ ਕਈ ਵਿਦੇਸ਼ੀ ਨਾਗਰਿਕ ਤਰ੍ਹਾਂ-ਤਰ੍ਹਾਂ ਦੇ ਜੁਗਾੜ ਲਾਉਂਦੇ ਹਨ। ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ 'ਚ ਇੱਕ ਅਨੋਖਾ ਮਾਮਲਾ ਸਾਹਮਣੇ ਆਇਆ ਹੈ। ਉਥੇ ਉਜ਼ਬੇਕਿਸਤਾਨ ਦੀਆਂ ਦੋ ਔਰਤਾਂ ਨੂੰ ਪੁਲਿਸ ਨੇ ਫ਼ੜਿਆ ਹੈ। ਇਹ ਦੋਵੇਂ ਔਰਤਾਂ ਗ਼ੈਰ-ਕਾਨੂੰਨੀ ਢੰਗ ਨਾਲ ਭਾਰਤ 'ਚ ਰਹਿ ਰਹੀਆਂ ਸਨ। ਦਰਅਸਲ ਇਨ੍ਹਾਂ ਦੋਵਾਂ ਔਰਤਾਂ ਨੇ ਪਲਾਸਟਿਕ ਸਰਜਰੀ ਕਰਵਾ ਕੇ ਆਪਣੀ ਅਸਲੀ ਪਛਾਣ ਵੀ ਲੁਕਾ ਲਈ ਸੀ। ਹਾਲਾਂਕਿ ਹੁਣ ਪੁਲੀਸ ਨੇ ਦੋਵਾਂ ਨੂੰ ਫ਼ੜ ਕੇ ਪੂਰੇ ਰੈਕੇਟ ਦਾ ਪਰਦਾਫ਼ਾਸ਼ ਕੀਤਾ ਹੈ। ਇਹ ਰੈਕੇਟ ਵਿਦੇਸ਼ੀ ਲੋਕਾਂ ਦੀ ਪਲਾਸਟਿਕ ਸਰਜਰੀ ਕਰ ਕੇ ਉਨ੍ਹਾਂ ਦੀ ਪਛਾਣ ਬਦਲ ਦਿੰਦਾ ਸੀ। ਉਸ ਤੋਂ ਬਾਅਦ ਉਨ੍ਹਾਂ ਨੂੰ ਗ਼ੈਰ-ਕਾਨੂੰਨੀ ਢੰਗ ਦੇਸ਼ 'ਚ ਵਸਾਇਆ ਜਾਂਦਾ ਸੀ।

ਦੱਸਿਆ ਜਾ ਰਿਹਾ ਹੈ ਕਿ ਇਹ ਦੋਵੇਂ ਔਰਤਾਂ ਬਿਨਾਂ ਪਾਸਪੋਰਟ ਅਤੇ ਵੀਜ਼ਾ ਦੇ ਭਾਰਤ 'ਚ ਰਹਿ ਰਹੀਆਂ ਸਨ। ਔਰਤਾਂ ਦੀ ਪਛਾਣ ਲੁਕਾਉਣ ਲਈ ਪਲਾਸਟਿਕ ਸਰਜਰੀ ਕੀਤੀ ਗਈ ਸੀ। ਇਹ ਪੂਰੀ ਖੇਡ ਇੱਕ ਪ੍ਰਾਈਵੇਟ ਕਲਿਨਿਕ ਜ਼ਰੀਏ ਕੀਤੀ ਜਾ ਰਹੀ ਸੀ। ਇਸ ਅੰਤਰਰਾਸ਼ਟਰੀ ਰੈਕੇਟ ਦਾ ਪਰਦਾਫ਼ਾਸ਼ ਪੁਲੀਸ ਨੇ ਵਿਦੇਸ਼ੀ ਖੇਤਰੀ ਰੈਜਿਸ਼ਟ੍ਰੇਸਨ ਦਫ਼ਤਰ ਦੀ ਸੂਚਨਾ 'ਤੇ ਕੀਤਾ। ਜਦੋਂ ਨੂੰ ਇਸ ਮਾਮਲੇ ਬਾਰੇ ਪਤਾ ਲੱਗਾ ਤਾਂ ਉਸ ਨੇ ਪੁਲੀਸ ਨੂੰ ਸੂਚਿਤ ਕੀਤਾ। ਜਾਣਕਾਰੀ ਦੇ ਆਧਾਰ 'ਤੇ ਪੁਲੀਸ ਟੀਮ ਲਖਨਊ ਸਥਿਤ ਇੱਕ ਫ਼ਲੈਟ 'ਚ ਪਹੁੰਚੀ ਜਿੱਥੋਂ ਦੋਵੇਂ ਵਿਦੇਸ਼ੀ ਔਰਤਾਂ ਨੂੰ ਹਿਰਾਸਤ 'ਚ ਲਿਆ ਗਿਆ। ਇਹ ਔਰਤਾਂ ਉਜ਼ਬੇਕਿਸਤਾਨ ਤੋਂ ਹਨ। ਪੁਲੀਸ ਮੁਤਾਬਿਕ ਇਨ੍ਹਾਂ ਨੇ ਆਪਣਾ ਨਾਂ ਹੋਲੀਡਾ ਅਤੇ ਨੀਲੋਫ਼ਰ ਦੱਸਿਆ ਹੈ। **ਦੋ ਸਾਲ ਪਹਿਲਾਂ ਗੁਆਚ ਗਿਆ ਸੀ ਪਾਸਪੋਰਟ:** ਔਰਤਾਂ ਨੇ ਦੱਸਿਆ ਕਿ ਉਨ੍ਹਾਂ ਦੇ ਪਾਸਪੋਰਟ ਅਤੇ ਵੀਜ਼ਾ ਦੋ ਸਾਲ ਪਹਿਲਾਂ ਗੁਆਚ ਗਏ ਸਨ। ਉਜ਼ਬੇਕਿਸਤਾਨ ਦੀ ਇੱਕ ਔਰਤ ਦੋਵਾਂ ਨੂੰ ਇੱਥੇ ਲੈ ਕੇ ਆਈ ਜਿਸ ਦੀ ਮਦਦ ਨਾਲ ਉਨ੍ਹਾਂ ਦੋਵਾਂ ਔਰਤਾਂ ਨੇ ਆਪਣੇ ਚਿਹਰੇ ਦੀ ਪਲਾਸਟਿਕ ਸਰਜਰੀ ਕਰਵਾਈ ਜਿਸ ਤੋਂ ਕੋਈ ਇਹ ਨਾ ਅੰਦਾਜ਼ਾ ਨਾ ਲਗਾ ਸਕੇ ਕਿ ਇਹ ਵਿਦੇਸ਼ੀ ਹਨ। ਲਖਨਊ 'ਚ ਉਨ੍ਹਾਂ ਨੇ ਇੱਕ ਫ਼ਲੈਟ ਲਿਆ ਜਿੱਥੇ ਉਹ ਰਹਿ ਰਹੀਆਂ ਸਨ। ਫ਼ਿਲਹਾਲ ਵਿਦੇਸ਼ੀ ਖੇਤਰੀ ਰੈਜਿਸਟ੍ਰੇਸ਼ਨ ਦਫ਼ਤਰ ਅਤੇ ਕਈ ਜਾਂਚ ਏਜੰਸੀਆਂ ਪੂਰੇ ਮਾਮਲੇ ਦੀ ਜਾਂਚ ਕਰ ਰਹੀਆਂ ਹਨ। ਦੋਵੇਂ ਔਰਤਾਂ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲੀਸ ਇਹ ਪਤਾ ਲਗਾ ਰਹੀ ਹੈ ਕਿ ਪਲਾਸਟਿਕ ਸਰਜਰੀ ਕਰਵਾ ਕੇ ਇਨ੍ਹਾਂ ਦਾ ਭਾਰਤ 'ਚ ਰਹਿਣ ਦਾ ਮਕਸਦ ਕੀ ਸੀ। ਪੁਲੀਸ ਉਸ ਪਲਾਸਟਿਕ ਸਰਜਨ ਦੀ ਭਾਲ ਵੀ ਕਰ ਰਹੀ ਹੈ।

# ਕਮਲ ਭਾਬੀ ਦੇ ਕਾਤਲਾਂ ਦੀ ਹਮਾਇਤ ਕਰਨ ਵਾਲੇ 106 ਔਨਲਾਈਨ ਐਕਾਊਂਟ ਬੰਦ

**ਚੰਡੀਗੜ੍ਹ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਪੁਲੀਸ ਦੀ ਸਾਈਬਰ ਕ੍ਰਾਈਮ ਡਿਵਿਜ਼ਨ ਨੇ ਕਮਲ ਕੌਰ ਭਾਬੀ ਦੇ ਕਤਲ ਅਤੇ ਕਾਤਲਾਂ ਵਲੋਂ ਇਸ ਕਾਰੇ ਨੂੰ ਜਾਇਜ਼ ਠਹਿਰਾਉਣ ਦੀ ਹਮਾਇਤ ਕਰਨ ਵਾਲੇ 106 ਸੋਸ਼ਲ ਮੀਡੀਆ ਖਾਤਿਆਂ ਨੂੰ ਬੰਦ ਕਰ ਦਿੱਤਾ ਹੈ। ਪੁਲੀਸ ਸੂਤਰਾਂ ਨੇ ਕਿਹਾ ਕਿ ਇਨ੍ਹਾਂ ਖਾਤਿਆਂ 'ਤੇ ਪਾਈਆਂ ਜਾ ਰਹੀਆਂ ਪੋਸਟਾਂ ਨਾਲ ਅਮਨ-ਕਾਨੂੰਨ ਦੀ ਹਾਲਤ ਵਿਗੜਨ ਅਤੇ ਫ਼ਿਰਕੂ ਤਨਾਅ ਫ਼ੈਲਣ ਦੀ ਸੰਭਾਵਨਾ ਸੀ। ਭਾਬੀ ਦੀ ਹੱਤਿਆ ਮਗਰੋਂ ਔਨਲਾਈਨ ਸਰਗਰਮੀਆਂ 'ਤੇ ਨਜ਼ਰ ਰੱਖ ਰਹੀਆਂ ਜ਼ਿਲ੍ਹਾ ਪੁਲੀਸ ਇਕਾਈਆਂ ਵਲੋਂ ਦਿੱਤੀ ਰਿਪੋਰਟ ਮਗਰੋਂ ਇਹ ਕਾਰਵਾਈ ਹੋਈ ਹੈ। ਔਨਲਾਈਨ ਕਮਲ ਕੌਰ ਭਾਬੀ ਵਜੋਂ ਮਸ਼ਹੂਰ ਦਾ ਕੰਚਨ ਦਾ 11 ਜੂਨ ਨੂੰ ਬਠਿੰਡਾ ਦੀ ਆਦੇਸ਼ ਯੂਨੀਵਰਸਿਟੀ ਨੇੜੇ ਇੱਕ ਕਾਰ ਪਾਰਕਿੰਗ 'ਚ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਗਈ ਸੀ। ਜਾਂਚ ਤੋਂ ਭੇਤ ਖੁੱਲ੍ਹਿਆ ਕਿ ਉਸ ਨੂੰ ਇੱਕ ਕਾਰ ਕੰਪਨੀ ਦੇ ਪ੍ਰਚਾਰ ਸਬੰਧੀ ਇੱਕ ਪ੍ਰੋਗਰਾਮ 'ਚ ਲਿਜਾਉਣ ਦੇ ਬਹਾਨੇ ਲੁਧਿਆਣਾ ਤੋਂ ਲਿਆ ਕੇ ਅਸ਼ਲੀਲ ਸਮੱਗਰੀ ਪੋਸਟ ਕਰਨ ਲਈ ਉਸ ਦੀ ਹੱਤਿਆ ਕਰ ਦਿੱਤੀ ਗਈ ਸੀ। ਕਮਲ ਕੌਰ ਦੀ ਹੱਤਿਆ ਦੇ ਕੁਝ ਘੰਟਿਆਂ ਮਗਰੋਂ ਹੀ ਮੁੱਖ ਮੁਲਜ਼ਮ ਅਤੇ ਕੱਟੜਵਾਦੀ ਜਥੇਬੰਦੀ ਕੌਮ ਦੇ ਰਾਖੇ ਦੇ ਮੁਖੀ ਅੰਮ੍ਰਿਤਪਾਲ ਸਿੰਘ ਮਹਿਰੋਂ UAE ਭੱਜ ਗਿਆ ਸੀ। ਉਸ ਦੇ ਦੋ ਸਾਥੀਆਂ ਜਸਪ੍ਰੀਤ ਸਿੰਘ ਅਤੇ ਨਿਮਰਤਜੀਤ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮੋਗਾ ਜ਼ਿਲ੍ਹੇ ਦਾ ਵਸਨੀਕ ਮਹਿਰੋਂ ਵੀ ਔਨਲਾਈਨ ਸਰਗਰਮ ਰਹਿੰਦਾ ਸੀ। ਇਸ ਤੋਂ ਪਹਿਲਾਂ 2021 'ਚ ਗੀਤ ਦੇ ਅਸ਼ਲੀਲ ਬੋਲਾਂ ਲਈ ਸੰਗੀਤ ਪ੍ਰੋਡਿਊਸਰ ਨੂੰ ਧਮਕੀ ਦੇਣ ਅਤੇ 2020 'ਚ ਹਰਿਮੰਦਰ ਸਾਹਿਬ ਨੇੜੇ ਪੰਜਾਬੀ ਲੋਕ ਨਾਚ ਕਲਾਕਾਰਾਂ ਦੇ ਬੁੱਤਾਂ ਦੀ ਭੰਨ-ਤੋੜ ਦੇ ਮਾਮਲੇ 'ਚ ਵੀ ਉਸ ਖ਼ਿਲਾਫ਼ ਕੇਸ ਦਰਜ ਕੀਤੇ ਗਏ ਸਨ। ਪੁਲੀਸ ਮੁਤਾਬਿਕ ਕਮਲ ਕੌਰ ਦੀ ਹੱਤਿਆ ਸਮੇਂ ਮਹਿਰੋਂ ਵੀ ਉਥੇ ਮੌਜੂਦ ਸੀ ਅਤੇ ਉਸ ਨੇ ਗਲਾ ਘੁੱਟਣ ਤੋਂ ਪਹਿਲਾਂ ਉਸ ਤੋਂ ਫ਼ੋਨ ਦਾ ਪਾਸਵਰਡ ਵੀ ਹਾਸਿਲ ਕੀਤਾ ਸੀ। ਹੱਤਿਆ ਤੋਂ ਕੁਝ ਘੰਟਿਆਂ ਮਗਰੋਂ ਉਹ 10 ਜੂਨ ਨੂੰ ਅੰਮ੍ਰਿਤਸਰ ਤੋਂ ਉਡਾਣ ਫ਼ੜ ਕੇ UAE ਚਲਾ ਗਿਆ ਸੀ। ਉਸ ਖ਼ਿਲਾਫ਼ ਇੱਕ ਲੁਕਆਊਟ ਸਰਕੂਲਰ ਜਾਰੀ ਕੀਤਾ ਗਿਆ ਹੈ। ਅਤੇ ਪੰਜਾਬ ਪੁਲੀਸ ਉਸ ਦੀ ਹਵਾਲਗੀ ਦੀ ਅਪੀਲ ਦਾਖ਼ਲ ਕਰਨ ਦੀ ਤਿਆਰੀ ਕਰ ਰਹੀ ਹੈ। ਉਸ ਹੱਤਿਆ ਮਗਰੋਂ ਪੰਜਾਬ ਦੇ ਔਨਲਾਈਨ ਇਨਫ਼ਲੂਐਂਸਰਾਂ ਵਿਚਕਾਰ ਡਰ ਦਾ ਮਾਹੌਲ ਪੈਦਾ ਹੋ ਗਿਆ ਹੈ ਕਿਉਂਕਿ ਗਰਮਖ਼ਿਆਲੀ ਅਨਸਰਾਂ ਤੋਂ ਇਨਫ਼ਲੂਐਂਸਰਾਂ ਦੀਪਿਕਾ ਲੂਥਰਾ, ਸਿਮਰਜੀਤ ਕੌਰ ਉਰਫ਼ ਪ੍ਰੀਤ ਜੱਟੀ ਅਤੇ ਚੰਦ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲਣੀਆਂ ਸ਼ੁਰੂ ਹੋ ਗਈਆਂ ਹਨ।

# ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਰਗਰਮ

**ਬਰਨਾਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਦੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਅਤੇ ਸਿਹਤ ਵਿਭਾਗ ਸਰਗਰਮ ਹੈ। ਇਸ ਮੁਹਿੰਮ ਤਹਿਤ ਜਿੱਥੇ ਜ਼ਿਲ੍ਹੇ ਦੇ ਨਸ਼ਾ ਮੁਕਤੀ ਕੇਂਦਰਾਂ ਵਿਚ ਨਸ਼ਾ ਪੀੜਤਾਂ ਦਾ ਮੁਫ਼ਤ ਇਲਾਜ ਕੀਤਾ ਜਾ ਰਿਹਾ ਹੈ, ਓਥੇ ਪੂਰੀ ਤਰ੍ਹਾਂ ਨਿਗਰਾਨੀ ਵੀ ਕੀਤੀ ਜਾ ਰਹੀ ਹੈ ਤਾਂ ਜੋ ਨਸ਼ਾ ਪੀੜਤਾਂ ਨੂੰ ਉੱਤਮ ਸਹੂਲਤਾਂ ਮਿਲ ਸਕਣ। ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ 14 ਓਟ ਕੇਂਦਰ, ਇੱਕ ਨਸ਼ਾ ਛੁਡਾਊ ਕੇਂਦਰ (ਸਿਵਲ ਹਸਪਤਾਲ ਵਿਚ) ਅਤੇ ਇਕ ਮੁੜ ਵਸੇਬਾ ਕੇਂਦਰ (ਸੋਹਲ ਪੱਤੀ) ਚੱਲ ਰਿਹਾ ਹੈ ਜਿੱਥੇ ਨਸ਼ਾ ਪੀੜਤਾਂ ਨੂੰ ਮੁਫ਼ਤ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਦੱਸਿਆ ਕਿ ਇਹ ਸਿਹਤ ਸੇਵਾਵਾਂ ਹੋਰ ਬਿਹਤਰ ਤਰੀਕੇ ਨਾਲ ਦਿੱਤੀਆਂ ਜਾ ਸਕਣ, ਇਸ ਵਾਸਤੇ ਸੀਸੀਟੀਵੀ ਕੈਮਰੇ ਲਾਏ ਗਏ ਹਨ।

ਉਨ੍ਹਾਂ ਦੱਸਿਆ ਕਿ ਓਟ ਸੈਂਟਰਾਂ ਵਿਖੇ 28 ਕੈਮਰੇ, ਨਸ਼ਾ ਛੁਡਾਊ ਕੇਂਦਰ ਵਿਖੇ 14 ਕੈਮਰੇ ਤੇ ਮੁੜ ਵਸੇਬੇ ਕੇਂਦਰ ਵਿੱਚ ਕਰੀਬ 18 ਕੈਮਰੇ ਲਗਾਏ ਗਏ ਹਨ। ਇਨ੍ਹਾਂ ਕੈਮਰਿਆਂ ਰਾਹੀਂ 24 ਘੰਟੇ ਇਨ੍ਹਾਂ ਨਸ਼ਾ ਮੁਕਤੀ ਕੇਂਦਰਾਂ 'ਤੇ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਜੋ ਨਸ਼ਾ ਪੀੜਤਾਂ ਨੂੰ ਬੇਹਤਰ ਸਹੂਲਤਾਂ ਦਿੱਤੀਆਂ ਜਾ ਸਕਣ, ਹਰ ਆਉਣ - ਜਾਣ ਵਾਲੇ 'ਤੇ ਨਜ਼ਰ ਰੱਖੀ ਜਾ ਸਕੇ ਅਤੇ ਨਸ਼ਾ ਪੀੜਤਾਂ ਨੂੰ ਦਿੱਤੀ ਜਾਂਦੀ ਦਵਾਈ ਦੀ ਦੁਰਵਰਤੋਂ ਆਦਿ ਨਾ ਹੋਵੇ। ਇਸ ਮੌਕੇ ਸਿਵਲ ਸਰਜਨ ਡਾ. ਬਲਜੀਤ ਸਿੰਘ ਨੇ ਕਿਹਾ ਕਿ ਸਿਹਤ ਵਿਭਾਗ ਬਰਨਾਲਾ ਮਰੀਜ਼ਾਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਵਚਨਬੱਧ ਹੈ।

ਉਨ੍ਹਾਂ ਆਮ ਲੋਕਾਂ, ਪੰਚਾਇਤਾਂ ਤੇ ਸਮਾਜ ਸੇਵੀ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਜੇਕਰ ਕੋਈ ਵੀ ਵਿਅਕਤੀ ਨਸ਼ਾ ਛੱਡਣਾ ਚਾਹੁੰਦਾ ਹੈ ਤਾਂ ਸਿਵਲ ਹਸਪਤਾਲ ਬਰਨਾਲਾ ਦੇ ਨਸ਼ਾ ਛਡਾਊ ਕੇਂਦਰ ਨਾਲ 01679-234014 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਪੰਜਾਬ ਸਰਕਾਰ ਵਲੋਂ ਵੀ ਇਸ ਮੁਹਿੰਮ ਤਹਿਤ 9779100200 ਨੰਬਰ ਜਾਰੀ ਕੀਤਾ ਗਿਆ ਹੈ। ਉਨ੍ਹਾਂ ਸੱਦਾ ਦਿੱਤਾ ਕਿ ਸਾਰੇ ਜ਼ਿਲ੍ਹਾ ਵਾਸੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਚ ਸਹਿਯੋਗ ਦਿੰਦੇ ਹੋਏ ਜ਼ਿਲ੍ਹਾ ਬਰਨਾਲਾ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਭਾਈਵਾਲ ਬਣਨ।

# ਲੌਰੈਂਸ ਗਿਰੋਹ ਨੂੰ ਅਤਿਵਾਦੀ ਸੰਗਠਨ ਐਲਾਨਣ ਦੀ ਮੰਗ

**ਔਟਵਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



: ਲੌਰੈਂਸ ਗੈਂਗ ਭਾਰਤ ਨਾਲ ਸਬੰਧਤ ਹੈ, ਅਤੇ ਉਸ 'ਤੇ ਸਿੱਧੂ ਮੂਸੇਵਾਲਾ ਦੇ ਕਤਲ ਵਰਗੇ ਕਈ ਗੰਭੀਰ ਅਪਰਾਧਾਂ ਦਾ ਦੋਸ਼ ਹੈ। ਉਸ ਦੇ ਗਿਰੋਹ ਦਾ ਨੈੱਟਵਰਕ UK, UAE ਅਤੇ Canada ਤਕ ਫ਼ੈਲਿਆ ਹੋਇਆ ਹੈ ਜਿਸ ਨਾਲ ਇਹ ਇੱਕ ਅੰਤਰਰਾਸ਼ਟਰੀ ਅਪਰਾਧ ਚੁਣੌਤੀ ਬਣ ਗਿਆ ਹੈ। ਹੁਣ ਸਾਰਿਆਂ ਦੀਆਂ ਨਜ਼ਰਾਂ ਇਸ ਗੱਲ 'ਤੇ ਹਨ ਕਿ ਕੀ ਕੈਨੇਡਾ ਸੁਰੱਖਿਆ ਨੂੰ ਤਰਜੀਹ ਦੇਵੇਗਾ ਜਾਂ ਕਾਨੂੰਨੀ ਪੇਚੀਦਗੀਆਂ ਕਾਰਵਾਈ 'ਚ ਦੇਰੀ ਕਰਨਗੀਆਂ। ਕੈਨੇਡਾ 'ਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਮੁਖੀ ਨੇ ਇੱਕ ਮਹੱਤਵਪੂਰਣ ਬਿਆਨ ਦਿੱਤਾ ਹੈ ਜਿਸ 'ਚ ਉਨ੍ਹਾਂ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਨੂੰ ਲੌਰੈਂਸ ਬਿਸ਼ਨੋਈ, ਅਤੇ ਉਸ ਦੇ ਗਿਰੋਹ ਨੂੰ ਅਤਿਵਾਦੀ ਅਤੇ ਅਤਿਵਾਦੀ ਸੰਗਠਨ ਐਲਾਨਣ ਦੀ ਅਪੀਲ ਕੀਤੀ ਹੈ। ਇਹ ਬਿਆਨ ਇੱਕ ਗੰਭੀਰ ਮੁੱਦੇ 'ਤੇ ਕੇਂਦ੍ਰਿਤ ਹੈ ਜੋ ਨਾ ਸਿਰਫ਼ ਕੈਨੇਡਾ ਲਈ ਸਗੋਂ ਪੂਰੀ ਦੁਨੀਆਂ ਲਈ ਚਿੰਤਾ ਦਾ ਇੱਕ ਵਿਸ਼ਾ ਹੈ। BC ਦੇ ਪ੍ਰੀਮੀਅਰ ਐਬੀ ਨੇ ਕਿਹਾ ਕਿ ਉਹ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੂੰ ਇੱਕ ਪੱਤਰ ਭੇਜਣ ਦੀ ਯੋਜਨਾ ਬਣਾ ਰਿਹਾ ਹੈ ਜਿਸ 'ਚ ਇਸ ਗਿਰੋਹ ਨੂੰ ਅਧਿਕਾਰਿਕ ਤੌਰ 'ਤੇ ਇੱਕ ਅਤਿਵਾਦੀ ਸੰਗਠਨ ਐਲਾਨਣ ਦੀ ਬੇਨਤੀ ਕੀਤੀ ਜਾ ਰਹੀ ਹੈ। ਇਹ ਮੰਗ ਹਫ਼ਤੇ ਦੇ ਅੰਤ 'ਚ ਸਰੀ 'ਚ ਆਯੋਜਿਤ ਇੱਕ ਜਨਤਕ ਸੁਰੱਖਿਆ ਫ਼ੋਰਮ ਤੋਂ ਬਾਅਦ ਆਈ ਹੈ ਜਿੱਥੇ ਦੱਖਣੀ ਏਸ਼ੀਆਈ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਅਪਰਾਧਾਂ 'ਤੇ ਚਰਚਾ ਕੀਤੀ ਗਈ ਸੀ। ਪੁਲੀਸ ਨੇ ਕਿਹਾ ਹੈ ਕਿ ਦੱਖਣੀ ਏਸ਼ੀਆਈ ਭਾਈਚਾਰੇ ਦੇ ਮੈਂਬਰਾਂ ਨੂੰ ਧਮਕੀ ਦੇ ਕੇ ਨਕਦੀ ਵਸੂਲੀ ਜਾ ਰਹੀ ਹੈ, ਅਤੇ ਇਹ ਗਿਰੋਹ ਕੁਝ ਅਜਿਹੀਆਂ ਧਮਕੀਆਂ ਨਾਲ ਜੁੜਿਆ ਹੋਇਆ ਹੈ। ਐਬੀ ਨੇ ਕਿਹਾ ਕਿ ਇਹ ਇੱਕ ਗੰਭੀਰ ਕਦਮ ਹੈ। ਕੈਨੇਡੀਅਨ ਸਰਕਾਰ ਨੇ ਮੈਕਸੀਕਨ ਡਰੱਗ ਕਾਰਟੈਲਾਂ ਵਿਰੁੱਧ ਵੀ ਇਸੇ ਤਰ੍ਹਾਂ ਦੀ ਕਾਰਵਾਈ ਕੀਤੀ ਸੀ। ਅਸੀਂ ਇਸ ਸਿਫ਼ਾਰਿਸ਼ ਨੂੰ ਹਲਕੇ 'ਚ ਨਹੀਂ ਕਰ ਰਹੇ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਕਵਿਤਾਵਾਂ ਰਾਹੀਂ ਜਾਗਰੂਕ ਕਰਨ ਵਾਲੀ ਲੇਖਿਕਾ



ਸੁੱਖ ਘੁੰਮਣ
98777-10248

ਸੁੱਖ ਘੁੰਮਣ ਪੰਜਾਬੀ ਸਾਹਿਤ ਵਿਚ ਨਵੀਂ ਅਤੇ ਉੱਭਰਦੀ ਲੇਖਿਕਾ ਹੈ। ਜਿਸ ਨੇ ਕਵਿਤਾਵਾਂ, ਕਹਾਣੀਆਂ, ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਤੋਂ ਬਚਣ ਦਾ ਸਨੇਹਾ ਦਿੱਤਾ। ਉਂਝ ਤਾਂ ਉਸ ਦਾ ਪੂਰਾ ਨਾਂ ਸੁੱਖਪ੍ਰੀਤ ਕੌਰ ਘੁੰਮਣ ਹੈ। ਉਸ ਦਾ ਜਨਮ 27 ਅਕਤੂਬਰ 1997 ਨੂੰ ਪਿਤਾ ਹਰਦੇਵ ਸਿੰਘ ਅਤੇ ਮਾਤਾ ਰਣਜੀਤ ਕੌਰ ਦੇ ਘਰ ਜ਼ਿਲ੍ਹਾ ਬਠਿੰਡਾ 'ਚ ਵਸਦੇ ਪਿੰਡ ਘੁੰਮਣ ਕਲਾਂ ਵਿਖੇ ਹੋਇਆ। ਸੁੱਖ ਨੇ ਦਸਵੀਂ ਦੀ ਪੜ੍ਹਾਈ ਪਿੰਡ ਪੂਹਲੀ ਕਲਾਂ ਦੇ ਸਕੂਲ ਤੋਂ ਕੀਤੀ ਅਤੇ ਬਾਰ੍ਹਵੀਂ ਐੱਸਐੱਸ ਮਾਨ ਗਰਲਜ਼ ਸਕੂਲ ਤੋਂ ਕੀਤੀ। ਸੁੱਖ ਘੁੰਮਣ ਅੱਜ ਕੱਲ੍ਹ ਪਿੰਡ ਪੂਹਲੀ ਕਲਾਂ ਜ਼ਿਲਾ ਬਠਿੰਡਾ ਵਿਖੇ ਰਹਿ ਰਹੀ ਹੈ। ਉਸ ਨੇ ਬੀਏ ਦੀ ਪੜ੍ਹਾਈ ਬਾਬਾ ਮੋਨੀ ਜੀ ਡਿਗਰੀ ਕਾਲਜ ਲਹਿਰਾ ਮੁਹੱਬਤ ਤੋਂ ਕੀਤੀ। ਸੁੱਖ ਹੁਣ ਐੱਮਏ ਪੰਜਾਬੀ ਦਿ ਰੋਇਲ ਕਾਲਜ ਬੋੜਾਵਾਲ (ਮਾਨਸਾ) ਤੋਂ ਕਰ ਰਹੀ ਹੈ। ਆਉ, ਸੁੱਖ ਘੁੰਮਣ ਦੀਆਂ ਰਚਨਾ ਦਾ ਅਨੰਦ ਮਾਣਦੇ ਹਾਂ।

• **ਹਰਮਨ ਸੂਫ਼ੀ ਲਹਿਰਾ**

### ਕਵਿਤਾ

## ਖੋ ਲਏ ਪੁੱਤ

ਘਰ ਵਾਰ ਸਭ ਨੇ,
ਵਿਕਾਤੇ ਚਿੱਟੇ ਨੇ।
ਮਾਪਿਆ ਦੇ ਸਿਰੋਂ,
ਖੋ ਲਏ ਪੁੱਤ ਨੇ।
ਨਸ਼ਿਆਂ ਨੇ ਖਾ ਲਈ,
ਜਵਾਨੀ ਤੇਰੀ ਪੁੱਤਰਾ।
ਸਰੀਰ ਕਰ ਦਿੱਤੇ,
ਥੋਥੇ ਚਿੱਟੇ ਨੇ।
ਕੈਸੀ ਖੇਡ ਏ ਬਣਾਈ,
ਰੱਬਾ ਲੋਕਾਂ ਨੇ।
ਕਈ ਰਿਸ਼ਤੇ ਨੇ,
ਮਾਰੇ ਚਿੱਟੇ ਨੇ।
ਚਾਰ ਦਿਨ ਖ਼ੁਸ਼ੀ ਪਿੱਛੇ,
ਨਸ਼ੇ ਕਾਰਨ !
ਜ਼ਿੰਦਗੀ 'ਚੋ ਹੱਥ ਧੋਂਦੇ ਦੇਖੇ ਮੈਂ।
ਨਸ਼ਿਆਂ ਦੀ ਲੱਤ ਪਿੱਛੇ,
ਬਾਪ ਦੀ ਕਮਾਈ ਪੁੱਤਾ
ਚਿੱਟੇ ਵਿੱਚ ਰੋਲ 'ਤੀ।

ਸਾਡਾ ਪਤਾ ਹੈ–
ਸੰਪਾਦਕ, ਪੰਜਾਬੀ ਜਾਗਰਣ, ਸੀ–120, ਫੋਕਲ ਪੁਆਇੰਟ ਐਕਸਟੈਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com

## ਕੁਝ ਕੰਮ ਦੀਆਂ ਗੱਲਾਂ

- ਮੌਤ ਦਾ ਡਰ ਸਭ ਤੋਂ ਭਿਆਨਕ ਡਰ ਮੰਨਿਆ ਜਾਂਦਾ ਹੈ, ਜਦੋਂ ਇਹ ਡਰ ਖ਼ਤਮ ਫਿਰ ਬਾਕੀ ਡਰ ਵੀ ਖ਼ਤਮ ਹੋ ਜਾਂਦੇ ਹਨ।
- ਸੋਚ ਬਦਲੇਗੀ ਤਾਂ ਕਰਮ ਬਦਲੇਗਾ, ਕਰਮ ਬਦਲੇਗਾ ਤਾਂ ਜ਼ਿੰਦਗੀ ਬਦਲੇਗੀ।
- ਜਦੋਂ ਸੁੱਖ-ਦੁੱਖ, ਹਾਨੀ- ਲਾਭ ,ਚੰਗਾ- ਬੁਰਾ, ਇੱਕੋ ਲੱਗਦਾ ਹੈ ਤਾਂ ਸੱਚ ਮੁੱਚ ਜ਼ਿੰਦਗੀ ਅਨੰਦਮਈ ਹੋ ਜਾਂਦੀ ਹੈ।
- ਤੁਸੀਂ ਜਿੰਨੀ ਮਿਹਨਤ ਅਤੇ ਵਿਸ਼ਵਾਸ ਨਾਲ ਕੰਮ ਕਰਾਂਗੇ ਫਲ ਵੀ ਓਨਾ ਹੀ ਬਿਹਤਰ ਅਤੇ ਮਿੱਠਾ ਹੋਵੇਗਾ।
- ਕੁਦਰਤ ਕੋਲ ਹਰ ਬੀਮਾਰੀ ਦਾ ਇਲਾਜ ਹੈ ਅਤੇ ਹਰ ਸਮੱਸਿਆ ਦਾ ਹੱਲ।
- ਜਿਵੇਂ ਸਾਗਰ ਲਹਿਰਾਂ ਤੋਂ ਬਿਨਾਂ ਨਹੀਂ ਹੁੰਦਾ ਜ਼ਿੰਦਗੀ ਵੀ ਸੁੱਖ ਦੁੱਖ ਤਕਲੀਫਾਂ ਆਦਿ ਤੋਂ ਬਿਨਾਂ ਨਹੀਂ ਹੁੰਦੀ।
- ਕੁਦਰਤ ਕੋਲ ਹਰ ਸਮੱਸਿਆ ਦਾ ਹੱਲ ਹੈ।



# ਸੱਭਿਅਕ ਬਣਨ ਦੀ ਕੋਸ਼ਿਸ਼

ਦਵਿੰਦਰ ਕੌਰ

ਅਸੀਂ ਸਭ ਜਾਣਦੇ ਹਾਂ ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ ਅਤੇ ਯੁੱਗ ਬਦਲਣ ਨਾਲ ਜ਼ਮਾਨਾ ਵੀ ਬਦਲ ਗਿਆ ਹੈ। ਜੀਵਨ ਵਿਚ ਅਸੀਂ ਬਹੁਤ ਤਰੱਕੀਆਂ ਕਰ ਲਈਆਂ ਹਨ। ਨਵੀਆਂ-ਨਵੀਆਂ ਦਵਾਈਆਂ ਨਾਲ ਕਈ ਮਾਰੂ ਬਿਮਾਰੀਆਂ 'ਤੇ ਵੀ ਹੁਣ ਕਾਬੂ ਪੈ ਗਿਆ ਹੈ। ਅਨਪੜ੍ਹਤਾ ਵੀ ਘੱਟ ਹੁੰਦੀ ਜਾ ਰਹੀ ਹੈ। ਸਾਨੂੰ ਜੀਵਨ ਜਿਊਣ ਦੀ ਸੋਝੀ ਆ ਗਈ ਹੈ। ਹੁਣ ਜ਼ਮਾਨੇ ਦੇ ਨਾਲ ਰਲਣ ਲਈ ਅਸੀਂ ਸਾਰੇ ਯਤਨ ਕਰਦੇ ਹਾਂ। ਕੋਈ ਵੀ ਇਨਸਾਨ ਖ਼ੁਦ ਨੂੰ ਨੀਵਾਂ ਨਹੀਂ ਦਿਖਾਉਣਾ ਚਾਹੁੰਦਾ। ਇਸੇ ਦੌੜ ਵਿਚ ਜੀਵਨ ਦਾ ਹਰ ਪੱਖ ਬਦਲ ਗਿਆ।

### ਪਹਿਰਾਵਾ ਅਤੇ ਸੁੰਦਰਤਾ

ਖਾਣ-ਪੀਣ, ਬੋਲਣ, ਬੈਠਣ-ਉੱਠਣ, ਪਹਿਰਾਵਾ ਅਤੇ ਸੁੰਦਰਤਾ ਦੇ ਪੱਖ ਤੋਂ ਲੋਕਾਂ ਵਿਚ ਕਾਫ਼ੀ ਜਾਗਰੂਕਤਾ ਆਈ ਹੈ ਤੇ ਸਾਰੇ ਢੰਗ ਬਦਲ ਗਏ ਹਨ ਪਰ ਇਨ੍ਹਾਂ ਬਦਲਦੇ ਹੋਏ ਢੰਗਾਂ ਨੇ ਕਿਤੇ ਨਾ ਕਿਤੇ ਸਾਡੀ ਸਿਹਤ, ਸੁੰਦਰਤਾ ਅਤੇ ਸਰੀਰ ਨਾਲ ਕਾਫ਼ੀ ਖਿਲਵਾੜ ਕੀਤਾ ਹੈ। ਸਾਡੀਆਂ ਆਦਤਾਂ ਵਿਚ ਘੁਟਣ ਜਿਹੀ ਸਮਾ ਗਈ ਹੈ। ਜ਼ਿੰਦਗੀ ਜਿਊਣ ਦੇ ਢੰਗ ਵੀ ਨਿਯਮਿਤ ਅਤੇ ਸੀਮਿਤ ਜਿਹੇ ਹੋ ਗਏ ਹਨ। ਖੁੱਲ੍ਹ ਕੇ ਹੱਸਣ ਨੂੰ ਹੁਣ ਅਸੱਭਿਅਕ ਮੰਨਿਆ ਜਾਂਦਾ ਹੈ ਪਰ ਬਿਮਾਰੀਆਂ ਦੂਰ ਕਰਨ ਲਈ ਖੁੱਲ੍ਹਾ ਹਾਸਾ ਜਾਂ ਤਾਂ ਯੋਗਾ ਕਲਾਸਾਂ ਦੇ ਵਿਚ ਮਿਲਦਾ ਹੈ ਜਾਂ ਸਪੈਸ਼ਲ ਕਸਰਤ ਹੀ ਬਣ ਗਿਆ ਹੈ। ਪਿੰਡਾਂ ਦੇ ਮਾਹੌਲ 'ਤੇ ਵੀ ਸ਼ਹਿਰੀ ਰੰਗ ਚੜ੍ਹਦਾ ਜਾਂਦਾ ਹੈ ਅਤੇ ਆਪਣਾ ਦੇਸੀਪਨ ਖ਼ਤਮ ਹੁੰਦਾ ਜਾ ਰਿਹਾ ਹੈ। ਆਧੁਨਿਕ ਬਣਨਾ ਵੀ ਜ਼ਰੂਰੀ ਹੈ ਪਰ ਆਪਣੀ ਅਸਲੀਅਤ ਤੋਂ ਦੂਰ ਭੱਜਣਾ ਸਾਨੂੰ ਮਹਿੰਗਾ ਪੈਂਦਾ ਹੈ। ਜੀਵਨ ਜਾਚ ਵਿਚ ਬਹੁਤ ਕੁਝ ਬਦਲ ਚੁੱਕਾ ਹੈ ਜਿਸ ਨੇ ਹਰ ਆਦਮੀ ਦੀ ਸਿਹਤ, ਮਨ, ਦਿਮਾਗ਼, ਸਾਦਗੀ, ਭੋਲਾਪਨ ਅਤੇ ਕੁਦਰਤੀ ਸੁੰਦਰਤਾ ਨੂੰ ਪ੍ਰਭਾਵਿਤ ਕੀਤਾ ਹੈ।

### ਪੁਰਾਣੀਆਂ ਖ਼ੁਰਾਕਾਂ

ਪਹਿਲਾਂ ਲੋਕ ਦੇਸੀ ਖ਼ੁਰਾਕਾਂ ਖਾਂਦੇ ਸਨ। ਖਾਣ-ਪੀਣ ਦਾ ਸਮਾਂ ਵੀ ਸਹੀ ਅਤੇ ਬੱਝਵਾਂ ਹੁੰਦਾ ਸੀ। ਉਹ ਸੂਰਜ ਰਹਿੰਦਿਆਂ ਖਾਣਾ ਖਾ ਲੈਂਦੇ ਸਨ। ਹੋਰ ਵੀ ਸਾਰੇ ਭੋਜਨ ਪਦਾਰਥ ਘਰੇਲੂ ਅਤੇ ਪੌਸ਼ਟਿਕ ਹੁੰਦੇ ਸਨ। ਸਭ ਕੁਝ ਖਾ ਪੀ ਕੇ ਵੀ ਇੰਨੀਆਂ ਬਿਮਾਰੀਆਂ ਨਹੀਂ ਸਨ ਜਿੰਨੀਆਂ ਅੱਜ ਕੱਲ੍ਹ ਹਨ ਪਰ ਹੁਣ ਵੰਨ-ਸੁਵੰਨੇ ਮਸਾਲੇਦਾਰ ਅਤੇ ਚਟਪਟੇ ਭੋਜਨ ਅਤੇ ਜੰਕ-ਫੂਡ ਤੇ ਹੋਰ ਪੀਣ ਵਾਲੇ ਬਣਾਵਟੀ ਪਦਾਰਥ ਚੱਲ ਪਏ ਹਨ ਜੋ ਸਿੱਧੇ ਤੌਰ 'ਤੇ ਬਿਮਾਰੀਆਂ ਨੂੰ ਸੱਦਾ ਦੇਣਾ ਹੈ। ਦੁੱਧ-ਲੱਸੀ ਦੀ ਥਾਂ ਹੁਣ ਕੋਲਡਰਿੰਕ ਨੇ ਲੈ ਲਈ ਤੇ ਪੁਰਾਣੀਆਂ ਖ਼ੁਰਾਕਾਂ ਕਿਸੇ ਦੇ ਹਜ਼ਮ ਨਹੀਂ ਹੁੰਦੀਆਂ।

### ਖੁੱਲ੍ਹ ਕੇ ਵਿਚਾਰ ਪ੍ਰਗਟ ਕਰਨਾ

ਪਹਿਲਾਂ ਲੋਕ ਸਾਦਗੀ ਭਰਪੂਰ ਆਪਣੇ ਦਿਲ ਦੇ ਵਿਚਾਰ ਖੁੱਲ੍ਹ ਕੇ ਪ੍ਰਗਟ ਕਰਦੇ ਸਨ। ਕੁਝ ਕਹਿ ਲੈਂਦੇ ਸਨ ਤੇ ਕੁਝ ਸੁਣ ਲੈਂਦੇ ਸਨ ਪਰ ਹੁਣ ਅਸੀਂ ਸੱਭਿਅਕ ਬਣਨ ਦੀ ਕੋਸ਼ਿਸ਼ ਕਰਦੇ-ਕਰਦੇ ਵਿਚਾਰਾਂ ਅਤੇ ਹਾਵ-ਭਾਵ ਨੂੰ ਦਬਾ ਕੇ ਰਸਮੀ ਤੌਰ 'ਤੇ ਬੋਲਣ ਲੱਗ ਗਏ ਹਾਂ ਕਿ ਕਿਸੇ ਨੂੰ ਬੁਰਾ ਨਾ ਲੱਗੇ। ਜਿਸ ਨਾਲ ਅਸੀਂ ਮਾਨਸਿਕ ਤੌਰ 'ਤੇ ਬਿਮਾਰ ਹੁੰਦੇ ਜਾ ਰਹੇ ਹਾਂ ਅਤੇ ਵਿਚਾਰਾਂ ਦਾ ਤਾਣਾ-ਬਾਣਾ ਦਿਮਾਗ਼ ਦੇ ਅੰਦਰ ਹੀ ਉਲਝਿਆ ਰਹਿੰਦਾ ਹੈ ਜੋ ਸੁਭਾਅ ਨੂੰ ਚਿੜਚਿੜਾ ਬਣਾਉਂਦਾ ਹੈ।



### ਮਾਪਦੰਡ

ਬੋਲਣ-ਚੱਲਣ ਦੇ ਵਾਂਗ ਹੁਣ ਬੈਠਣਾ-ਉਠਣਾ ਵੀ ਸੱਭਿਅਕ ਰੂਪ ਦੇ ਮਾਪਦੰਡ ਮਾਪਦਾ ਰਹਿੰਦਾ ਹੈ। ਰਸਮੀ ਤੌਰ 'ਤੇ ਬੈਠਣਾ, ਉੱਠਣਾ ਜਾਂ ਤੁਰਣਾ ਵੀ ਸਾਡੇ ਸਰੀਰ 'ਤੇ ਕਾਫ਼ੀ ਪ੍ਰਭਾਵ ਪਾਉਂਦਾ ਹੈ। ਪਹਿਲਾਂ ਲੋਕ ਖੁੱਲ੍ਹ ਕੇ ਮਨਮਰਜ਼ੀ ਨਾਲ ਆਪਣੇ ਆਪ ਨੂੰ ਸੁਖਾਵਾਂ ਕਰ ਕੇ ਬਹਿੰਦੇ ਉੱਠਦੇ ਅਤੇ ਚਲਦੇ ਸਨ। ਹੁਣ ਜੋ ਤਬਦੀਲੀ ਆਈ ਹੈ ਉਸ ਅਨੁਸਾਰ ਲੋੜ ਤੋਂ ਵੱਧ ਰਸਮੀਪਨ ਸਰੀਰ ਨੂੰ ਤਕਲੀਫ਼ ਦਿੰਦਾ ਹੈ। ਅਸੀਂ ਇਸ ਚਿੰਤਾ ਵਿਚ ਹੀ ਰਹਿੰਦੇ ਹਾਂ ਕਿ ਵੇਖਣ ਵਾਲੇ ਨੂੰ ਕਿਵੇਂ ਲੱਗੇਗਾ।



### ਆਧੁਨਿਕ ਯੁੱਗ

ਪੁਰਾਣੇ ਸਮੇਂ ਅਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਹੁਣ ਬਹੁਤ ਫ਼ਰਕ ਆ ਗਿਆ ਹੈ। ਸਮੇਂ ਦੇ ਹਾਣੀ ਹੋਣ ਦੇ ਨਾਤੇ ਸਾਨੂੰ ਆਪਣਾ ਪਹਿਰਾਵਾ ਬਦਲਣਾ ਚਾਹੀਦਾ ਹੈ ਅਤੇ ਵਧੀਆ ਦਿੱਖ ਹੋਣੀ ਜ਼ਰੂਰੀ ਹੈ ਪਰ ਜੇਕਰ ਉਹ ਸਰੀਰ ਨੂੰ ਤਕਲੀਫ਼ ਜਾਂ ਘੁਟਣ ਦਿੰਦਾ ਹੈ ਤਾਂ ਅਸੀਂ ਅਜਿਹੇ ਅਣਸੁਖਾਵੇਂ ਪਹਿਰਾਵੇ ਤੋਂ ਪਰਹੇਜ਼ ਵੀ ਕਰ ਸਕਦੇ ਹਾਂ। ਜ਼ਿਆਦਾ ਘੁਟਵੇ ਜਾਂ ਅਣਸੁਖਾਵੇ ਕੱਪੜੇ ਸਾਡੇ ਸਰੀਰ ਦੇ ਨਾਲ-ਨਾਲ ਸਾਡੇ ਸੁਭਾਅ ਨੂੰ ਵੀ ਖ਼ਰਾਬ ਕਰਦੇ ਹਨ।

### ਬਣਾਵਟੀ ਸੁੰਦਰਤਾ

ਅੱਜ ਦੇ ਜ਼ਮਾਨੇ ਵਿਚ ਹਰ ਇਨਸਾਨ ਬਣਾਵਟੀ ਸੁੰਦਰਤਾ ਦੀ ਦੌੜ ਵਿਚ ਲੱਗਾ ਹੋਇਆ ਹੈ ਜਿਸ ਦੇ ਥੱਲੇ ਸਾਡਾ ਅਸਲੀ ਚਿਹਰਾ ਗੁੰਮ ਹੋ ਗਿਆ ਹੈ। ਅੱਜ ਦਾ ਯੁੱਗ ਫ਼ੈਸ਼ਨ ਦਾ ਯੁੱਗ ਹੈ। ਹਰ ਕੋਈ ਮਾਡਰਨ ਬਣ ਕੇ ਰਹਿਣਾ ਚਾਹੁੰਦਾ ਹੈ। ਕਈ ਵਾਰ ਸਾਦੇ ਬੰਦੇ ਨੂੰ ਜ਼ਮਾਨਾ ਪੱਛੜਿਆ ਹੋਇਆ ਵੀ ਸਮਝਦਾ ਹੈ। ਹਰ ਇਨਸਾਨ ਬਣਾਵਟੀ ਸੁੰਦਰਤਾ ਦੇ ਜਾਲ਼ ਵਿਚ ਫ਼ਸ ਕੇ ਮਜਬੂਰ ਹੋ ਚੁੱਕਾ ਹੈ। ਇਸ ਦਾ ਪ੍ਰਭਾਵ ਇਹ ਪੈਂਦਾ ਹੈ ਕਿ ਸੁੰਦਰਤਾ ਜਾਂ ਮੇਕਅੱਪ ਦੀਆਂ ਸਭ ਚੀਜ਼ਾਂ ਕਈ ਪ੍ਰਕਾਰ ਦੇ ਕਾਸਮੈਟਿਕਸ ਸਾਨੂੰ ਖ਼ੂਬਸੂਰਤ ਬਣਾ ਦਿੰਦੀਆਂ ਹਨ ਪਰ ਉਸ ਦਾ ਸਾਡੀ ਚਮੜੀ ਤੇ ਬੁਰਾ ਪ੍ਰਭਾਵ ਪੈਂਦਾ ਹੈ ਜਿਸ ਨਾਲ ਅਸੀਂ ਆਪਣੀ ਕੁਦਰਤੀ ਸੁੰਦਰਤਾ ਵੀ ਹੌਲੀ-ਹੌਲੀ ਗਵਾ ਬੈਠਦੇ ਹਾਂ ਅਤੇ ਸਾਡੇ ਚਿਹਰੇ ਮੁਰਝਾ ਜਾਂਦੇ ਹਨ। ਪੁਰਾਣੇ ਸਮਿਆਂ ਵਿਚ ਲੋਕਾਂ ਕੋਲ ਘਰੇਲੂ ਨੁਸਖ਼ੇ ਹੁੰਦੇ ਸਨ ਜਿਸ ਨਾਲ ਚਿਹਰੇ 'ਤੇ ਰੌਣਕ ਬਣੀ ਰਹਿੰਦੀ ਸੀ।

### ਅਜੋਕੀ ਪੀੜ੍ਹੀ

ਹੁਣ ਨੌਜਵਾਨ ਵਰਗ ਦਾ ਸਾਰਾ ਧਿਆਨ ਵਾਲਾਂ ਨੇ ਖਿਚਿਆ ਹੋਇਆ ਹੈ। ਤਰ੍ਹਾਂ-ਤਰ੍ਹਾਂ ਦੇ ਵਾਲਾਂ ਦੇ ਡਿਜ਼ਾਇਨ ਅਤੇ ਰੰਗ ਅਜੋਕੀ ਪੀੜ੍ਹੀ ਨੂੰ ਆਕਰਸ਼ਿਤ ਤਾਂ ਕਰਦੇ ਹਨ ਪਰ ਇਸ ਦੇ ਪ੍ਰਭਾਵ ਬਹੁਤ ਨੁਕਸਾਨਦਾਇਕ ਹਨ ਜੋ ਸਰੀਰਕ ਅਤੇ ਮਾਨਸਿਕ ਪੱਖ ਤੋਂ ਵਿਨਾਸ਼ ਕਰਦੇ ਹਨ। ਉਮਰ ਤੋਂ ਪਹਿਲਾਂ ਵਾਲ ਕਮਜ਼ੋਰ ਹੋ ਜਾਂਦੇ ਨੇ ਤੇ ਦਿਮਾਗ਼ ਵਾਲ ਸਵਾਰਨ ਵਿਚ ਲੱਗਿਆ ਹੋਣ ਕਾਰਨ ਬੰਦਾ ਆਪਣੇ ਕੰਮਾਂ ਵਿਚ ਧਿਆਨ ਨਹੀਂ ਦੇ ਸਕਦਾ। ਸੋ ਇਸ ਸਭ ਕੁਝ ਸੋਚਣ ਦੇ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ ਆਧੁਨਿਕਤਾ ਅਤੇ ਸ਼ੌਕੀਨੀ ਦੇ ਰੰਗ ਵਿਚ ਰੰਗੇ ਹੋਏ ਇਨਸਾਨ ਨੂੰ ਇਸ ਦੇ ਨਤੀਜਿਆ ਬਾਰੇ ਸੋਚ ਕੇ ਹੀ ਕਿਸੇ ਨਵੀਂ ਚੀਜ਼ ਨੂੰ ਅਪਣਾਉਣਾ ਚਾਹੀਦਾ ਹੈ। ਆਧੁਨਿਕ ਚੀਜ਼ਾ ਅਪਣਾਉਣੀਆਂ ਚਾਹੀਦੀਆਂ ਹਨ ਤਾਂ ਹੀ ਸਮੇਂ ਦਾ ਹਾਣੀ ਵੀ ਬਣਿਆ ਜਾ ਸਕਦਾ ਹੈ। ਇਸ ਦੇ ਨਾਲ ਹੀ ਆਪਣੇ ਆਪ ਨੂੰ ਵੀ ਸੰਭਾਲੀ ਰੱਖਣਾ ਜ਼ਰੂਰੀ ਹੈ ਕਿਉਂਕਿ ਕਿਸੇ ਵੀ ਚੀਜ਼ ਦੀ ਘਾਟ ਮਾੜੀ ਹੁੰਦੀ ਹੈ ਅਤੇ ਬਹੁਤਾਤ ਵੀ। ਸਾਨੂੰ ਪੁਰਾਤਨ ਵਿਰਸੇ ਦੀਆਂ ਚੀਜ਼ਾਂ ਨੂੰ ਨਾਲ ਲੈ ਕੇ ਚਲਦੇ ਹੋਏ ਆਧੁਨਿਕ ਸਮੇਂ ਵਿਚ ਸ਼ਾਮਿਲ ਹੋਣਾ ਚਾਹੀਦਾ ਹੈ ਅਤੇ ਦੇਸੀ ਚੀਜ਼ਾਂ ਦੀ ਵਰਤੋਂ ਕਰਦੇ ਸਮੇਂ ਸ਼ਰਮ ਨਹੀਂ ਮਹਿਸੂਸ ਕਰਨੀ ਚਾਹੀਦੀ। •

82838-32839

## ਪੱਤਰ ਹਰੇ ਕਚੂਰ

# ਬਹੁਪੱਖੀ ਸ਼ਖ਼ਸੀਅਤ



ਤਰਸੇਮ ਬੁੱਟਰ
81465-82152

ਤਰਸੇਮ ਬੁੱਟਰ ਬਹੁਪੱਖੀ ਸ਼ਖ਼ਸੀਅਤ ਦਾ ਨਾਂ ਹੈ। ਉਹ ਇਲਾਕੇ ਦਾ ਉੱਘਾ ਸਮਾਜ ਸੇਵਕ, ਖ਼ੂਨਦਾਨੀ, ਅਦਾਕਾਰ, ਰੇਡੀਓ ਅਨਾਊਂਸਰ, ਸਫਲ ਮੰਚ ਸੰਚਾਲਕ, ਲੇਖਕ ਤਾਂ ਹੈ ਹੀ ਇਸ ਦੇ ਨਾਲ-ਨਾਲ ਉਹ ਵਧੀਆ ਇਨਸਾਨ ਵੀ ਹੈ। ਬੁੱਟਰ ਕਿੱਤੇ ਵਜੋਂ ਸਰਕਾਰੀ ਅਧਿਆਪਕ ਤੇ ਐੱਫਐੱਮ ਰੇਡੀਓ ਬਠਿੰਡਾ 'ਤੇ ਬਤੌਰ ਅਨਾਊਂਸਰ ਕੰਮ ਵੀ ਕਰ ਰਿਹਾ ਹੈ। ਅਦਾਕਾਰੀ ਪੱਖੋਂ ਉਹ ਅਨੇਕਾਂ ਹੀ ਟੈਲੀ ਫ਼ਿਲਮਾਂ ਤੋਂ ਇਲਾਵਾ ਇਕ ਵੱਡੇ ਪਰਦੇ ਦੀ ਫਿਲਮ ਵੀ ਕਰ ਚੁੱਕਾ ਹੈ। ਤਰਸੇਮ ਆਪਣੇ ਪਿੰਡ ਦੇ ਮਾਲਵਾ ਵੈੱਲਫੇਅਰ ਕਲੱਬ ਦਾ ਜਨਰਲ ਸਕੱਤਰ ਹੈ, ਜਿਸ ਦੇ ਜ਼ਰੀਏ ਉਹ ਅਨੇਕਾਂ ਹੀ ਸਮਾਜ ਸੇਵੀ ਕੰਮਾਂ ਤੋਂ ਇਲਾਵਾ ਹੁਣ ਤਕ ਵੀਹ ਵਾਰ ਖ਼ੂਨਦਾਨ ਕਰ ਚੁੱਕਾ ਹੈ। ਬੁੱਟਰ ਇਲਾਕੇ ਦੀਆਂ ਨਾਮਵਰ ਸਾਹਿਤਕ ਸਭਾਵਾਂ ਦਾ ਸਰਗਰਮ ਕਾਰਕੁਨ ਅਤੇ ਅਹੁਦੇਦਾਰ ਹੋਣ ਕਰਕੇ ਉਸ ਨੂੰ ਮੰਚ ਸੰਚਾਲਕ ਦੀ ਭੂਮਿਕਾ ਨਿਭਾਉਂਦੇ ਆਮ ਵੇਖਿਆ ਜਾਂਦਾ ਹੈ। ਜੇਕਰ ਉਸ ਦੀ ਲੇਖਣੀ ਦੀ ਗੱਲ ਕਰੀਏ ਤਾਂ ਉਹ ਲਿਖਤਾਂ ਜ਼ਰੀਏ ਪੰਜਾਬੀ ਦੇ ਪ੍ਰਸਿੱਧ ਰਸਾਲਿਆਂ, ਮੈਗਜ਼ੀਨਾਂ, ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ, ਸੋਸ਼ਲ ਮੀਡੀਆ ਆਦਿ 'ਤੇ ਆਪਣੀ ਭਰਵੀਂ ਹਾਜ਼ਰੀ ਲਵਾ ਰਿਹਾ ਹੈ। ਫ਼ਖ਼ਰ ਵਾਲੀ ਗੱਲ ਹੈ ਕਿ ਉਸ ਦੀਆਂ ਲਿਖਤਾਂ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਵਿਚ ਸ਼ਾਮਲ ਕੀਤਾ ਗਿਆ ਹੈ। ਮਾਣਦੇ ਹਾਂ ਉਸ ਦੀ ਰਚਨਾ ਦਾ ਅਨੰਦ।

• **ਕੁਲਦੀਪ ਸਿੰਘ ਬੰਗੀ**
94174-07778

### ਨਜ਼ਮ

## ਰੁੱਖੀ ਮਿੱਸੀ

ਨਾ ਵੇਖ ਸ਼ਾਹੀ ਪਕਵਾਨਾ ਨੂੰ ਜੀਅ ਲਲਚਾਈ ਜਾ।
ਖਾ ਕੇ ਰੁੱਖੀ ਮਿੱਸੀ ਰੱਬ ਦਾ ਸ਼ੁਕਰ ਮਨਾਈ ਜਾ।

ਚੈਨ ਖ਼ੁਸ਼ੀ, ਅਨੰਦ, ਤਸੱਲੀ ਆਪ ਮੁਹਾਰੇ ਆਵਣਗੇ,
ਆਪ ਤੋਂ ਨੀਵੇਂ ਵੇਖ ਆਪਣਾ ਵਕਤ ਲੰਘਾਈ ਜਾ

ਮੁਸ਼ਕਿਲ, ਭੀੜਾਂ, ਬਿਪਤਾ, ਸੰਕਟ ਜ਼ਰਨੇ ਪੈਂਦੇ ਬੰਦਿਆਂ ਨੂੰ,
ਦੁੱਖ, ਦਲਿੱਦਰ, ਸਰਵ ਵਿਆਪਕ ਮਨ ਸਮਝਾਈ ਜਾ।

ਟੋਏ ਟਿੱਬੇ, ਪਰਬਤ, ਸਾਗਰ, ਜੰਗਲ ਰਾਹ ਵਿਚ ਅੜਨਾ ਨਾ,
ਮੰਜ਼ਿਲ ਪਾਉਣੀ ਹੱਥ 'ਚ ਤੇਰੇ ਨਾ ਘਬਰਾਈ ਜਾ।

ਮੰਦਰ, ਮਾਜਿਦ, ਗੁਰਦੁਆਰੇ ਹਰ ਮਾਨਵ ਲਈ ਸਾਂਝੇ ਨੇ,
ਧਰਮ ਦੇ ਨਾਂ 'ਤੇ ਲੋਕਾਂ ਵਿਚ ਨਾ ਵੰਡੀਆਂ ਪਾਈ ਜਾ।

ਕੈਂਚੀ ਵਾਂਗੂ ਕੱਟਣ ਦੀ ਥਾਂ ਸੂਈ ਵਾਂਗੂ ਸਿਆਉਣਾ ਸਿੱਖ,
ਬੁੱਟਰ ਵੰਡੀਆਂ ਪਾ-ਪਾ ਕੇ ਤੂੰ ਨਾ ਲੋਕ ਨੂੰ ਲੜਾਈ ਜਾ।

## ਗ਼ਜ਼ਲ



ਗੁਰਪ੍ਰੀਤ ਕੌਰ ਧਾਲੀਵਾਲ
98798-002110

ਘਰ ਤਾਂ ਆਖ਼ਰ ਘਰ ਹੁੰਦੇ ਨੇ।
ਘਰਾਂ 'ਚ ਕਾਹਦੇ ਡਰ ਹੁੰਦੇ ਨੇ।
ਉੱਤੋਂ ਖ਼ੁਸ਼ੀਆਂ ਵੰਡਦੇ ਹਾਂ ਪਰ,
ਹੌਕੇ ਲੁੱਕ-ਲੁੱਕ ਭਰ ਹੁੰਦੇ ਨੇ।
ਆਪਣਿਆਂ ਦੀ ਓਟ ਦੇ ਸਦਕਾ,
ਜਗ ਦੇ ਤਾਹਨੇ ਜ਼ਰ ਹੁੰਦੇ ਨੇ।
ਹੱਕਾਂ ਲਈ ਲੜਨਾ ਨਹੀਂ ਮਾੜਾ,
ਲੜ ਕੇ ਈ ਸੁਪਨੇ ਸਰ ਹੁੰਦੇ ਨੇ।
ਪਿਆਰ ਦੇ ਬੂਟੇ ਮਹਿਕਣ ਉੱਥੇ,
ਤਿੱਤਲੀ ਜਿਹੇ ਜੋ ਦਰ ਹੁੰਦੇ ਨੇ।
ਮਰਨ ਮਿਟਣ ਦੇ ਜਜ਼ਬੇ ਨਾਲ ਹੀ,
ਸੀਸ ਤਲੀ 'ਤੇ ਧਰ ਹੁੰਦੇ ਨੇ।
'ਪ੍ਰੀਤ' ਜੋ ਪਿਆਰ ਵਫ਼ਾ ਨੂੰ ਪਾਲਣ,
ਬੰਦੇ ਓਹੀ ਨਰ ਹੁੰਦੇ ਨੇ।

## ਕਿਸ ਨੇ ਖੋਹ ਲਿਆ ਨਾਨਕੇ ਜਾਣ ਦਾ ਚਾਅ



ਜੂਨ ਦੀਆਂ ਛੁੱਟੀਆਂ ਵਿਚ ਬੱਚਿਆਂ ਨੂੰ ਨਾਨਕੇ ਜਾਣ ਦਾ ਚਾਅ ਇੰਨਾ ਜ਼ਿਆਦਾ ਹੁੰਦਾ ਸੀ ਕਿ ਇਕ ਮਹੀਨੇ ਵਿਚ ਕਰਨ ਵਾਲਾ ਸਕੂਲ ਦਾ ਕੰਮ, ਯਾਨਿ ਕਿ ਜੂਨ ਦੀਆਂ ਛੁੱਟੀਆਂ ਦਾ ਕੰਮ ਇਕ ਹਫ਼ਤੇ ਵਿਚ ਹੀ ਪੂਰਾ ਕਰ ਲਿਆ ਜਾਂਦਾ ਸੀ ਤਾਂ ਕਿ ਨਾਨਕੇ ਜਾ ਕੇ ਪੜ੍ਹਾਈ ਦਾ ਕੋਈ ਫ਼ਿਕਰ ਨਾ ਰਹਿ ਜਾਵੇ। ਬੱਚਿਆਂ ਨੂੰ ਤਾਂ ਖੇਡਣ ਮੱਲਣ ਦਾ ਹੀ ਚਾਅ ਹੁੰਦਾ ਏ ਪੜ੍ਹਨ ਪੜ੍ਹਾਉਣ ਦੀਆਂ ਤਾਂ ਬਾਅਦ ਦੀਆਂ ਗੱਲਾਂ ਹੁੰਦੀਆਂ ਨੇ। ਅੱਜ ਕੱਲ੍ਹ ਜੂਨ ਦੀਆਂ ਛੁੱਟੀਆਂ ਵਿਚ ਨਾਨਕੀ ਜਾਣ ਦੀ ਬਜਾਏ ਠੰਢੀਆਂ ਥਾਵਾਂ 'ਤੇ ਜਾਣੀ ਕਿ ਕੁੱਲੂ, ਮਨਾਲੀ, ਸ਼ਿਮਲੇ ਜਾਂ ਫਿਰ ਵਿਦੇਸ਼ ਜਾਣ ਨੂੰ ਪਹਿਲ ਦੇ ਰਹੇ ਨੇ। ਇਹੀ ਮੋਹ ਪਿਆਰ ਘਟਨ ਦੇ ਸਬੂਤ ਨੇ। ਪਿਛਲੇ ਸਮਿਆਂ ਵਿਚ ਭਾਵੇਂ ਟੈਲੀਫੋਨ ਨਹੀਂ ਸੀ ਹੁੰਦੇ ਪਰ ਫਿਰ ਵੀ ਮਾਮੇ ਮਾਸੀਆਂ ਨੂੰ ਆਪਣੇ ਭਾਣਜੇ, ਭਾਣਜੀਆਂ ਦੇ ਆਉਣ ਦੀ ਪੂਰੀ ਉਡੀਕ ਹੁੰਦੀ ਸੀ ਕਿਉਂਕਿ ਜੂਨ ਦੀਆਂ ਛੁੱਟੀਆਂ ਵਿਚ ਹਰ ਇਕ ਨੇ ਆਪਣੇ ਨਾਨਕੇ ਜ਼ਰੂਰ ਆਉਣਾ ਜਾਣਾ ਹੁੰਦਾ ਸੀ ਪਰ ਅੱਜ ਕੱਲ੍ਹ ਇਹ ਸਭ ਚਾਅ ਘਟਦੇ ਜਾ ਰਹੇ ਨੇ। ਅੱਜ ਨਾ ਤਾਂ ਕੋਈ ਪਹਿਲਾਂ ਵਾਂਗੂ ਉਡੀਕ ਕਰਦਾ ਤੇ ਨਾ ਹੀ ਬਹੁਤੀ ਨਾਨਕੇ ਜਾਣ ਨੂੰ ਤਰਜੀਹ ਦੇ ਦਿੰਦਾ ਹੈ ਜਿਵੇਂ ਹਰ ਥਾਂ 'ਤੇ ਬੱਚਿਆਂ ਨੂੰ ਪਿਤਾ ਦੇ ਨਾਂ 'ਤੇ ਜਾਣਿਆ ਜਾਂਦਾ ਹੈ ਪਰ ਨਾਨਕੀ ਜਾ ਕੇ ਬੱਚਿਆਂ ਦੀ ਵੱਖਰੀ ਪਛਾਣ ਹੁੰਦੀ ਹੈ। ਇੱਥੇ ਉਨ੍ਹਾਂ ਨੂੰ ਮਾਵਾਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਨਾਨਕਿਓਂ ਆਉਣ ਲੱਗਿਆਂ ਨੂੰ ਨਾਨੀ ਵੱਲੋਂ ਕੱਪੜੇ, ਨਗਦੀ, ਹੋਰ ਖਾਣ ਪੀਣ ਦੇ ਸਮਾਨ ਵਿਚ ਘਰ ਦੇ ਬਣਾਏ ਹੋਏ ਬਿਸਕੁਟ, ਸੇਵੀਆਂ ਆਦਿ ਦਿੱਤੇ ਜਾਂਦੇ ਸਨ। ਜ਼ਿਆਦਾ ਤਰ ਪਹਿਲੇ ਬੱਚੇ ਨੂੰ ਨਾਨਕਿਆ ਵੱਲੋਂ ਹੀ ਪਾਲਿਆ ਜਾਂਦਾ ਸੀ। ਇਸ ਦੇ ਨਾਲ-ਨਾਲ 7 ਜਾਂ 9 ਸਾਲ ਦੀ ਉਮਰ ਵਿਚ ਪੱਗ ਬਣਾਈ ਦੀ ਰਸਮ ਵੀ ਨਾਨਕਿਆਂ ਵੱਲੋਂ ਹੀ ਕੀਤੀ ਜਾਂਦੀ ਸੀ। ਪਹਿਲੇ ਵਿਆਹ ਦੇ ਖ਼ਰਚ ਦਾ ਕੁਝ ਹਿੱਸਾ ਨਾਨਕਿਆਂ ਵੱਲੋਂ ਕੀਤਾ ਜਾਂਦਾ ਸੀ। ਜਿਸ ਨੂੰ ਨਾਨਕੀ ਸ਼ੱਕ ਆਖਦੇ ਸਨ ਪਰ ਅੱਜ ਕੱਲ੍ਹ ਸਾਡੀਆਂ ਲੋੜਾਂ, ਮਜਬੂਰੀਆਂ, ਮਹਿਗਾਈ ਤੇ ਲਾਲਚਾ ਨੇ ਸਾਡੇ ਰਿਸ਼ਤਿਆਂ ਨੂੰ ਤਹਿਸ-ਨਹਿਸ ਕਰ ਕੇ ਸਾਡੇ ਪੱਕੇ ਪਵਿੱਤਰ ਰਿਸ਼ਤਿਆਂ ਵਿਚ ਭਾਈਚਾਰਕ ਸਾਂਝ ਵਰਗੇ ਵਰਤਾਰੇ ਤੇ ਪਿਆਰ ਨੂੰ ਜਿਉਂਦਾ ਨਹੀਂ ਰਹਿਣ ਦਿੱਤਾ। ਲੱਗਦਾ ਏ ਹੁਣ ਸਾਡੀ ਆਪ ਮੋਹਾਰੀ ਜ਼ਿੰਦਗੀ ਵਿਚ ਸਾਡੇ ਵਰਤਾਰੇ ਤੇ ਪਿਆਰ ਸਾਥੋਂ ਕੋਹਾਂ ਦੂਰ ਚਲੇ ਗਏ ਹਨ।

• **ਰੇਸ਼ਮ ਸਿੰਘ**, 98151-53111

# ਜੁੱਤੀ ਕਸੂਰੀ ਪੈਰੀਂ ਨਾ ਪੂਰੀ...

ਜੇ. ਐੱਸ. ਬਲਿਆਲਵੀ



ਪੰਜਾਬੀ ਜੁੱਤੀ ਦਾ ਗੜ੍ਹ ਰਿਹਾ ਅਣਵੰਡੇ ਪੰਜਾਬ ਵੇਲੇ ਦਾ ਕਸੂਰ ਸ਼ਹਿਰ। ਲੋਕ ਬੋਲੀਆ ਵਿਚ ਇਸ ਦਾ ਜ਼ਿਕਰ ਅਜੇ ਵੀ ਕਾਇਮ ਹੈ। 'ਜੁੱਤੀ ਕਸੂਰੀ ਪੈਰੀਂ ਨਾ ਪੂਰੀ, ਹਾਏ ਰੱਬਾ ਵੇ ਮੈਨੂੰ ਤੋਰਨਾ ਪਿਆ' ਗੀਤ ਤੁਸੀਂ ਸੁਣਿਆ ਹੀ ਹੋਵੇਗਾ। ਕਿੰਨਾ ਮਿੱਠਾ ਹੈ ਇਹ ਗੀਤ। ਮਨ ਦੇ ਵਲਵਲੇ ਕਿਸ ਤਰ੍ਹਾਂ ਦਰਸਾਏ ਗਏ ਨੇ ਇਸ ਗੀਤ ਵਿਚ। ਜੁੱਤੀ ਨਾਲ ਜੁੜਿਆ ਇਹ ਗੀਤ ਅੱਜ ਵੀ ਸੰਗੀਤ ਪ੍ਰੇਮੀਆਂ ਨੂੰ ਚੰਗਾ ਲੱਗਦਾ ਹੈ। ਭਾਵੇਂ ਜੁੱਤੀ ਦਾ ਰਿਵਾਜ ਪਹਿਲਾ ਦੇ ਮੁਕਾਬਲੇ ਬਹੁਤ ਘੱਟ ਰਿਹੈ ਤੇ ਜੁੱਤੀ ਲੋੜ ਦੀ ਥਾਂ ਫ਼ੈਸ਼ਨ ਦਾ ਹਿੱਸਾ ਬਣਦੀ ਜਾ ਰਹੀ ਹੈ ਪਰ ਕਿਸੇ ਵੇਲੇ ਕਸੂਰ ਸ਼ਹਿਰ ਤੋਂ ਇਲਾਵਾ ਮੁਕਤਸਰ, ਪਟਿਆਲਾ, ਕਪੂਰਥਲਾ ਤੇ ਅੰਮ੍ਰਿਤਸਰ ਦੀ ਬਣੀ ਜੁੱਤੀ ਦੀ ਵੀ ਵਧੇਰੇ ਅਹਿਮੀਅਤ ਹੁੰਦੀ ਸੀ। ਕੋਈ ਵੇਲਾ ਸੀ ਜਦੋਂ ਇੱਥੋਂ ਦੀ ਬਣੀ ਲਾਲ ਸੂਹੇ ਰੰਗ ਦੀ ਕੱਢਵੀ ਜੁੱਤੀ ਦੂਰ-ਦੂਰ ਤਕ ਮਸ਼ਹੂਰ ਸੀ। ਚੀਕੂੰ-ਚੀਕੂੰ ਕਰਦੀ ਉਹ ਜੁੱਤੀ ਦੂਜਿਆ ਉੱਪਰ ਪਹਿਨਣ ਵਾਲੇ ਦੇ ਵਿਅਕਤੀਤਵ ਦਾ ਵੱਖਰਾ ਪ੍ਰਭਾਵ ਛੱਡਦੀ ਸੀ ਤੇ ਸਾਰਿਆਂ ਦਾ ਧਿਆਨ ਆਪਣੇਂ ਵੱਲ ਖਿੱਚਦੀ ਸੀ। ਮਰਦ ਹੀ ਨਹੀਂ ਔਰਤਾਂ ਦੀ ਵੀ ਇਹ ਪਹਿਲੀ ਪਸੰਦ ਵਿਚ ਸ਼ਾਮਲ ਸੀ। ਅੱਜ ਦੇ ਸਮੇਂ ਇਹ ਵਿਰਲੇ ਟਾਵੇਂ ਨੌਜਵਾਨਾਂ ਦੇ ਸ਼ੌਕ ਤਕ ਹੀ ਸੀਮਤ ਹੋ ਕੇ ਰਹਿ ਗਈ ਹੈ। ਕਿਉਂਕਿ ਹੁਣ ਦੀ ਨਵੀਂ ਪਨੀਰੀ ਤੋਂ ਲੈ ਕੇ ਕਿਸੇ ਅਧੇੜ੍ਹ ਉਮਰ ਦੇ ਮਰਦ ਤਕ ਕੁੜਤੇ-ਪਜਮੇ ਦੀ ਥਾਂ ਫੈਸ਼ਨ ਮੁਤਾਬਕ ਪੈਂਟ-ਸ਼ਰਟ ਪਉਂਦੇ ਹਨ ਤੇ ਪੈਂਟ-ਸ਼ਰਟ ਨਾਲ ਜੁੱਤੀ ਦਾ ਕੀ ਮੇਲ, ਇਸ ਕਰਕੇ ਵੀ ਸ਼ਾਇਦ ਜੁੱਤੀ ਪਹਿਨਣ ਦਾ ਸ਼ੌਕ ਘੱਟਦਾ ਜਾ ਰਿਹਾ ਹੈ।

ਪਹਿਲੇਂ ਸਮਿਆਂ 'ਚ ਵਿਆਹ-ਸ਼ਾਦੀਆਂ, ਮੇਲਿਆਂ ਜਾਂ ਹੋਰ ਦਿਨਾਂ ਤਿਉਹਾਰਾਂ 'ਤੇ ਜੁੱਤੀ ਨੂੰ ਤੋਹਫ਼ੇ ਵੱਜੋਂ ਘਰ ਲਿਆਂਦਾ ਜਾਂਦਾ ਸੀ। ਇਹ ਮੌਕਿਆਂ 'ਤੇ ਗੱਭਰੂਆਂ ਦੇ ਪੈਰਾਂ ਵਿਚ ਸਜੀ ਕੱਢਵੀ ਜੁੱਤੀ ਇੰਨੀ ਜੱਚਦੀ ਹੈ ਕਿ ਦੇਖਣ ਵਾਲੇ ਦੇਖਦੇ ਹੀ ਰਹਿ ਜਾਂਦੇ। ਉਸ ਵੇਲੇ ਦੇ ਕਰੀਗਰ ਸਾਦੀਆਂ, ਵੱਖ-ਵੱਖ ਕਲਾਕਿਰਤੀਆਂ ਵਾਲੀਆਂ ਅਨੇਕਾਂ ਹੀ ਕਿਸਮ ਦੀਆਂ ਜੁੱਤੀਆਂ ਤਿਆਰ ਕਰਦੇ ਰਹੇ ਹਨ। ਪੰਜਾਬੀਆਂ ਵੱਲੋਂ ਜ਼ਿਆਦਾਤਰ ਮੌਜਾ, ਨੋਕ ਵਾਲੀ ਜੁੱਤੀ ਅਤੇ ਉਲਟਵੀ ਨੋਕ ਵਾਲੀ ਜੁੱਤੀ ਪਸੰਦ ਕੀਤੀ ਜਾਂਦੀ ਸੀ। ਤਿੱਲੇਦਾਰ ਜੁੱਤੀ ਦੀ ਮੰਗ ਅੱਜ ਵੀ ਗੱਭਰੂਆਂ ਵੱਲੋਂ ਕੀਤੀ ਜਾਂਦੀ ਹੈ। ਮਲਵਈ ਜੁੱਤੀਆਂ ਮੱਧਵਰਗੀ ਪਰਿਵਾਰਾਂ ਵੱਲੋਂ ਪਸੰਦ ਕੀਤੀਆਂ ਜਾਂਦੀਆਂ ਸਨ। ਇਹ ਜੁੱਤੀਆਂ ਤਿੱਲੇਦਾਰ ਜੁੱਤੀ ਨਾਲੋਂ ਵਧੇਰੇ ਮਜ਼ਬੂਤ ਅਤੇ ਮਹਿੰਗੀਆਂ ਹੁੰਦੀਆਂ ਸਨ। ਰਾਜੇ-ਮਹਾਰਾਜੇ ਜੁੱਤੀਆਂ ਉਪਰ ਕਾਰੀਗਰਾਂ ਪਾਸੋਂ ਤਿੱਲੇ ਦੀ ਥਾਂ ਸੋਨੇਂ ਅਤੇ ਚਾਂਦੀ ਦੀਆਂ ਤਾਰਾਂ ਦੀ ਕੱਢਵਾਈ ਕਰਵਾਉਂਦੇ ਸਨ। ਇਕ ਜੋੜੀ ਜੁੱਤੀ ਨੂੰ ਤਿਆਰ ਕਰਨ ਵਿਚ ਇਕ ਕਾਰੀਗਰ ਦੇ 30 ਤੋਂ 40 ਦਿਨ ਲੱਗ ਜਾਂਦੇ ਸਨ। ਅੱਜ ਮਹਿੰਗਾਈ ਦੇ ਦੌਰ 'ਚ ਦੇਸੀ ਜੁੱਤੀਆ ਦੀ ਬਹੁਤੀ ਕਦਰ ਨਹੀਂ ਰਹੀ। ਭਾਵੇਂ ਕੁਝ ਲੋਕ ਅੱਜ ਵੀ ਬੂਟਾਂ ਦੇ ਤਸਮੇ ਖੋਲਣ-ਬੰਨ੍ਹਣ ਨਾਲੋਂ ਜੁੱਤੀ ਪਹਿਨਣਾ ਪਸੰਦ ਕਰਦੇ ਹਨ। ਬੀਤੇ ਸਮਿਆਂ 'ਚ ਜੁੱਤੀਆਂ ਤਿਆਰ ਕਰਨ ਵਾਲਿਆ ਦੀਆਂ ਦੁਕਾਨਾਂ ਵਿਚ ਰੌਣਕਾਂ ਲੱਗੀਆਂ ਰਹਿੰਦੀਆਂ ਸਨ ਪਰ ਅੱਜ ਉਨ੍ਹਾਂ 'ਤੇ ਇੱਕੜ-ਦੁੱਕੜ ਲੋਕ ਹੀ ਨਜ਼ਰ ਆਉਂਦੇ ਹਨ। •

99886-68608

# ਦੁੱਖ-ਸੁੱਖ ਦੀ ਸਾਂਝ

ਦੁਨੀਆ ਦੀ ਸਭ ਤੋਂ ਪਿਆਰੀ ਜਗ੍ਹਾ ਘਰ ਹੁੰਦੀ ਹੈ। ਘਰ ਵਿਚ ਪਿਆਰੇ ਰਿਸ਼ਤੇ ਤੇ ਇਨ੍ਹਾਂ ਰਿਸ਼ਤਿਆਂ ਵਿਚ ਅਸੀਂ ਆਪਸੀ ਪਿਆਰ ਅਤੇ ਦੁੱਖ-ਸੁੱਖ ਦੀ ਸਾਂਝ ਕਰਕੇ ਜੁੜੇ ਰਹਿੰਦੇ ਹਾਂ। ਘਰ ਵਿਚ ਕਈ ਇਨਸਾਨ ਰਹਿੰਦੇ ਹਨ। ਉਨ੍ਹਾਂ ਵਿੱਚੋਂ ਜੇਕਰ ਕਿਸੇ ਇਕ ਨੂੰ ਤਕਲੀਫ਼ ਹੁੰਦੀ ਸੀ ਤਾਂ ਸਿਸਕਦੇ ਸਾਰੇ ਸਨ। ਅੱਥਰੂ ਹਰ ਇਕ ਦੀ ਅੱਖ ਵਿੱਚੋਂ ਝਲਕਦਾ ਸੀ। ਸ਼ਾਇਦ ਇਹ ਹੀ ਕਾਰਨ ਹੈ ਕਿ ਸਾਡੇ ਪੂਰਵਜ ਆਰੀਅਨ ਲੋਕ ਲੰਮੀ ਉਮਰ ਪਾਉਣ ਤੇ ਇਸ ਘਰ ਦੇ ਨਿੱਘ ਨੂੰ ਮਾਣਨ ਲਈ ਯੱਗ ਤੇ ਬਲੀਆਂ ਕਰਦੇ ਸਨ। ਉਹ ਸੰਸਾਰ ਤੇ ਇਸ ਦੇ ਰਿਸ਼ਤਿਆਂ ਨੂੰ ਮਾਣਨਾ ਚਾਹੁੰਦੇ ਸਨ। ਸ਼ਾਇਦ ਇਸ ਕਰਕੇ ਬਾਅਦ ਵਿਚ ਮਨੁੱਖ ਨੇ ਆਪਣੇ ਪੂਰਵਜਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ ਕਿ ਉਹ ਉਨ੍ਹਾਂ ਨੂੰ ਸੰਸਾਰਿਕ ਸੁੱਖ ਪ੍ਰਦਾਨ ਕਰਨਗੇ ਕਿਉਂਕਿ ਉਨ੍ਹਾਂ ਦੀ ਆਪਣੇ ਪੂਰਵਜਾਂ ਨਾਲ ਖ਼ੂਨ ਦੀ ਸਾਂਝ ਦੇ ਨਾਲ-ਨਾਲ ਦੁੱਖ-ਸੁੱਖ ਦੀ ਸਾਂਝ ਵੀ ਹੈ। ਦੁਨੀਆ ਦੀ ਇਸ ਪਿਆਰੀ ਜਗ੍ਹਾ ਘਰ ਨੂੰ ਕਿਸੇ ਦੀ ਨਜ਼ਰ ਲੱਗ ਗਈ ਹੈ। ਜਿੱਥੇ ਖ਼ੂਨ ਦੇ ਤੌਰ 'ਤੇ ਸਾਡੀ ਸਾਂਝ ਹੈ ਪਰ ਦੁੱਖ-ਸੁੱਖ ਵਿਚ ਅਸੀਂ ਅਲੱਗ ਹਾਂ। ਇਹੀ ਕਾਰਨ ਹੈ ਕਿ ਅੱਜ ਕੱਲ੍ਹ ਘਰ ਟੁੱਟ ਰਹੇ ਹਨ, ਰਿਸ਼ਤੇ ਤਿੜਕਦੇ ਜਾਂ ਰਹੇ ਹਨ। ਇਕ ਘਰ ਦੇ ਮੈਂਬਰ ਵੀ ਆਪਸ ਵਿਚ ਫੋਨ 'ਤੇ ਮਿਲਦੇ ਹਨ। ਸਾਰੇ ਰਿਸ਼ਤਿਆਂ ਵਿਚ ਕੇਵਲ ਰਸਮੀ ਸਾਂਝ ਤੇ ਅਪਣੱਤ ਰਹਿ ਗਈ ਹੈ। ਅਜੋਕੇ ਸਮੇਂ ਘਰਾਂ ਵਿਚਲੀ ਸਾਂਝ ਤੇ ਪਿਆਰ ਦੀ ਥਾਂ ਈਰਖਾ ਤੇ ਗੁੱਸੇ ਨੇ ਲੈ ਲਈ ਹੈ। ਜੇ ਦੇਖਿਆ ਜਾਵੇ ਤਾਂ ਇਹ ਸਾੜਾ ਕੇਵਲ ਭੈਣ ਭਰਾ ਦੇ ਰਿਸ਼ਤੇ ਵਿਚ ਹੀ ਨਹੀਂ ਸਗੋਂ ਮਾਪਿਆਂ ਤੇ ਬੱਚਿਆਂ ਵਿਚਕਾਰ ਵੀ ਪਾਇਆ ਜਾਂਦਾ ਹੈ। ਪਹਿਲਾਂ ਘਰ ਦਾ ਮੁੱਢ ਇਸ ਦਾ ਸ਼ਿਕਾਰ ਹੁੰਦਾ ਹੈ। ਬੱਚੇ ਉਨ੍ਹਾਂ ਨੂੰ ਦੇਖ ਕੇ ਉਹੋ ਜਿਹਾ ਰੂਪ ਗ੍ਰਹਿਣ ਕਰਦੇ ਹਨ। ਤਿੜਕੇ ਰਿਸ਼ਤਿਆਂ ਵਾਲੇ ਘਰਾਂ ਵਿਚ ਪੈਦਾ ਹੋਏ ਬੱਚਿਆਂ ਲਈ ਇਨ੍ਹਾਂ ਤ੍ਰੇੜਾਂ ਨੂੰ ਭਰਨਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ ਕਿਉਂਕਿ ਉਹ ਸ਼ੁਰੂ ਤੋਂ ਇਕੱਲੇ ਰਹਿਣ ਦੇ ਆਦੀ ਹੋ ਚੁੱਕੇ ਹੁੰਦੇ ਹਨ ਫਿਰ ਉਹ ਕਿਸ ਤਰੀਕੇ ਨਾਲ ਆਪਣੀ ਸਾਂਝ ਸਥਾਪਿਤ ਕਰਨ। ਸ਼ਾਇਦ ਇਸ ਕਰਕੇ ਸੰਯੁਕਤ ਪਰਿਵਾਰ ਖ਼ਤਮ ਹੋ ਰਹੇ ਹਨ ਅਤੇ ਇਥੋਂ ਤੱਕ ਕਿ ਮਾਪੇ ਤੇ ਬੱਚੇ ਵੀ ਅਲੱਗ ਰਹਿ ਰਹੇ ਹਨ ਪਰ ਸੋਚਣ ਵਾਲੀ ਗੱਲ ਹੈ ਕਿ ਇਸ ਸਾਂਝ ਨੂੰ ਤੋੜਣ ਲਈ ਕੌਣ ਜ਼ਿੰਮੇਵਾਰ ਹੈ, ਸਮਾਜ, ਮਾਪੇ ਜਾ ਬੱਚੇ। ਅਕਸਰ ਸਮਾਜ ਤੇ ਬੱਚਿਆਂ ਨੂੰ ਇਸ ਦੇ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਪਰ ਕੀ ਕਦੇ ਅਸੀਂ ਇਹ ਸੋਚਣ ਦੀ ਕੋਸ਼ਿਸ਼ ਕੀਤੀ ਹੈ ਕਿ ਸਮਾਜ ਸਾਡੇ ਨਾਲ ਬਣਦਾ ਹੈ ਤੇ ਬੱਚਿਆਂ ਦੀ ਪਰਵਰਿਸ਼ ਵੀ ਅਸੀਂ ਕਰਦੇ ਹਾਂ ਫਿਰ ਇਸ ਸਭ ਲਈ ਜ਼ਿੰਮੇਵਾਰ ਕੌਣ? ਜੇਕਰ ਅਸੀਂ ਵੀ ਆਪਣੇ ਪੂਰਵਜਾਂ ਦੀ ਤਰ੍ਹਾਂ ਘਰ ਦੇ ਪਿਆਰ ਤੇ ਸਾਂਝ ਨੂੰ ਮਾਣਨਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਪਹਿਲਾਂ ਅਸੀਂ ਆਪਣੇ ਬਜ਼ੁਰਗਾਂ ਨਾਲ ਸਾਂਝ ਪਾਈਏ ਜਿਸ ਨਾਲ ਸਾਡੇ ਬੱਚਿਆਂ ਦੀ ਸੋਚ ਬਦਲੇਗੀ ਤੇ ਫਿਰ ਸਮਾਜ। ਇਸ ਤਰ੍ਹਾਂ ਸਾਂਝੇ ਘਰਾਂ ਵੱਲ ਆਪਣੇ ਕਦਮ ਵਧਾਈਏ ਤੇ ਫਿਰ ਤੋਂ ਘਰ ਦੀ ਨਿੱਘ ਨੂੰ ਮਾਣੀਏ।

• **ਰੁਪਿੰਦਰ ਕੌਰ ਕੰਗ**
94175-60707

# ਪੰਜਾਬੀ ਸੱਭਿਆਚਾਰ ਦੀਆਂ ਨਿਸ਼ਾਨੀਆਂ

ਪੰਜਾਬ ਦੀ ਅਮੀਰ ਸੱਭਿਅਤਾ ਦੀਆਂ ਅਨੇਕਾਂ ਵਰਤੋਂ ਵਾਲੀਆਂ ਨਿਸ਼ਾਨੀਆਂ ਲੋਪ ਹੁੰਦੀਆਂ ਜਾ ਰਹੀਆਂ ਹਨ। ਲੋਕ ਸਾਰੰਗੀਆਂ, ਅਲਗੋਜ਼ੇ, ਅਖਾੜੇ, ਝੂਮਰ, ਸੰਮੀ, ਫੁਲਕਾਰੀਆਂ, ਚਰਖੇ, ਪੱਖੀਆਂ, ਖੂਹ, ਲੋਕ ਗੀਤ, ਪਹਿਰਾਵਾ ਆਦਿ ਨਾਲੋਂ ਅਜੋਕਾ ਪੰਜਾਬੀ ਵੱਖ ਹੁੰਦਾ ਜਾ ਰਿਹਾ ਹੈ। ਅਸੀਂ ਦਿਨੋ-ਦਿਨ ਕੰਮਾਂ ਵਿਚ ਰੁੱਝੇ ਹੋਣ ਕਰਕੇ ਸੱਭਿਆਚਾਰ ਨੂੰ ਭੁੱਲ ਰਹੇ ਹਾਂ। ਅੱਜ ਕਲ੍ਹ ਦੀ ਨੌਜਵਾਨ ਪੀੜ੍ਹੀ ਬਰਗਰ, ਨੂਡਲਸ, ਪੀਜੇ ਵਰਗੀਆਂ ਚੀਜਾਂ ਖਾ ਕੇ ਬਿਮਾਰੀ ਨੂੰ ਸੱਦਾ ਦੇ ਰਹੀ ਹੈ। ਘਰੇਲੂ ਖਾਣੇ ਦੀ ਮਹੱਤਤਾ ਇਨ੍ਹਾਂ ਨੂੰ ਪਤਾ ਨਹੀਂ। ਗੱਲ ਕਰੀਏ ਫੁਲਕਾਰੀ, ਖੂਹ,ਟਿੰਡਾਂ, ਪਿੱਤਲ ਦੇ ਭਾਂਡੇ, ਦਰੀਆਂ, ਖੇਸ ਤੇ ਪੱਖੀਆਂ ਆਦਿ ਦੀ ਤਾਂ ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਚੀਜ਼ਾਂ ਦੇ ਨਾਂ ਤਕ ਨਹੀਂ ਪਤਾ। ਮਨੁੱਖੀ ਜੀਵਨ ਵਿਚ ਤਕਨੀਕੀ ਵਿਕਾਸ ਨੇ ਜਿੱਥੇ ਇਕ ਪਾਸੇ ਜੀਵਨ ਸੌਖਾ ਕੀਤਾ ਹੈ ਉੱਥੇ ਹੀ ਕੁਦਰਤ ਤੋਂ ਮਨੁੱਖ ਦੀ ਦੂਰੀ ਵੀ ਵਧਾਈ ਹੈ। ਨਵੀਂ ਤਕਨਾਲੋਜੀ ਦੇ ਆਉਣ ਨਾਲ ਪੱਖੀ ਸਾਡੇ ਜੀਵਨ ਵਿੱਚੋਂ ਲਗਪਗ ਲੋਪ ਹੋ ਗਈ ਹੈ। ਡਿਨਰ ਸੈੱਟ 'ਤੇ ਵਧੀਆਂ ਭਾਂਡਿਆਂ ਦੀ ਵਰਤੋਂ ਘਰ ਵਿਚ ਹੋਣ ਨਾਲ ਪਿੱਤਲ ਦੇ ਭਾਂਡਿਆਂ ਨੂੰ ਕੋਈ ਨਹੀਂ ਪੁੱਛਦਾ। ਸਰਦੀਆਂ ਵਿਚ ਕਮਰਿਆਂ ਵਿਚ ਹੀਟਰ ਹੋਣਗੇ, ਗਰਮ ਕੰਬਲ ਹੋਣਗੇ ਤੇ ਖੇਸਾਂ ਦੀ ਪਛਾਣ ਕਿੱਥੋਂ ਹੋਵੇਗੀ? ਅੱਜ ਕੱਲ੍ਹ ਦੇ ਬੱਚਿਆਂ ਨੂੰ ਇਨ੍ਹਾਂ ਤੋਂ ਇਲਾਵਾ ਕਣਕ ਦੇ ਸਿੱਟਿਆਂ ਤਕ ਦਾ ਪਤਾ ਨਹੀਂ ਹੈ।ਹੁਣ ਗੱਲ ਕਰੀਏ ਮਾਂ-ਬੋਲੀ ਦੀ, ਲੋਕ ਆਪਣੀ ਮਾਂ-ਬੋਲੀ ਨੂੰ ਦਿਨੋ-ਦਿਨ ਵਿਸਾਰਦੇ ਜਾ ਰਹੇ ਹਨ। ਬੱਚੇ ਤੇ ਨੌਜਵਾਨ ਸਭ ਘਰੋਂ ਬਾਹਰ ਜਾ ਕੇ ਪੰਜਾਬੀ ਬੋਲਣ ਵਿਚ ਹੇਠੀ ਮਹਿਸੂਸ ਕਰਦੇ ਹਨ। ਮਾਤਾ-ਪਿਤਾ ਵੀ ਦੇਖੋ-ਦੇਖੀ ਸਮਾਜਿਕ ਪ੍ਰਭਾਵ ਅਧੀਨ ਆਪਣੇ ਬੱਚਿਆਂ ਨੂੰ ਅੰਗਰੇਜ਼ੀ, ਹਿੰਦੀ ਬੋਲਣ ਲਈ ਪ੍ਰੇਰਿਤ ਕਰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਮਾਂ-ਬੋਲੀ ਨਾਲ ਜੋੜੀ ਰੱਖਣ ਤਾਂ ਹੀ ਬੱਚਿਆਂ ਵਿਚ ਮਾਂ-ਬੋਲੀ ਪ੍ਰਤੀ ਹੀਣ ਭਾਵਨਾ ਪੈਦਾ ਨਹੀਂ ਹੋਵੇਗੀ। ਮਾਂ-ਬੋਲੀ ਦੇ ਨਾਲ-ਨਾਲ ਸਾਡੇ ਰਹਿਣ-ਸਹਿਣ, ਪਹਿਰਾਵੇ ਅਤੇ ਖੇਡਾਂ ਵਿਚ ਵੀ ਤਬਦੀਲੀ ਆ ਰਹੀ ਹੈ। ਅਜੋਕੇ ਸਮੇਂ ਬੱਚਿਆਂ, ਨੌਜਵਾਨਾਂਨੂੰ ਕੋਟਲਾ ਛਪਾਕੀ, ਗੁੱਲੀ ਡੰਡਾ ਵਰਗੀਆਂ ਖੇਡਾਂ ਬਾਰੇ ਕੁਝ ਵੀ ਪਤਾ ਨਹੀਂ ਹੈ। ਪੁਰਾਤਨ ਯੁੱਗ ਦੇ ਪਹਿਰਾਵੇ ਤੇ ਆਧੁਨਿਕ ਯੁੱਗ ਦੇ ਪਹਿਰਾਵੇ ਵਿਚ ਢੇਰ ਸਾਰਾ ਅੰਤਰ ਆ ਗਿਆ ਹੈ। ਪਹਿਲਾਂ ਸਲਵਾਰ-ਕਮੀਜ਼ ਤੇ ਧੋਤੀ-ਕੁੜ੍ਹਤੇ, ਪੈਂਟ-ਕਮੀਜ਼ ਦਾ ਰਿਵਾਜ ਸੀ ਨੌਜਵਾਨ ਪੀੜ੍ਹੀ ਦਾ ਪਹਿਰਾਵਾ ਵੱਖਰੀ ਕਿਸਮ ਦਾ ਹੈ। ਉਨ੍ਹਾਂ ਲਈ ਪਹਿਰਾਵਾ ਇਕ ਹੁਨਰ ਬਣ ਗਿਆ ਹੈ। ਅਜਿਹੇ ਮਾਹੌਲ ਵਿਚ ਉਹ ਸੱਭਿਆਚਾਰ ਤੇ ਪੰਜਾਬੀ ਪਹਿਰਾਵੇ ਬਾਰੇ ਕਿੱਥੋਂ ਜਾਣੂ ਹੋਣਗੇ? ਹੁਣ ਕੋਈ ਵੀ ਪਰਿਵਾਰ ਬਜ਼ੁਰਗਾਂ ਦੀ ਗੱਲ ਨੂੰ ਨਹੀਂ ਸਹਾਰਦਾ। ਉਨ੍ਹਾਂ ਨੂੰ ਪਹਿਲਾ ਵਰਗਾ ਸਤਿਕਾਰ ਨਹੀਂ ਦਿੱਤਾ ਜਾਂਦਾ।



ਅਜੋਕੇ ਸਮੇਂ ਵਿਚ ਲੋੜ ਹੈ ਜਾਗਰੂਕਤਾ ਦੀ ਕਿਉਂਕਿ ਆਧੁਨਿਕ ਤਬਦੀਲੀ ਨੇ ਸਾਡੇ ਸੱਭਿਆਚਾਰ ਦੀ ਮਹੱਤਤਾ ਨੂੰ ਘਟਾ ਦਿੱਤਾ ਹੈ। ਸੰਸਾਰ ਭਰ ਦੇ ਵਿਦਵਾਨ ਮੰਨਦੇ ਹਨ ਕਿ ਬੱਚੇ ਦੀ ਸ਼ਖ਼ਸੀਅਤ ਦਾ ਤਾਂ ਹੀ ਸਹੀ ਵਿਕਾਸ ਹੋਵੇਗਾ, ਜੇ ਉਨ੍ਹਾਂ ਦੀ ਮੁੱਢਲੀ ਸਿੱਖਿਆ ਮਾਂ-ਬੋਲੀ ਵਿਚ ਹੋਵੇਗੀ। ਜੇ ਇਸੇ ਤਰ੍ਹਾਂ ਅਸੀਂ ਸੱਭਿਆਚਾਰ ਨੂੰ ਵਿਸਾਰਦੇ ਗਏ ਤਾਂ ਇਕ ਦਿਨ ਅਸੀਂ ਸੱਭਿਆਚਾਰ ਪੱਛਮੀ ਪ੍ਰਭਾਵ ਹੇਠ ਗੁਆ ਕੇ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਵਾਂਗੇ। ਤਰੱਕੀ ਹਰ ਸਮਾਜ ਲਈ ਜ਼ਰੂਰੀ ਹੈ ਪਰ ਸਾਨੂੰ ਆਪਣਾ ਸੱਭਿਆਚਾਰ ਵੀ ਸੰਭਾਲ ਕੇ ਰੱਖਣਾ ਜ਼ਰੂਰੀ ਹੈ। ਕੋਈ ਦਰਖ਼ਤ ਆਪਣੀ ਜੜ੍ਹ ਤੋਂ ਉੱਖੜ ਕੇ ਵਧ ਫੁੱਲ ਨਹੀਂ ਸਕਦਾ ਤੇ ਨਾ ਹੀ ਕੋਈ ਪੰਛੀ ਟੁੱਟੇ ਖੰਭਾਂ ਨਾਲ ਪਰਵਾਜ਼ ਭਰ ਸਕਦਾ ਹੈ।

• **ਸੰਦੀਪ ਕੌਰ ਹਿਮਾਂਯੂੰਪੁਰਾ**
97816-60021

# ਮੌਨਸੂਨ ਸੀਜ਼ਨ ਦੇ ਮੱਦੇਨਜਰ ਐਸ ਡੀ ਐਮ ਨੇ ਸ਼ਹਿਰ ਸਮਾਣਾ ਅਤੇ ਪਿੰਡਾਂ ਦੀ ਸਾਫ ਸਫਾਈ ਦੇ ਕੰਮਾਂ ਦਾ ਜਾਇਜਾ ਲਿਆ



**ਸਮਾਣਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਮੌਨਸੂਨ ਸੀਜ਼ਨ ਦੇ ਮੱਦੇਨਜਰ ਅੱਜ ਐਸ ਡੀ ਐਮ ਰਿਚਾ ਗੋਇਲ, ਨੇ ਡਿਪਟੀ ਕਮਿਸ਼ਨਰ ਡਾ ਪ੍ਰੀਤੀ ਯਾਦਵ ਵੱਲੋਂ ਪ੍ਰਾਪਤ ਹਦਾਇਤਾਂ ਅਨੁਸਾਰ ਸਬ ਡਵੀਜਨ ਸਮਾਣਾ ਅਧੀਨ ਆਉਂਦੇ ਸ਼ਹਿਰ ਸਮਾਣਾ ਅਤੇ ਤਹਿਸੀਲ ਸਮਾਣਾ ਦੇ ਪਿੰਡਾਂ ਦੀ ਸਾਫ ਸਫਾਈ ਦੇ ਕੰਮਾਂ ਦਾ ਜਾਇਜਾ ਲਿਆ। ਉਨ੍ਹਾਂ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਪਿਛਲੇ ਸਮੇਂ ਵਿਚ ਕੀਤੇ ਗਏ ਕੰਮਾਂ ਦੀ ਪ੍ਰਗਤੀ ਰਿਪੋਰਟ ਰੀਵਿਓ ਕੀਤੀ। ਡਰੇਨੇਜ ਵਿਭਾਗ ਵਲੋਂ ਸਰਾਂਏ ਪੱਤੀ ਡਰੇਨ, ਸਮਾਣਾ ਮੰਡੀ ਦਾ ਡਰੇਨ ਅਤੇ ਚੰਬੋ ਵਾਲੀ ਚੋਅ ਦੀ ਸਫਾਈ ਦਾ ਕੰਮ ਕੀਤਾ ਜਾ ਰਿਹਾ ਹੈ, ਜਿਸ ਦਾ ਮੌਕੇ 'ਤੇ ਜਾ ਕੇ ਜਾਇਜਾ ਲਿਆ ਅਤੇ ਇੱਕ ਹਫਤੇ ਦੇ ਅੰਦਰ ਅੰਦਰ ਕੰਮ ਮੁਕੰਮਲ ਕਰਨ ਦੀ ਹਦਾਇਤ ਕੀਤੀ।

ਕਾਰਜਸਾਧਕ ਅਫਸਰ ਨਗਰ ਕੌਂਸਲ ਬਰਜਿੰਦਰ ਸਿੰਘ ਨੇ ਦੱਸਿਆ ਕਿ ਸਮਾਣਾ ਸ਼ਹਿਰ ਦੀਆਂ ਡਰੇਨਜ਼ ਦੀ ਸਫਾਈ ਦਾ ਕੰਮ ਕਾਫੀ ਹੱਦ ਤੱਕ ਮੁਕੰਮਲ ਹੋ ਚੁੱਕਾ ਹੈ ਅਤੇ ਬਾਕੀ ਰਹਿੰਦਾ ਕੰਮ ਮਿਤੀ 05.07.2025 ਤੋਂ ਪਹਿਲਾਂ ਪਹਿਲਾਂ ਮੁਕੰਮਲ ਕਰ ਲਿਆ ਜਾਵੇਗਾ। ਉਪ ਮੰਡਲ ਇੰਜੀਨੀਅਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਸਮਾਣਾ ਨੇ ਦੱਸਿਆ ਕਿ ਪੰਜ ਪੀਰ, ਪੰਜਾਬੀ ਬਾਗ, ਵੜੈਚਾਂ ਪੱਤੀ, ਦਰਦੀ ਕਲੋਨੀ ਅਤੇ ਦੁਸ਼ਹਿਰਾ ਗਰਾਊਂਡ ਏਰੀਏ ਦੇ ਮੇਨ ਸੀਵਰ ਦੀ ਸਫਾਈ ਕੀਤੀ ਜਾ ਚੁੱਕੀ ਹੈ।

ਬੱਸ ਸਟੈਂਡ ਸਮਾਣਾ ਦੇ ਨੇੜੇ ਡੀਸਿਲਟਿੰਗ ਦਾ ਕੰਮ ਪ੍ਰਗਤੀ ਅਧੀਨ ਹੈ ਅਤੇ ਤਹਿਸੀਲ ਰੋਡ, ਭਵਾਨੀਗੜ੍ਹ ਰੋਡ ਦੀ ਡੀਸਿਲਟਿੰਗ ਦਾ ਕੰਮ ਮਿਤੀ 30.06.2025 ਤੱਕ ਪੂਰਾ ਕਰ ਦਿੱਤਾ ਜਾਵੇਗਾ। ਬੀ.ਡੀ.ਪੀ.ਓ ਸਮਾਣਾ ਵਲੋਂ ਰਿਪੋਰਟ ਕੀਤੀ ਗਈ ਤਹਿਸੀਲ ਸਮਾਣਾ ਅਧੀਨ ਆਉਂਦੇ 4-5 ਪਿੰਡਾਂ ਤੋਂ ਬਿਨਾਂ ਸਾਰੇ ਪਿੰਡਾਂ ਦੀ ਡਰੇਨ ਦੀ ਸਫਾਈ ਦਾ ਕੰਮ ਪੂਰਾ ਹੋ ਚੁੱਕਾ ਹੈ । ਮੀਟਿੰਗ ਉਪਰੰਤ ਸਮਾਣਾ ਸ਼ਹਿਰ ਵਿਚ ਵੱਖ ਵੱਖ ਜਗ ?ਹਾ ਦਾ ਮੌਕਾ ਵੀ ਦੇਖਿਆ ਗਿਆ। ਸਮਾਣਾ ਸ਼ਹਿਰ ਅਧੀਨ ਬਸ ਸਟੈਂਡ ਰੋਡ ਦੇ ਡਰੇਨ ਸਾਫ ਸੀ ਅਤੇ ਅਗਰਵਾਲ ਕਲੋਨੀ ਕੋਲ ਨਾਲਿਆਂ ਦੀ ਸਫਾਈ ਦਾ ਕੰਮ ਚੱਲ ਰਿਹਾ ਸੀ। ਬੱਸ ਸਟੈਂਡ ਕੋਲ ਸੀਵਰ ਮੇਨ ਹੋਲ ਦੀ ਡੀਸਿਲਟਿੰਗ ਦਾ ਕੰਮ ਚੱਲ ਰਿਹਾ ਸੀ। ਮੌਕੇ ਉੱਪਰ ਮੌਜੂਦ ਪਬਲਿਕ/ਦੁਕਾਨਦਾਰਾਂ ਨਾਲ ਇਸ ਸਬੰਧੀ ਗੱਲ ਬਾਤ ਕੀਤੀ ਗਈ ਤਾਂ ਉਨ੍ਹਾਂ ਵਲੋਂ ਪ੍ਰਸ਼ਾਸ਼ਨ ਦੇ ਕੀਤੇ ਕੰਮਾਂ ਦੀ ਸ਼ਾਲਾਘਾ ਕਰਦੇ ਹੋਏ ਦੱਸਿਆ ਗਿਆ ਕਿ ਕੱਲ ਪਾਣੀ ਦੀ ਨਿਕਾਸੀ ਭਾਰੀ ਬਾਰਸ਼ ਹੋਣ ਤੋਂ ਬਾਅਦ ਵੀ ਬਹੁਤ ਜਲਦੀ ਹੋ ਗਈ ਸੀ। ਪਬਲਿਕ/ਦੁਕਾਨਦਾਰਾਂ ਵਲੋਂ ਮੰਗ ਕੀਤੀ ਗਈ ਕਿ ਬੱਸ ਸਟੈਂਡ ਰੋਡ ਤੇ ਪਏ ਟੋਇਆਂ ਨੂੰ ਜਲਦੀ ਤੋਂ ਜਲਦੀ ਰਿਪੇਅਰ ਕਰਵਾਇਆ ਜਾਵੇ। ਉਸ ਸਬੰਧੀ ਐਸ ਡੀ ਐਮ ਨੇ ਨਗਰ ਕੌਂਸਲ ਸਮਾਣਾ ਨੂੰ ਹਦਾਇਤ ਕੀਤੀ ਕਿ ਇਸ ਸਬੰਧੀ ਟੈਂਡਰ ਪ੍ਰਕਿਰਿਆ ਮੁਕੰਮਲ ਹੋਣ ਤੱਕ ਆਰਜੀ ਤੌਰ ਤੇ ਟੋਇਆਂ ਦੀ ਰਿਪੇਅਰ ਕੀਤੀ ਜਾਵੇ।

ਉਪ ਮੰਡਲ ਮੈਜਿਸਟਰੇਟ ਨੇ ਮੌਕੇ ਉੱਪਰ ਮੌਜੂਦ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਬਾਕੀ ਰਹਿੰਦੇ ਕੰਮ ਜਲਦੀ ਤੋਂ ਜਲਦੀ ਮੁਕੰਮਲ ਕੀਤੇ ਜਾਣ ਤਾਂ ਜੋ ਮੌਨਸੂਨ ਸੀਜ਼ਨ ਦੌਰਾਨ ਆਮ ਪਬਲਿਕ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ।

# ਖਾਲੀ ਪਲਾਟਾਂ ਦੇ ਮਾਲਕਾਂ ਨੂੰ ਸਫ਼ਾਈ ਕਰਵਾਉਣ ਲਈ ਨੋਟਿਸ ਕੱਢੇ ਜਾਣ : ਨਵਰੀਤ ਕੌਰ ਸੇਖੋਂ

➢ ਏ.ਡੀ.ਸੀ. ਵੱਲੋਂ ਡੇਂਗੂ ਦੀ ਰੋਕਥਾਮ ਲਈ ਲਗਾਤਾਰ ਫੌਗਿੰਗ ਕਰਵਾਉਣ ਦੇ ਆਦੇਸ਼

➢ ਮਲੇਰੀਆਂ ਤੇ ਡੇਂਗੂ ਤੋਂ ਬਚਾਅ ਲਈ ਜਾਗਰੂਕਤਾ ਤੇ ਨਾਲ ਨਾਲ ਚਲਾਨ ਵੀ ਕੱਟੇ ਜਾਣ : ਏ.ਡੀ.ਸੀ.

**ਪਟਿਆਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਵਰੀਤ ਕੌਰ ਸੇਖੋਂ ਨੇ ਪਟਿਆਲਾ ਜ਼ਿਲ੍ਹੇ ਦੀਆਂ ਸਮੂਹ ਮਿਊਂਸੀਪਲ ਕਮੇਟੀਆਂ ਦੇ ਈ.ਓਜ ਤੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਡੇਂਗੂ ਦੀ ਰੋਕਥਾਮ ਲਈ ਆਪਣੇ-ਆਪਣੇ ਖੇਤਰਾਂ ਵਿੱਚ ਲਗਾਤਾਰ ਫੌਗਿੰਗ ਕਰਵਾਉਣ ਅਤੇ ਜ਼ਿਲ੍ਹੇ ਵਿੱਚ ਪਏ ਖਾਲੀ ਪਲਾਟਾਂ ਦੇ ਮਾਲਕ ਨੂੰ ਵੀ ਨੋਟਿਸ ਕਰਨ ਕਿ ਉਹ ਪਲਾਟਾਂ ਦੀ ਸਫ਼ਾਈ ਕਰਵਾਉਣਾ ਯਕੀਨੀ ਬਣਾਉਣ। ਏ.ਡੀ.ਸੀ. ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹੇ ਵਿੱਚ ਡੇਂਗੂ ਦੀ ਸਮੀਖਿਆ ਲਈ ਸਿਹਤ ਅਤੇ ਸਥਾਨਕ ਸਰਕਾਰ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰੇ ਰਹੇ ਸਨ।

ਨਵਰੀਤ ਕੌਰ ਸੇਖੋਂ ਨੇ ਕਿਹਾ ਕਿ ਪਿਛਲੇ ਕਈ ਮਹੀਨਿਆਂ ਤੋਂ 'ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ' ਤਹਿਤ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ ਤੇ ਹੁਣ ਜਾਗਰੂਕਤਾ ਦੇ ਨਾਲ ਨਾਲ ਡੇਂਗੂ ਦਾ ਲਾਰਵਾ ਮਿਲਣ ਵਾਲੇ ਘਰਾਂ ਦੇ ਚਲਾਨ ਵੀ ਕੀਤੇ ਜਾਣ ਤਾਂ ਕਿ ਜ਼ਿਲ੍ਹਾ ਵਾਸੀ ਸਫ਼ਾਈ ਪ੍ਰਤੀ ਹੋਰ ਸੁਚੇਤ ਹੋ ਸਕਣ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ ਪਏ ਖਾਲੀ ਪਲਾਟਾਂ ਦੀ ਸਫ਼ਾਈ ਲਈ ਪਲਾਟ ਮਾਲਕਾਂ ਨੂੰ ਨੋਟਿਸ ਕੀਤਾ ਜਾਵੇ ਅਤੇ ਜੇਕਰ ਕੋਈ ਮਾਲਕ ਆਪਣੇ ਖਾਲੀ ਪਏ ਪਲਾਟ ਦੀ ਸਾਫ਼ ਸਫ਼ਾਈ ਨਹੀਂ ਕਰਵਾਉਂਦਾ ਹੈ ਤਾਂ ਸਬੰਧਤ ਵਿਭਾਗ ਸਫ਼ਾਈ ਸਬੰਧੀ ਖਰਚੇ ਦੀ ਰਿਕਵਰੀ ਨਿਯਮਾਂ ਅਨੁਸਾਰ ਉਸ ਪਲਾਟ ਦੇ ਮਾਲਕ ਤੋਂ ਕਰੇਗਾ।

ਉਨ੍ਹਾਂ ਪਾਣੀ ਤੇ ਸੀਵਰੇਜ ਦੇ ਅਣ ਅਧਿਕਾਰਤ ਕੁਨੈਕਸ਼ਨਾਂ ਨੂੰ ਕੱਟਣ ਲਈ ਵੀ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ ਕਿ ਅਣ ਅਧਿਕਾਰਤ ਕੁਨੈਕਸ਼ਨਾਂ ਕਾਰਨ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਇਸ ਲਈ ਜ਼ਿਲ੍ਹੇ ਦੇ ਅਣ ਅਧਿਕਾਰਤ ਕੁਨੈਸ਼ਨ ਤੁਰੰਤ ਕੱਟੇ ਜਾਣ।

ਇਸ ਦੌਰਾਨ ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਜ਼ਿਲ੍ਹੇ ਦੇ ਲੋਕਾਂ ਨੂੰ ਅਪੀਲ ਕਰਦਿਆ ਕਿਹਾ ਕਿ ਡੇਂਗੂ ਤੋਂ ਬਚਾਅ ਲਈ ਆਪਣੇ ਘਰ ਅਤੇ ਆਸ-ਪਾਸ ਖੜੇ ਸਾਫ਼ ਪਾਣੀ ਦੇ ਸਰੋਤਾ ਨੂੰ ਸੁੱਕਾ ਰੱਖਿਆ ਜਾਵੇ ਅਤੇ ਘਰ ਅੰਦਰ ਕੂਲਰਾਂ, ਗਮਲਿਆਂ, ਫਰਿਜਾਂ ਦੀਆਂ ਟ ?ਰਿਆਂ ਅਤੇ ਹੋਰ ਪਾਣੀ ਦੇ ਭਾਂਡਿਆਂ ਨੂੰ ਹਫ਼ਤੇ ਵਿੱਚ ਇੱਕ ਵਾਰ ਜ਼ਰੂਰ ਸੁੱਕਾ ਰੱਖਿਆ ਜਾਵੇ ਅਤੇ ਪਾਣੀ ਵਾਲੇ ਭਾਂਡਿਆਂ ਨੂੰ ਢੱਕ ਕੇ ਰੱਖਿਆ ਜਾਵੇ। ਉਨ੍ਹਾਂ ਦੱਸਿਆ ਕਿ ਡੇਂਗੂ ਦਾ ਮੱਛਰ ਦਿਨ ਸਮੇਂ ਆਮ ਤੌਰ 'ਤੇ ਬਾਂਹਾਂ, ਲੱਤਾਂ, ਗਰਦਨ ਅਤੇ ਕੰਨਾਂ 'ਤੇ ਕੱਟਦਾ ਹੈ ਇਸ ਲਈ ਡੇਂਗੂ ਤੋਂ ਬਚਾਅ ਲਈ ਆਪਣੇ ਸਰੀਰ ਨੂੰ ਢੱਕ ਕੇ ਰੱਖੋ ਅਤੇ ਆਪਣੇ ਘਰ ਦੀਆਂ ਖਿੜਕੀਆਂ ਨੂੰ ਚੰਗੀ ਤਰਾਂ ਬੰਦ ਰੱਖੋਂ।

ਸਿਵਲ ਸਰਜਨ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਹੋਰ ਵਿਭਾਗਾਂ ਦੀ ਸਹਾਇਤਾ ਨਾਲ ਜ਼ਿਲ੍ਹੇ ਦੇ 2,81,475 ਘਰਾਂ ਵਿੱਚ ਡੇਂਗੂ ਦੇ ਲਾਰਵੇ ਦੀ ਜਾਂਚ ਕੀਤੀ ਗਈ ਹੈ ਤੇ ਇਹ ਮੁਹਿੰਮ ਹਰ ਸ਼ੁੱਕਰਵਾਰ ਵੱਡੀ ਪੱਧਰ 'ਤੇ ਚਲਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਜਿਥੇ ਘਰਾਂ ਵਿੱਚ ਜਾਕੇ ਜਾਂਚ ਕਰ ਰਹੀਆਂ ਹਨ ਉਥੇ ਹੀ ਆਮ ਲੋਕਾਂ ਨੂੰ ਡੇਂਗੂ ਸਬੰਧੀ ਜਾਗਰੂਕ ਵੀ ਕੀਤਾ ਜਾ ਰਿਹਾ ਹੈ। ਮੀਟਿੰਗ ਵਿੱਚ ਨਗਰ ਨਿਗਮ, ਸਿਹਤ ਵਿਭਾਗ ਸਮੇਤ ਜ਼ਿਲ੍ਹੇ ਦੇ ਸਮੂਹ ਕਾਰਜਸਾਧਕ ਅਫ਼ਸਰ ਮੌਜੂਦ ਸਨ।

# ਉਪ ਮੰਡਲ ਮੈਜਿਸਟ੍ਰੇਟ ਗੁਰਦੇਵ ਸਿੰਘ ਧੰਮ ਨੇ ਹੜ੍ਹ ਸੰਭਾਵੀ ਇਲਾਕਿਆਂ ਦਾ ਕੀਤਾ ਨਿਰੀਖਣ



**ਪਟਿਆਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਹੜਾਂ ਤੋ ਬਚਾਅ ਲਈ ਉਚਿਤ ਤਿਆਰੀਆਂ ਨੂੰ ਲੈ ਕੇ ਪ੍ਰਸ਼ਾਸ਼ਨ ਵੱਲੋਂ ਲਗਾਤਾਰ ਯਤਨ ਕੀਤੇ ਜਾ ਰਹੇ ਹਨ । ਪਟਿਆਲਾ ਦੇ ਉਪ ਮੰਡਲ ਮੈਜਿਸਟ ?ਰੇਟ ਸ੍ਰੀ ਗੁਰਦੇਵ ਸਿੰਘ ਧੰਮ ਨੇ ਆਰਮਡ ਇੰਜੀਨੀਅਰ ਮੇਜਰ ਬਰਿੰਦਰ ਸਿੰਘ ਅਤੇ ਡਰੇਨੇਜ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਮਿਲ ਕੇ ਵੱਡੀ ਨਦੀ ਦੇ ਕੰਧਾਂ, ਨਿਕਾਸੀ ਰਾਹਾਂ ਅਤੇ ਸੈਂਸਟਿਵ ਇਲਾਕਿਆਂ ਦਾ ਮੌਕੇ 'ਤੇ ਜਾਇਜ਼ਾ ਲਿਆ । ਉਹਨਾਂ ਮੁੱਖ ਤੌਰ 'ਤੇ ਸ਼ਿਵ ਕਲੋਨੀ, ਸਨੌਰੀ ਅੱਡਾ, ਰਾਜਪੁਰਾ ਰੋਡ ਅਤੇ ਹੋਰ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਜਾਂਚ ਕੀਤੀ । ਜਾਂਚ ਦੌਰਾਨ ਡਰੇਨੇਜ ਵਿਭਾਗ ਵੱਲੋਂ ਵੱਡੀ ਨਦੀ ਦੇ ਪਾਣੀ ਦੇ ਨਿਕਾਸ ਦੇ ਪ੍ਰਬੰਧਨਾ ਨੂੰ ਲੈ ਕੇ ਜਾਣਕਾਰੀ ਸਾਂਝੀ ਕੀਤੀ । ਇਸ ਮੌਕੇ ਆਰਮੀ ਇੰਜੀਨੀਅਰ ਯੂਨਿਟ ਵੱਲੋਂ ਇਹ ਭਰੋਸਾ ਦਿੱਤਾ ਗਿਆ ਕਿ ਜੇ ਕਿਸੇ ਵੀ ਤਰ੍ਹਾਂ ਦੀ ਆਫ਼ਤ ਜਾਂ ਐਮਰਜੈਂਸੀ ਦੀ ਸਥਿਤੀ ਉਤਪੰਨ ਹੁੰਦੀ ਹੈ ਤਾਂ ਉਹ ਹਰ ਸੰਭਵ ਮਦਦ ਲਈ ਤਿਆਰ ਰਹਿਣਗੇ ।

ਉਪ ਮੰਡਲ ਮੈਜਿਸਟ ?ਰੇਟ ਨੇ ਕਿਹਾ ਕਿ ਲੋਕਾਂ ਦੀ ਜਾਨ-ਮਾਲ ਦੀ ਰਾਖੀ ਸਰਕਾਰ ਦੀ ਪਹਿਲੀ ਤਰਜੀਹ ਹੈ । ਉਹਨਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮੂਹ ਨਿਕਾਸੀ ਰਾਹ ਤੁਰੰਤ ਸਾਫ਼ ਕੀਤੇ ਜਾਣ ਅਤੇ ਸੈਂਸਟਿਵ ਪੁਆਂਟਿਸ ਤੇ ਨਿਰੰਤਰ ਨਿਗਰਾਨੀ ਰੱਖੀ ਜਾਵੇ । ਇਸ ਮੌਕੇ ਡਰੇਨੇਜ ਵਿਭਾਗ ਦੇ ਉਪ ਮੰਡਲ ਇੰਜੀਨੀਅਰ ਸ੍ਰੀ ਅਕਵਿੰਦਰ ਸਿੰਘ, ਬੀ.ਡੀ.ਪੀ.ਓ. ਸਨੌਰ ਸ੍ਰੀ ਮਨਦੀਪ ਸਿੰਘ, ਬੀ.ਡੀ.ਪੀ.ਓ. ਦਿਹਾਤੀ ਬਲਜੀਤ ਸਿੰਘ ਵੱਲੋਂ ਪਿੰਡ ਕਾਲਵਾ, ਦੌਲਤਪੁਰ, ਕੌਲੀ, ਧਰੇੜੀ ਜੱਟਾਂ ਆਦਿ ਪਿੰਡ ਦੀਆਂ ਡਰੇਨੇਜ ਦੀ ਸਫਾਈ ਦਾ ਨਿਰੀਖਣ ਕੀਤਾ । ਉਹਨਾਂ ਦੱਸਿਆ ਕਿ ਪਿੰਡ ਪੱਧਰ 'ਤੇ ਸਫ਼ਾਈ ਦਾ ਕੰਮ ਤੇਜੀ ਨਾਲ ਚੱਲ ਰਿਹਾ ਹੈ।

# ਆਨੰਦ ਨਗਰ ਖਰੜ ਸਥਿਤ ਮੰਦਰ ਦਾ ਸਲਾਨਾ ਮੂਰਤੀ ਸਲਾਨਾ ਦਿਵਸ ਮਨਾਇਆ



ਸਲਾਨਾ ਮੂਰਤੀ ਸਥਾਪਨਾ ਦਿਵਸ ਮੌਕੇ ਭਜਨ ਮੰਡਲੀ ਦੇ ਗੋਪਾਲ ਜੀ ਕੀਰਤਨ ਕਰਦੇ ਹੋਏ, ਨਾਲ ਹਾਜ਼ਰ ਸੰਗਤਾਂ।

**ਖਰੜ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਠਾਕੁਰ ਦੁਆਰਾ ਮੰਦਰ ਆਨੰਦ ਨਗਰ ਖਰੜ ਵਿਚ ਸਲਾਨਾ ਮੂਰਤੀ ਸਥਾਪਨਾ ਦਿਵਸ ਬੜੀ ਧੂਮ ਧਾਮ ਨਾਲ ਮਨਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆ ਐਡਵੋਕੇਟ ਅਨਿਲ ਕੋਸ਼ਿਕ ਨੇ ਦਸਿਆ ਕਿ ਮੰਦਰ ਵਿਚ 'ਸਲਾਨਾ ਦਿਵਸ' ਮੌਕੇ ਸ੍ਰੀ ਜੀ ਭਾਵ ਕ੍ਰਿਸ਼ੋਰੀ ਕ੍ਰਿਪਾ ਭਜਨ ਮੰਡਲੀ ਗੋਪਾਲ ਵਲੋ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਕਮਲ ਕਿਸੋਰ ਸ਼ਰਮਾ, ਮੈਡਮ ਅੰਜੂ ਸੋਨੀ, ਪਰਦੀਪ ਕੁਮਾਰ, ਹਰਬੰਸ ਸਿੰਘ, ਕਮਲਜੀਤ ਸਿੰਘ ਚਾਵਲਾ, ਸ਼ਿਵ ਕੁਮਾਰ ਸ਼ਰਮਾ ਸਾਬਕਾ ਐਸ.ਡੀ.ਐਮ. ਆਦਿ ਸਮੇਤ ਵੱਡੀ ਗਿਣਤੀ ਵਿਚ ਸ਼ਰਧਾਲੂ ਹਾਜ਼ਰ ਸਨ। ਸਮਾਗਮ ਦੀ ਸਮਾਪਤੀ ਤੇ ਸ਼ਰਧਾਲੂਆਂ ਲਈ ਲੰਗਰ ਵਰਤਾਇਆ ਗਿਆ।

# ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਸੁਹਿਰਦ ਯਤਨ: ਡਿਪਟੀ ਕਮਿਸ਼ਨਰ



**ਜਲੰਧਰ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਅੱਜ ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਵਿਖੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਜ਼ਿਲ੍ਹਾ ਪੱਧਰੀ 'ਤੇ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮਨਾਇਆ ਗਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ ਵੀ ਮੌਜੂਦ ਸਨ।

ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਅੱਜ ਅੰਤਰਰਾਸ਼ਟਰੀ ਨਸ਼ਾ ਵਿਰੋਧੀ ਦਿਵਸ ਮੌਕੇ ਜ਼ਿਲ੍ਹੇ ਦੇ ਸਮੂਹ ਅਧਿਕਾਰੀਆਂ/ਕਰਮਚਾਰੀਆਂ ਵਲੋਂ ਇਸ ਮੁਹਿੰਮ ਵਿੱਚ ਸਰਗਰਮੀ ਨਾਲ ਭਾਗ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜ਼ਿਲ੍ਹੇ ਵਿੱਚ ਨਸ਼ਿਆਂ ਖਿਲਾਫ਼ ਜਾਗਰੂਕਤਾ ਪੈਦਾ ਕਰਨ ਲਈ ਕਰਵਾਈਆਂ ਜਾ ਰਹੀਆਂ ਵੱਖ-ਵੱਖ ਗਤੀਵਿਧੀਆਂ/ਪ੍ਰੋਗਰਾਮਾਂ ਰਾਹੀਂ ਸਮਾਜ ਵਿੱਚ ਨਸ਼ਿਆਂ ਖਿਲਾਫ਼ ਮਜ਼ਬੂਤ ਸੁਨੇਹਾ ਦਿੱਤਾ ਜਾ ਰਿਹਾ ਹੈ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਜ਼ਿਲ੍ਹਾ ਜਲੰਧਰ ਨੂੰ ਨਸ਼ਾ ਮੁਕਤ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਲਈ ਸਾਰੇ ਸਬੰਧਿਤ ਵਿਭਾਗਾਂ ਨਾਲ ਮਿਲਕੇ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਦੇ ਸਾਰਥਕ ਨਤੀਜੇ ਸਾਹਮਣੇ ਆ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵਲੋਂ ਨਸ਼ਿਆਂ ਨੂੰ ਖ਼ਤਮ ਕਰਨ ਲਈ ਸ਼ੁਰੂ ਕੀਤੀ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨਸ਼ਿਆਂ ਦੇ ਖਾਤਮੇ ਲਈ ਵਚਨਬੱਧ ਹਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਨਸ਼ਾ ਸਮੱਗਲਰਾਂ ਖਿਲਾਫ਼ ਸਖ਼ਤ ਕਾਰਵਾਈ ਕਰਨ ਤੋਂ ਇਲਾਵਾ ਨਸ਼ਿਆਂ 'ਤੇ ਨਿਰਭਰ ਲੋਕਾਂ ਨੂੰ ਸਮਾਜ ਦੀ ਮੁੱਖ ਧਾਰਾ ਵਿੱਚ ਲਿਆਉਣ ਲਈ ਸੁਹਿਰਦ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾ ਕੇ ਉਹਨਾਂ ਦਾ ਉਜੱਵਲ ਭਵਿੱਖ ਬਣਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਵਲੋਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੇ ਆਲੇ-ਦੁਆਲੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਲੋਕਾਂ ਨੂੰ ਜਾਗਰੂਕ ਕਰਨ ਲਈ ਸਹੁੰ ਵੀ ਚੁਕਾਈ ਗਈ। ਇਸ ਮੌਕੇ ਮੌਜੂਦ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵਿਸ਼ਵਾਸ਼ ਦੁਆਇਆ ਕਿ ਉਨ੍ਹਾਂ ਵਲੋਂ ਸੂਬਾ ਸਰਕਾਰ ਵਲੋਂ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੀ ਗਈ ਮੁਹਿੰਮ "ਯੁੱਧ ਨਸ਼ਿਆਂ ਵਿਰੁੱਧ"ਵਿੱਚ ਪੂਰੀ ਸਰਗਰਮੀ ਨਾਲ ਸ਼ਮੂਲੀਅਤ ਕਰਦਿਆਂ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂੰ ਕਰਵਾਇਆ ਜਾਵੇਗਾ।

# ਘੱਟ ਪਾਣੀ ਦੀ ਵਰਤੋਂ ਨਾਲ ਪੱਕਣ ਵਾਲੀ ਜੀਰੀ ਲਗਾ ਕੇ ਕਰ ਰਹੇ ਨੇ ਤਜਰਬੇ

**ਸਮਾਣਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਕਾਰ ਵੱਲੋਂ ਪਾਣੀ ਦਾ ਪੱਧਰ ਹੋਰ ਖੇਤ ਡੂੰਘਾ ਹੋਣ ਤੋਂ ਰੋਕਣ ਲਈ ਸਰਕਾਰੀ =ਵੇ ਹਦਾਇਤਾਂ ਅਨੁਸਾਰ 16 ਜੂਨ ਤੋਂ ਖੇਤਾਂ ਵਲੀ 'ਚ ਜਿਆਦਾਤਰ ਕਿਸਾਨਾਂ ਵੱਲੋਂ ਪੁਰਾਣੀ ਡੀ ਵਿਧੀ ਨਾਲ ਜੀਰੀ ਲਾਉਣ ਦਾ ਕੰਮ ਚੱਲ ਹਾ ਰਿਹਾ ਹੈ। ਪਰ ਕੁਝ ਜਾਗਰੂਕ ਕਿਸਾਨ ਪਏ ਜਮੀਨੀ ਪਾਣੀ ਦਾ ਪੱਧਰ ਹੇਠਾਂ ਡਿੱਗਣ ਕਾਰਨ ਕਾਫੀ ਚਿੰਤਤ ਹਨ। ਉਹ ਆਪਣੇ ਤ ਤੌਰ 'ਤੇ ਖੇਤੀ ਮਾਹਰਾਂ ਦੇ ਸਹਿਯੋਗ ਨਾਲ ਝੀ ਘੱਟ ਪਾਣੀ ਨਾਲ ਪੱਕਣ ਵਾਲੀ ਜੀਰੀ ਫੋਨ ਦੀ ਫਸਲ ਆਪਣੇ ਖੇਤ ਵਿੱਚ ਲਗਾ ਕੇ 57 ਤਜਰਬਾ ਕਰ ਰਹੇ ਹਨ। ਅਜਿਹਾ ਹੀ ਹੈ। ਇੱਕ ਅਗਾਂਹਵਧੂ ਕਿਸਾਨ ਪਿੰਡ ਚੱਕ ਵਤ ਅੰਮ੍ਰਿਤਸਰੀਆ ਤੋਂ ਦਲਜੀਤ ਸਿੰਘ ਹੈ। ਨੀ ਜਿਸ ਨੇ ਗੁਰਦਾਸਪੁਰ ਹਲਕੇ 'ਚ ਜੋ ਫਗਵਾੜਾ ਗੁਡ ਗਰੋ ਗਰੁੱਪ ਵੱਲੋਂ ਪਿਛਲੇ ਫੋਨੂ 7-8 ਸਾਲਾਂ ਤੋਂ ਏ.ਐਸ.ਆਰ. ਵਿਧੀ ਨਾਲ ਕ ਕੀਤੀ ਜਾ ਰਹੀ ਹਜ਼ਾਰਾਂ ਏਕੜ ਜ਼ਮੀਨ ਵਾ 'ਚ ਜੀਰੀ ਦੀ ਕਾਸਤ ਕੀਤੀ ਜਾ ਰਹੀ 10 ਹੈ। ਇਸ ਤਰ੍ਹਾਂ ਕਾਸ਼ਤ ਕਰਨ ਨਾਲ 70 ਫੀਸਦੀ ਪਾਣੀ ਦੀ ਬੱਚਤ ਹੁੰਦੀ ਹੈ।

ਕਿਸਾਨ ਦਲਜੀਤ ਸਿੰਘ ਆਪਣੇ ਇੱਕ ਏਕੜ ਖੇਤ ਵਿੱਚ ਇਸ ਵਾਰ ਜੀਰੀ ਲਗਾ ਕੇ ਤਜਰਬਾ ਕਰ ਰਹੇ ਹਨ। ਇਸ ਮੌਕੇ ਖੇਤੀ ਮਾਹਿਰ ਡਾ. ਹਰਜੀਤ ਸਿੰਘ ਨੇ ਦੱਸਿਆ ਕਿ ਏ.ਐਸ.ਆਰ. ਵਿਧੀ ਨਾਲ ਪਹਿਲਾਂ ਪਾਣੀ ਲਗਾ ਕੇ ਜਮੀਨ ਬੱਤਰ ਆਉਣ ਤੇ ਛੇ ਸੱਤ ਵਾਰ ਸੁਹਾਗੇ ਲਗਾ



ਕੇ ਖੇਤ ਦਾ ਲੈਵਲ ਕਰਨਾ ਪੈਂਦਾ ਹੈ, ਤਾਂ ਕਿ ਖੇਤ ਵਿੱਚ ਪਾਣੀ ਇਕ ਸਾਰ ਖੜ੍ਹ ਸਕੇ। ਇਸ ਉਪਰੰਤ ਛੇ ਸਤ ਕਿਲੋ ਜੀਰੀ ਦਾ ਬੀਜ ਇੱਕ ਏਕੜ ਵਿੱਚ ਕਣਕ ਦੀ ਤਰਹਾਂ ਕਰਿਆ ਜਾਂਦਾ ਹੈ। ਉਸ ਤੋਂ 21 ਦਿਨ ਬਾਅਦ ਇਸ ਨੂੰ ਫਿਰ ਪਾਣੀ ਦੇਣਾ ਹੁੰਦਾ ਹੈ। ਪਰ ਜੇਕਰ ਬਰਸਾਤ ਹੋ ਜਾਂਦੀ ਹੈ, ਤਾਂ ਪਾਣੀ ਦੇਣ ਦੀ ਜਰੂਰਤ ਨਹੀਂ ਪੈਂਦੀ। ਜੀਰੀ ਦੀ ਕੁਆਲਿਟੀ ਵੀ ਵਧੀਆ ਬਣਦੀ ਹੈ। ਕਿਸਾਨ ਦਲਜੀਤ ਸਿੰਘ ਨੇ ਦੱਸਿਆ ਕਿ ਇਸ ਸਮੇਂ ਪਾਣੀ ਦਾ ਪੱਧਰ ਸਮਾਣਾ ਬਲਾਕ ਵਿੱਚ 160 ਤੋਂ 180 ਫੁੱਟ ਡਲੀਵਰੀ ਪੈਂਦੀ ਹੈ। ਜੇਕਰ ਨਵਾਂ ਟਿਊਬਲ ਲਗਾਉਣਾ (ਬੋਰ ਕਰਾਉਣਾ) ਪਵੇ ਤਾਂ 650 ਫੁੱਟ ਡੂੰਘਾ ਲੱਗਦਾ ਹੈ। ਜਿਸ ਨਾਲ ਪਾਣੀ ਦਾ ਪੱਧਰ ਦਿਨ ਪ੍ਰਤੀ ਦਿਨ ਡੂੰਘਾ ਹੁੰਦਾ ਜਾ ਰਿਹਾ ਹੈ। ਉਹ ਦਿਨ ਪ੍ਰਤੀ ਦਿਨ ਡੂੰਘੇ ਹੁੰਦੇ ਜਾ ਰਹੇ ਪਾਣੀ ਤੋਂ ਚਿੰਤਿਤ ਹੋ ਕੇ ਆਪਣੇ ਖੇਤ ਵਿੱਚ ਤਜਰਬਾ ਕਰ ਰਹੇ ਹਨ, ਤਾਂ ਕਿ ਸਫਲ ਹੋਣ 'ਤੇ ਅੱਗੇ ਤੋਂ ਹੋਰ ਕਿਸਾਨਾਂ ਨੂੰ ਵੀ ਇਸ ਵਿਧੀ ਨਾਲ ਜੋੜਿਆ ਜਾ ਸਕੇ। ਇਸ ਸਬੰਧੀ ਜਦੋਂ ਖੇਤੀਬਾੜੀ ਅਫਸਰ ਡਾ: ਸਤੀਸ਼ ਚੌਧਰੀ ਨਾਲ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਏ.ਐਸ.ਆਰ ਵਿਧੀ ਨਾਲ ਜੀਰੀ ਦੀ ਕਾਸਤ ਕਰਨ ਲਈ ਯੂਨੀਵਰਸਿਟੀ ਵੱਲੋਂ ਕੋਈ ਮਾਨਤਾ ਨਹੀਂ ਮਿਲੀ ਹੋਈ, ਪਰ ਕੁਝ ਕਿਸਾਨ ਗੁਰਦਾਸਪੁਰ ਇਲਾਕੇ ਵਿੱਚ ਆਪਣੇ ਤੌਰ 'ਤੇ ਤਜਰਬਾ ਕਰ ਰਹੇ ਹਨ ਜੋ ਉਹਨਾਂ ਨੂੰ ਸਫਲ ਲੱਗ ਰਿਹਾ ਹੈ। ਜੇਕਰ ਯੂਨੀਵਰਸਿਟੀ ਵੱਲੋਂ ਇਸ ਵਿਧੀ ਨੂੰ ਮਾਨਤਾ ਮਿਲਦੀ ਹੈ, ਤਾਂ ਅੱਗੇ ਤੋਂ ਇਸ ਇਲਾਕੇ ਵਿੱਚ ਵੀ ਏ.ਐਸ.ਆਰ ਵਿਧੀ ਨਾਲ ਲਗਵਾਈ ਜਾਵੇਗੀ।

# ਸਰਕਾਰੀ ਆਈ ਟੀ ਆਈ ਬਰਨਾਲਾ ਵਿੱਚ ਪਲੇਸਮੇਂਟ ਕੈਂਪ



**ਬਰਨਾਲਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਪੰਜਾਬ ਦੇ ਦਿਸ਼ਾ - ਨਿਰਦੇਸ਼ਾਂ ਅਨੁਸਾਰ ਅਤੇ ਪ੍ਰਿੰਸੀਪਲ ਹਰਪਾਲ ਸਿੰਘ ਦੀ ਅਗਵਾਈ ਹੇਠ ਅੱਜ ਸਰਕਾਰੀ ਆਈ ਟੀ ਆਈ (ਲੜਕੇ) ਵਿਖੇ ਪਲੇਸਮੈਂਟ ਕੈਂਪ ਲਗਾਇਆ ਗਿਆ, ਜਿਸ ਵਿੱਚ ਪੀ ਆਰ ਟੀ ਸੀ ਡੀਪੂ ਬਰਨਾਲਾ ਵਲੋਂ ਰਾਜਪਾਲ ਸਿੰਘ ਅਤੇ ਰਸ਼ਪਾਲ ਸਿੰਘ ਹਾਜ਼ਰ ਹੋਏ। ਉਨ੍ਹਾਂ ਵਲੋਂ ਪੀ ਆਰ ਟੀ ਸੀ ਵਰਕਸ਼ਾਪ ਬਰਨਾਲਾ ਦੀ ਜ਼ਰੂਰਤ ਅਨੁਸਾਰ 4 ਸਿਖਿਆਰਥੀਆਂ ਦੀ ਚੋਣ ਕੀਤੀ ਗਈ।

ਇਸ ਮੌਕੇ ਪ੍ਰਿੰਸੀਪਲ ਹਰਪਾਲ ਸਿੰਘ ਨੇ ਦੱਸਿਆ ਕਿ ਇਹ ਪੂਰਾ ਹਫਤਾ ਪ੍ਰੀ ਪਲੇਸਮੈਂਟ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਵਿੱਚ ਇਲਾਕੇ ਦੀਆਂ ਪ੍ਰਮੁੱਖ ਸਨਅਤਾਂ ਭਾਗ ਲੈ ਰਹੀਆਂ ਹਨ । ਇਸ ਮੌਕੇ ਪਲੇਸਮੈਂਟ ਅਫਸਰ ਵਰਿੰਦਰ ਸਿੰਘ ਵੀ ਹਾਜ਼ਰ ਸਨ।

# ਨਸ਼ਾ ਤਸਕਰਾਂ ਨੂੰ ਕਿਸੇ ਕੀਮਤ 'ਤੇ ਬਖ਼ਸ਼ਿਆ ਨਹੀਂ ਜਾਵੇਗਾ : ਇੰਸਪੈਕਟਰ ਜਸਪ੍ਰੀਤ ਸਿੰਘ

**ਸਮਾਣਾ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁੰਡਾ ਅਨਸਰਾਂ ਤੇ ਨਸ਼ਾ ਵੇਚ ਨੌਜਵਾਨਾਂ ਦੀਆਂ ਜਿੰਦਗੀਆਂ ਖ਼ਰਾਬ ਕਰਨ ਵਾਲੇ ਨਸ਼ਾ ਤਸਕਰਾਂ ਨੂੰ ਕਿਸੇ ਕੀਮਤ 'ਤੇ ਬਖ਼ਸ਼ਿਆਂ ਨਹੀਂ ਜਾਵੇਗਾ। ਉਨ੍ਹਾਂ ਖ਼ ?ਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਜਾਵੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਮਾਣਾ ਸਿਟੀ ਦੇ ਨਵੇਂ ਆਏ ਪੁਲਿਸ ਮੁਖੀ ਇੰਸਪੈਕਟਰ ਜਸਪ੍ਰੀਤ ਸਿੰਘ ਨੇ ਪੱਤਰਕਾਰਾਂ ਮਿਲਣੀ ਦੌਰਾਨ ਕੀਤਾ।



ਇੰਸ. ਜਸਪ੍ਰੀਤ ਸਿੰਘ ਨੇ ਕਿਹਾ ਕਿ ਇਹ ਨਸ਼ੇ ਸਾਡੇ ਸਮਾਜ ਲਈ ਸਭ ਤੋਂ ਵੱਡਾ ਕੋਹੜ ਬਣ ਗਏ ਹਨ। ਇਨ੍ਹਾਂ ਨਸ਼ਿਆਂ ਵਿਚ ਪੈ ਕੇ ਸਾਡੀ ਜਵਾਨੀ ਲਗਾਤਾਰ ਮੌਤ ਦੇ ਮੂੰਹ ਵੱਲ ਜਾ ਰਹੀ ਹੈ ਜਿਸ ਨੂੰ ਬਚਾਉਣ ਲਈ ਪੰਜਾਬ ਸਰਕਾਰ ਵੱਲੋਂ

ਨਸ਼ਿਆਂ ਵਿਰੁੱਧ ਮਹਿਮਾ ਚਲਾਈ ਗਈ ਹੈ, ਜਿਸ ਦੇ ਤਹਿਤ ਐਸਐਸਪੀ ਪਟਿਆਲਾ ਵਰੁਣ ਸ਼ਰਮਾ ਦੀ ਸਰਪ੍ਰਸਤੀ ਹੇਠ ਨਸ਼ਿਆਂ ਦੇ ਸੌਦਾਗਰਾਂ ਖ਼ ?ਲਾਫ਼ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਗੁੰਡੇ ਅਨਸਰਾਂ ਨੂੰ ਸਖ਼ਤ ਤਾੜਨਾ ਕਰਦੇ ਹੋਏ ਕਿਹਾ ਕਿ ਜੇਕਰ ਮੇਰੇ ਇਲਾਕੇ ਵਿਚ ਕੋਈ ਵੀ ਵਿਅਕਤੀ ਅਜਿਹੀ ਗੁੰਡਾਗਰਦੀ ਕਰਦਾ ਪਾਇਆ ਗਿਆ ਤਾਂ ਉਸ ਖ਼ ?ਲਾਫ਼ ਕਾਰਵਾਈ ਹੋਵੇਗੀ। ਉਨ੍ਹਾਂ ਇਸ ਕੰਮ ਵਿਚ ਲੋਕਾਂ ਪਾਸੋਂ ਸਹਿਯੋਗ ਦੀ ਮੰਗ ਕੀਤੀ ਤੇ ਨਾਲ ਹੀ ਭਰੋਸਾ ਦਵਾਇਆ ਕਿ ਪੁਲਿਸ ਨੂੰ ਅਜਿਹੇ ਨਸ਼ਾ ਤਸਕਰਾਂ ਖਿਲਾਫ਼ ਜਾਣਕਾਰੀ ਦੇਣ ਵਾਲੇ ਵਿਅਕਤੀ ਦੀ ਪਹਿਚਾਣ ਗੁਪਤ ਰੱਖੀ ਜਾਵੇਗੀ।

# ਡਿਪਟੀ ਕਮਿਸ਼ਨਰ ਵੱਲੋਂ ਮਾਲ ਵਿਭਾਗ ਨਾਲ ਸਬੰਧਤ ਸੇਵਾਵਾਂ ਪੂਰੀ ਪਾਰਦਸ਼ਤਾ, ਨਿਰਵਿਘਨ ਤੇ ਤੈਅ ਸਮੇਂ 'ਚ ਪ੍ਰਦਾਨ ਕਰਨ ਦੀ ਹਦਾਇਤ

**ਜਲੰਧਰ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**



ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਆਮ ਲੋਕਾਂ ਨੂੰ ਮਾਲ ਵਿਭਾਗ ਨਾਲ ਸਬੰਧਤ ਸੇਵਾਵਾਂ ਪੂਰੀ ਪਾਰਦਸ਼ਤਾ, ਨਿਰਵਿਘਨ ਤੇ ਤੈਅ ਸਮਾਂ ਸੀਮਾ ਵਿੱਚ ਮਿਲਣੀਆਂ ਯਕੀਨੀ ਬਣਾਈਆਂ ਜਾਣ ਅਤੇ ਆਪਣੇ ਕੰਮਕਾਜ ਲਈ ਦਫ਼ਤਰਾਂ ਆਉਣ ਵਾਲੇ ਵਿਅਕਤੀਆਂ ਨੂੰ ਹਰ ਸੰਭਵ ਸਹੂਲਤ ਪ੍ਰਦਾਨ ਕੀਤੀ ਜਾਵੇ।

ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮਾਲ ਵਿਭਾਗ ਦੀ ਸ਼ਾਮ ਤੋਂ ਦੇਰ ਤੱਕ ਚੱਲੀ ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਮੇਰਾ ਘਰ ਮੇਰੇ ਨਾਮ', ਖਸਰਾ ਮੈਪਿੰਗ, ਰਿਕਵਰੀ ਕੇਸਾਂ, ਇੰਤਕਾਲ, ਰੈਵੇਨਿਊ ਕੋਰਸ ਕੇਸਾਂ, ਈ-ਸੇਵਾ ਪੈਂਡੈਂਸੀ, ਜਮ ?ਹਾਬੰਦੀਆਂ ਦੀ ਡਿਜੀਟਾਈਜ਼ੇਸ਼ਨ ਆਦਿ ਦੀ ਪ੍ਰਗਤੀ ਸਮੇਤ ਜਲੰਧਰ ਵਿੱਚ 'ਈਜ਼ੀ ਰਜਿਸਟ ?ਰੇਸ਼ਨ ਪ੍ਰਣਾਲੀ' ਲਾਗੂ ਕਰਨ ਸਬੰਧੀ ਚੱਲ ਰਹੀ ਪ੍ਰਕਿਰਿਆ ਦਾ ਬਾਰੀਕੀ ਨਾਲ ਜਾਇਜ਼ਾ ਲਿਆ।

ਡਾ. ਅਗਰਵਾਲ ਨੇ 'ਮੇਰਾ ਘਰ ਮੇਰੇ ਨਾਮ' ਸਕੀਮ ਤਹਿਤ ਪਿੰਡਾਂ ਵਿੱਚ ਚੱਲ ਰਹੇ ਗਰਾਊਂਡ ਟਰੂਥਿੰਗ (ਡੋਰ-ਟੂ-ਡੋਰ ਸਰਵੇ) ਦੇ ਕੰਮ ਦੀ ਸਮੀਖਿਆ ਕਰਦਿਆਂ ਇਸ ਵਿੱਚ ਤੇਜ਼ੀ ਲਿਆਉਣ ਦੀਆਂ ਹਦਾਇਤਾਂ ਕੀਤੀਆਂ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ 890 ਪਿੰਡਾਂ ਵਿੱਚ ਡਰੋਨ ਸਰਵੇਖਣ ਉਪਰੰਤ 528 ਨਕਸ਼ਾ-1 ਪ੍ਰਾਪਤ ਹੋਏ ਸਨ, ਜਿਨ੍ਹਾਂ ਦੇ ਆਧਾਰ 'ਤੇ ਪਿੰਡਾਂ ਵਿੱਚ ਡੋਰ-ਟੂ-ਡੋਰ ਸਰਵੇ ਦਾ ਕੰਮ ਚੱਲ ਰਿਹਾ ਹੈ। ਉਨ੍ਹਾਂ ਦੱਸਿਆ ਕਿ 287 ਨਕਸ਼ਾ-1 ਦੀ ਗਰਾਊਂਡ ਟਰੂਥਿੰਗ ਮੁਕੰਮਲ ਹੋ ਚੁੱਕੀ ਹੈ। ਉਨ੍ਹਾਂ ਅਧਿਕਾਰੀਆਂ ਨੂੰ ਡੋਰ-ਟੂ-ਡੋਰ ਸਰਵੇ ਦੇ ਕਾਰਜ ਵਿੱਚ ਤੇਜ਼ੀ ਲਿਆਉਣ ਅਤੇ ਇਸ ਨੂੰ ਜਲਦ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਮਾਲ ਅਫ਼ਸਰ ਨੂੰ ਇਸ ਪ੍ਰਕਿਰਿਆ ਦੀ ਰੋਜ਼ਾਨਾ ਦੇ ਆਧਾਰ 'ਤੇ ਨਿਗਰਾਨੀ ਯਕੀਨੀ ਬਣਾਉਣ ਦੀ ਹਦਾਇਤ ਕੀਤੀ।

ਜਲੰਧਰ ਵਿੱਚ 'ਈਜ਼ੀ ਰਜਿਸਟ ?ਰੇਸ਼ਨ ਪ੍ਰਣਾਲੀ' ਸ਼ੁਰੂ ਕਰਨ ਸੰਬੰਧੀ ਕੀਤੇ ਜਾ ਰਹੇ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡਿਪਟੀ ਕਮਿਸ਼ਨਰ ਨੇ ਇਸ ਦੇ ਨਿਰਵਿਘਨ ਸੰਚਾਲਨ ਲਈ ਲੋੜੀਂਦੇ ਸਟਾਫ਼, ਸਟਾਫ਼ ਦੀ ਢੁੱਕਵੀਂ ਟ ?ਰੇਨਿੰਗ, ਜ਼ਰੂਰੀ ਸਾਜ਼ੋ-ਸਮਾਨ ਆਦਿ ਦੀ ਉਪਲਬਧਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਉਪ ਮੰਡਲ ਮੈਜਿਸਟ ?ਰੇਟਾਂ ਨੂੰ ਤਹਿਸੀਲਾਂ ਦਾ ਨਿਜੀ ਤੌਰ 'ਤੇ ਦੌਰਾ ਕਰਨ ਲਈ ਕਿਹਾ ਤਾਂ ਜੋ ਇਸ ਪ੍ਰਣਾਲੀ ਨੂੰ ਬਿਨਾਂ ਕਿਸੇ ਰੁਕਾਵਟ ਦੇ ਨਿਸ਼ਚਿਤ ਦਿਨ ਤੋਂ ਸ਼ੁਰੂ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਪੋਰਟਲ ਰਾਹੀਂ ਰਜਿਸਟ ?ਰੇਸ਼ਨ ਪ੍ਰਕਿਰਿਆ ਹੋਰ ਪਾਰਦਰਸ਼ੀ ਅਤੇ ਸੁਵਿਧਾਜਨਕ ਬਣੇਗੀ।

ਮਾਲ ਵਿਭਾਗ ਨਾਲ ਸਬੰਧਿਤ ਸੇਵਾਵਾਂ ਸਮੇਂ ਸਿਰ ਮੁਹੱਈਆ ਕਰਵਾਉਣ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਅਧਿਕਾਰੀਆਂ ਨੂੰ ਇੰਤਕਾਲ, ਤਕਸੀਮ, ਜਮ ?ਹਾਂਬੰਦੀਆਂ ਅਤੇ ਨਿਸ਼ਾਨਦੇਹੀ ਦੇ ਮਾਮਲਿਆਂ ਨੂੰ ਬਿਨਾਂ ਕਿਸੇ ਦੇਰੀ ਤੋਂ ਸਮਾਂਬੱਧ ਢੰਗ ਨਾਲ ਨਿਪਟਾਉਣ ਦੀ ਹਦਾਇਤ ਕੀਤੀ। ਉਨ੍ਹਾਂ ਕਿਹਾ ਕਿ ਤਕਸੀਮ ਦੇ ਇਕ-ਦੋ ਸਾਲ ਤੋਂ ਜ਼ਿਆਦਾ ਪੁਰਾਣੇ ਕੇਸਾਂ ਨੂੰ ਪਹਿਲ ਦੇ ਆਧਾਰ 'ਤੇ ਨਿਬੇੜਿਆ ਜਾਵੇ।

ਡਿਪਟੀ ਕਮਿਸ਼ਨਰ ਨੇ ਤਹਿਸੀਲਦਾਰਾਂ ਅਤੇ ਨਾਇਬ ਤਹਿਸੀਲਦਾਰਾਂ ਨੂੰ ਰਿਕਵਰੀ ਨਾਲ ਸਬੰਧਤ ਮਾਮਲਿਆਂ ਨੂੰ ਸੰਜੀਦਗੀ ਨਾਲ ਲੈਂਦਿਆਂ ਰਿਕਵਰੀ ਵਿੱਚ ਤੇਜ਼ੀ ਲਿਆਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਰਿਕਵਰੀ ਨੂੰ ਪਹਿਲੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਸੂਬਾ ਸਰਕਾਰ ਦੇ ਮਾਲੀਏ ਵਿੱਚ ਵਾਧਾ ਹੋ ਸਕੇ।

ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਅਮਨਿੰਦਰ ਕੌਰ, ਸਮੂਹ ਐਸ.ਡੀ.ਐਮਜ਼, ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਸਿੰਘ ਭੋਗਲ ਅਤੇ ਮਾਲ ਵਿਭਾਗ ਦੇ ਅਧਿਕਾਰੀ ਵੀ ਮੌਜੂਦ ਸਨ।

# ਰੋਸ ਪ੍ਰਦਰਸ਼ਨਾਂ 'ਤੇ ਪਾਬੰਦੀ ਦੇ ਲੋਕਤੰਤਰ ਵਿਰੋਧੀ ਫੈਸਲੇ ਨੂੰ ਵਾਪਸ ਲਿਆ ਜਾਵੇ

➢ ਲੋਕ ਸਭਾ ਮੈਂਬਰ ਮੀਤ ਹੇਅਰ ਨੇ ਉਪ ਰਾਸ਼ਟਰਪਤੀ ਨੂੰ ਲਿਖਿਆ ਪੱਤਰ ➢ ਇਸ ਤਾਨਾਸ਼ਾਹੀ ਹੁਕਮ ਨੂੰ ਮੌਲਿਕ ਅਧਿਕਾਰਾਂ ਦੀ ਬੱਜਰ ਉਲੰਘਣਾ ਦੱਸਿਆ ➢ ਵਿਦਿਆਰਥੀਆਂ ਤੋਂ ਹਲ.ਫਨਾਮਾ ਮੰਗਣਾ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਦੇ ਅਧਿਕਾਰ ਨੂੰ ਦਬਾਉਣ ਦੇ ਬਰਾਬਰ ➢ ਇਸ ਆਪਹੁਦਰੇ ਫੈਸਲਾ ਨੂੰ ਪੰਜਾਬ ਯੂਨੀਵਰਸਿਟੀ ਦੀ ਸ਼ਾਖ਼ ਨੂੰ ਢਾਹ ਲਾਉਣ ਦੀ ਕੋਸ਼ਿਸ਼ ਦੱਸਿਆ

**ਚੰਡੀਗੜ੍ਹ, 29 ਜੂਨ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਯੂਨੀਵਰਸਿਟੀ ਰੋਸ ਪ੍ਰਦਰਸ਼ਨਾਂ 'ਤੇ ਪਾਬੰਦੀ ਦੇ ਲਗਾਏ ਲੋਕਤੰਤਰ ਵਿਰੋਧੀ ਫੈਸਲੇ ਖਿਲਾਫ ਸੰਗਰੂਰ ਤੋਂ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਪੰਜਾਬ ਯੂਨੀਵਰਸਿਟੀ ਦੇ ਚਾਂਸਲਰ ਜਗਦੀਪ ਧਨਖੜ ਜੋ ਦੇਸ਼ ਦੇ ਉਪ ਰਾਸ਼ਟਰਪਤੀ ਵੀ ਹਨ, ਨੂੰ ਪੱਤਰ ਲਿਖ ਕੇ ਇਹ ਫੈਸਲਾ ਵਾਪਸ ਕਰਵਾਉਣ ਦੀ ਮੰਗ ਰੱਖੀ ਹੈ।

ਮੀਤ ਹੇਅਰ ਨੇ ਲਿਖਿਆ, "ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਪੰਜਾਬ ਸੂਬੇ ਦੀ ਅਮੀਰ ਵਿਰਾਸਤ ਹੈ ਜੋ ਕਿ ਅਜ਼ਾਦੀ ਤੋਂ ਪਹਿਲਾਂ ਵਾਲੇ ਸਮੇਂ ਤੋਂ ਹੀ ਇਸ ਖੇਤਰ ਦੀ ਉੱਘੀ ਵਿਦਿਅਕ ਸੰਸਥਾ ਵਜੋਂ ਸਥਾਪਤ ਹੈ। ਇਹ ਨਾ ਕੇਵਲ ਸੂਬੇ ਬਲਕਿ ਦੇਸ਼ ਦੀਆਂ ਮਿਆਰੀ ਸਿੱਖਿਆ ਸੰਸਥਾਵਾਂ ਵਿੱਚੋਂ ਇੱਕ ਹੈ। ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਹਰ ਖੇਤਰ ਵਿੱਚ ਮੱਲਾਂ ਮਾਰੀਆਂ ਹਨ, ਚਾਹੇ ਉਹ ਸਿੱਖਿਆ, ਵਿਗਿਆਨ, ਕਾਨੂੰਨ, ਕਲਾ, ਸੱਭਿਆਚਾਰ, ਖੇਡਾਂ ਆਦਿ ਖੇਤਰ ਹੋਵੇ ਜਾਂ ਫੇਰ ਰਾਜਨੀਤੀ। ਪਿਛਲੇ ਕੁਝ ਅਰਸੇ ਤੋਂ ਪੰਜਾਬ ਯੂਨੀਵਰਸਿਟੀ ਸਬੰਧੀ ਕੇਂਦਰ ਦੀ ਸਰਕਾਰ ਵੱਲੋਂ ਲਏ ਜਾ ਰਹੇ ਬੇਤੁਕੇ ਫੈਸਲਿਆਂ ਨਾਲ ਇਸ ਵਿਦਿਅਕ ਸੰਸਥਾ ਦੇ ਅਕਸ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ।

ਲੋਕ ਸਭਾ ਮੈਂਬਰ ਨੇ ਪੱਤਰ ਵਿੱਚ ਲਿਖਿਆ ਹੈ ਕਿ ਪੰਜਾਬ ਯੂਨੀਵਰਸਿਟੀ ਵਿੱਚ ਵਿਦਿਆਰਥੀਆਂ ਤੋਂ ਧਰਨਾ ਨਾ ਦੇਣ ਅਤੇ ਵਿਰੋਧ ਪ੍ਰਦਰਸ਼ਨ ਨਾ ਕਰਨ ਦਾ ਲਿਖਤੀ ਹਲਫ਼ਨਾਮਾ ਮੰਗਣਾ, ਵਿਦਿਆਰਥੀਆਂ ਦੇ ਮੁਢਲੇ ਹੱਕਾਂ 'ਤੇ ਡਾਕਾ ਵੀ ਹੈ। ਇਹ ਫ਼ੈਸਲਾ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਇਹ ਫੈਸਲਾ ਜਿੱਥੇ ਵਿਦਿਆਰਥੀਆਂ ਦੇ ਜਮਹੂਰੀ ਹੱਕਾਂ ਉੱਤੇ ਡਾਕਾ ਹੈ ਉੱਥੇ ਤਾਨਾਸ਼ਾਹੀ



ਭਰਿਆ ਵੀ ਫੈਸਲਾ ਹੈ। ਸਾਡੇ ਸੰਵਿਧਾਨ ਵਿੱਚ ਸਾਨੂੰ ਵਿਰੋਧ ਪ੍ਰਦਰਸ਼ਨ ਕਰਨ ਦਾ ਮੌਲਿਕ ਅਧਿਕਾਰ ਮਿਲਿਆ ਹੈ, ਨਵੇਂ ਫੈਸਲੇ ਨਾਲ ਮੌਲਿਕ ਅਧਿਕਾਰਾਂ ਉੱਪਰ ਸਿੱਧਾ ਹਮਲਾ ਕੀਤਾ ਗਿਆ ਹੈ। ਪਿਛਲੇ ਸਮੇਂ ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਲਏ ਗਏ ਵਿਦਿਆਰਥੀਆਂ ਵਿਰੋਧੀ ਫੈਸਲਿਆਂ ਖ਼ਿਲਾਫ਼ ਵਿਦਿਆਰਥੀਆਂ ਨੇ ਵਿਰੋਧ ਪ੍ਰਦਰਸ਼ਨ ਕਰਕੇ ਹੀ ਵਾਪਸ ਕਰਵਾਏ ਸਨ, ਹੁਣ ਵਿਦਿਆਰਥੀ ਆਪਣੇ ਇਹ ਹੱਕ ਤੋਂ ਹੀ ਮਹਿਦੂਦ ਹੋ ਗਏ ਹਨ।

ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਮੇਂ ਤੋਂ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੇ ਸਬੰਧ ਵਿੱਚ ਲਏ ਗਏ ਆਪਹੁਦਰੇ ਫੈਸਲਿਆਂ ਨੇ ਸਿੱਖਿਆ ਦੇ ਇਸ ਮਹਾਨ ਕੇਂਦਰ ਦੀ ਸਾਖ਼ ਨੂੰ ਵੱਡੀ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ। ਮੀਤ ਹੇਅਰ ਨੇ ਕਿਹਾ ਕਿ ਪੰਜਾਬ ਯੂਨੀਵਰਸਿਟੀ ਵਿੱਚ ਰੋਸ ਪ੍ਰਦਰਸ਼ਨ ਨਾ ਕਰਨ ਸਬੰਧੀ ਵਿਦਿਆਰਥੀਆਂ ਤੋਂ ਲਿਖਤੀ ਹਲਫ਼ਨਾਮਾ ਮੰਗਣ ਵਾਲਾ ਹਾਲ ਹੀ ਵਿੱਚ ਜਾਰੀ ਕੀਤਾ ਗਿਆ ਹੁਕਮ ਨਾ ਸਿਰਫ਼ ਸੰਵਿਧਾਨ ਵਿੱਚ ਦਰਜ ਉਨ੍ਹਾਂ ਦੇ ਮੌਲਿਕ ਅਧਿਕਾਰਾਂ ਨੂੰ ਢਾਹ ਲਾਉਣ ਵਾਲਾ ਹੈ, ਸਗੋਂ ਲੋਕਤੰਤਰ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਭਾਵਨਾ ਦੀ ਵੀ ਪੂਰੀ ਤਰ੍ਹਾਂ ਉਲੰਘਣਾ ਹੈ। ਮੀਤ ਹੇਅਰ ਨੇ ਕਿਹਾ ਕਿ ਇੱਕ ਪਾਸੇ ਤਾਂ ਪੰਜਾਬ ਯੂਨੀਵਰਸਿਟੀ ਕੌਂਸਲ ਦੀ ਸਲਾਨਾ ਚੋਣ ਨਾਲ ਵਿਦਿਆਰਥੀਆਂ ਨੂੰ ਲੋਕਤੰਤਰ ਹੀ ਪਹਿਲੀ ਕਲਾਸ ਪੜ੍ਹਾਈ ਜਾਂਦੀ ਹੈ ਉਥੇ ਮੌਜੂਦਾ ਲਿਆ ਗਿਆ ਫੈਸਲਾ ਇਸ ਰਵਾਇਤ ਦਾ ਵਿਰੋਧਾਭਾਸ ਹੈ। ਪੰਜਾਬ ਯੂਨੀਵਰਸਿਟੀ ਨੇ ਦੇਸ਼ ਦੀ ਰਾਜਨੀਤੀ ਨੂੰ ਉੱਚ ਕੋਟੀ ਦੇ ਸਿਆਸਤਦਾਨ ਦਿੱਤੇ ਹਨ ਪ੍ਰੰਤੂ ਮੌਜੂਦਾ ਫੈਸਲੇ ਨਾਲ ਇਸ ਸ਼ਾਨਦਾਰ ਰਵਾਇਤ ਨੂੰ ਵੱਡੀ ਢਾਅ ਲੱਗੇਗੀ।

ਉਨ੍ਹਾਂ ਪੱਤਰ ਦੇ ਅੰਤ ਵਿੱਚ ਲਿਖਿਆ, "ਆਪ ਜੀ ਇਸ ਯੂਨੀਵਰਸਿਟੀ ਦੇ ਚਾਂਸਲਰ ਵੀ ਹੋ। ਇਸ ਲਈ ਮੇਰੀ ਆਪ ਜੀ ਅੱਗੇ ਅਰਜੋਈ ਹੈ ਕਿ ਆਪ ਇਸ ਮਾਮਲੇ ਵਿੱਚ ਨਿੱਜੀ ਤੋਰ ਉੱਤੇ ਦਿਲਚਸਪੀ ਲੈਂਦੇ ਹੋਏ ਇਸ ਤਾਨਾਸ਼ਾਹੀ ਫੈਸਲੇ ਨੂੰ ਵਾਪਿਸ ਕਰਵਾਉਣ ਲਈ ਚਾਰਾਜੋਈ ਕਰੋ।

# ਵਿਜੇਂਦਰ ਗੁਪਤਾ ਧਰਮਸ਼ਾਲਾ ਵਿੱਚ ਆਯੋਜਿਤ ਦੋ ਦਿਨਾਂ ਸਾਲਾਨਾ ਵਿਧਾਇਕ ਸੰਮੇਲਨ ਵਿੱਚ ਹਿੱਸਾ ਲੈਣਗੇ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ, 29 ਜੂਨ: ਦਿੱਲੀ ਵਿਧਾਨ ਸਭਾ ਦੇ ਮਾਣਯੋਗ ਸਪੀਕਰ ਸ਼੍ਰੀ ਵਿਜੇਂਦਰ ਗੁਪਤਾ 30 ਜੂਨ ਅਤੇ 1 ਜੁਲਾਈ 2025 ਨੂੰ ਧਰਮਸ਼ਾਲਾ ਦੇ ਤਪੋਵਨ ਵਿਖੇ ਹੋਣ ਵਾਲੇ ਰਾਸ਼ਟਰਮੰਡਲ ਸੰਸਦੀ ਸੰਘ (ਸੀਪੀਏ), ਭਾਰਤ ਖੇਤਰ, ਜ਼ੋਨ-2 ਦੇ ਸਾਲਾਨਾ ਸੰਮੇਲਨ ਵਿੱਚ ਸ਼ਾਮਲ ਹੋਣਗੇ। ਇਹ ਦੋ-ਰੋਜ਼ਾ ਸੰਮੇਲਨ ਦਿੱਲੀ, ਹਰਿਆਣਾ, ਜੰਮੂ ਅਤੇ ਕਸ਼ਮੀਰ ਅਤੇ ਪੰਜਾਬ ਵਿਧਾਨ ਸਭਾਵਾਂ ਦੇ ਪ੍ਰੀਜ਼ਾਈਡਿੰਗ ਅਧਿਕਾਰੀਆਂ ਅਤੇ ਵਿਧਾਇਕਾਂ ਨੂੰ ਇਕੱਠੇ ਕਰਨ ਲਈ ਵਿਧਾਨਕ ਸੁਸ਼ਾਸਨ, ਲੋਕਤੰਤਰੀ ਜਵਾਬਦੇਹੀ ਅਤੇ ਅੰਤਰ-ਰਾਜੀ ਸਹਿਯੋਗ ਨਾਲ ਸਬੰਧਤ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਆਯੋਜਿਤ ਕੀਤਾ ਜਾ ਰਿਹਾ ਹੈ। ਵਿਧਾਨ ਸਭਾ ਦੇ ਸਪੀਕਰ ਦੇ ਨਾਲ ਆਉਣ ਵਾਲੇ ਵਫ਼ਦ ਵਿੱਚ ਡਿਪਟੀ ਸਪੀਕਰ ਸ਼੍ਰੀ ਮੋਹਨ ਸਿੰਘ ਬਿਸ਼ਟ, ਚੀਫ਼ ਵ੍ਹਿਪ ਸ੍ਰੀ ਅਭੈ ਵਰਮਾ, ਵਿਧਾਇਕ ਸ੍ਰੀਮਤੀ ਸ਼ਿਖਾ ਰਾਏ ਅਤੇ ਸ੍ਰੀ ਜਤਿੰਦਰ ਮਹਾਜਨ, ਅਤੇ ਦਿੱਲੀ ਵਿਧਾਨ ਸਭਾ ਦੇ ਸਕੱਤਰ ਸ੍ਰੀ ਰਣਜੀਤ ਸਿੰਘ ਸ਼ਾਮਲ ਹਨ, ਜੋ ਕਾਨਫਰੰਸ ਵਿੱਚ ਸ਼ਾਮਲ ਹੋਣਗੇ। ਇਸ ਕਾਨਫਰੰਸ ਦਾ ਉਦਘਾਟਨ ਲੋਕ ਸਭਾ ਦੇ ਮਾਨਯੋਗ ਸਪੀਕਰ ਸ਼੍ਰੀ ਓਮ ਬਿਰਲਾ ਕਰਨਗੇ। ਸੰਵਿਧਾਨਕ ਮਾਹਿਰ, ਸੰਸਦ ਮੈਂਬਰ, ਵਿਧਾਇਕ ਅਤੇ ਸੀਨੀਅਰ ਸੰਸਦੀ ਅਧਿਕਾਰੀ ਕਾਨਫਰੰਸ ਵਿੱਚ ਹਿੱਸਾ ਲੈਣਗੇ। ਇਸ ਮੌਕੇ ਦਾ ਉਦੇਸ਼ ਬਦਲਦੇ ਸਮਾਜਿਕ-ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਸੰਸਦ ਅਤੇ ਵਿਧਾਨ ਸਭਾਵਾਂ ਦੇ ਕੰਮਕਾਜ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਮਜ਼ਬੂਤ ??ਬਣਾਉਣ 'ਤੇ ਗੱਲਬਾਤ ਨੂੰ ਉਤਸ਼ਾਹਿਤ ਕਰਨਾ ਹੈ। ਕਾਨਫਰੰਸ ਦੇ ਮੁੱਖ ਵਿਸ਼ਿਆਂ ਵਿੱਚ ਰਾਜ ਦੇ ਸਰੋਤਾਂ ਦੇ ਪ੍ਰਬੰਧਨ ਵਿੱਚ ਵਿਧਾਨ ਸਭਾਵਾਂ ਦੀ ਭੂਮਿਕਾ ਅਤੇ ਰਾਜ ਦੇ ਸਮੁੱਚੇ ਵਿਕਾਸ ਵਿੱਚ ਉਨ੍ਹਾਂ ਦੀ ਪ੍ਰਭਾਵਸ਼ਾਲੀ ਵਰਤੋਂ ਨੂੰ ਯਕੀਨੀ ਬਣਾਉਣ ਦੇ ਉਪਾਅ ਸ਼ਾਮਲ ਹਨ। ਇਸ ਸੈਸ਼ਨ ਵਿੱਚ ਇਸ ਗੱਲ 'ਤੇ ਚਰਚਾ ਕੀਤੀ ਜਾਵੇਗੀ ਕਿ ਵਿਧਾਨ ਸਭਾਵਾਂ ਕਿਵੇਂ ਜਵਾਬਦੇਹ ਸ਼ਾਸਨ ਨੂੰ ਯਕੀਨੀ ਬਣਾ ਸਕਦੀਆਂ ਹਨ, ਵਿੱਤੀ ਅਨੁਸ਼ਾਸਨ ਬਣਾਈ ਰੱਖ ਸਕਦੀਆਂ ਹਨ ਅਤੇ ਵਿਕਾਸ ਟੀਚਿਆਂ ਨੂੰ ਜਨਤਕ ਹਿੱਤ ਨਾਲ ਕਿਵੇਂ ਜੋੜ ਸਕਦੀਆਂ ਹਨ। ਇੱਕ ਹੋਰ ਮਹੱਤਵਪੂਰਨ ਵਿਸ਼ਾ ਦਲ-ਬਦਲੀ ਦੇ ਆਧਾਰ 'ਤੇ ਵਿਧਾਇਕਾਂ ਨੂੰ ਅਯੋਗ ਠਹਿਰਾਉਣ ਨਾਲ ਸਬੰਧਤ ਸੰਵਿਧਾਨਕ ਉਪਬੰਧ ਹੋਣਗੇ, ਜਿਨ੍ਹਾਂ ਦਾ ਜ਼ਿਕਰ ਸੰਵਿਧਾਨ ਦੇ ਅਨੁਛੇਦ 102(2) ਅਤੇ 191(2) ਦੇ ਤਹਿਤ ਦਸਵੀਂ ਅਨੁਸੂਚੀ ਵਿੱਚ ਕੀਤਾ ਗਿਆ ਹੈ। ਇਹ ਸੈਸ਼ਨ ਦਲ-ਬਦਲੀ ਵਿਰੋਧੀ ਕਾਨੂੰਨ ਦੀ ਪਵਿੱਤਰਤਾ ਨੂੰ ਬਣਾਈ ਰੱਖਣ ਵਿੱਚ ਮੌਜੂਦਾ ਚੁਣੌਤੀਆਂ ਅਤੇ ਪ੍ਰੀਜ਼ਾਈਡਿੰਗ ਅਫ਼ਸਰਾਂ ਦੁਆਰਾ ਸਮੇਂ ਸਿਰ ਅਤੇ ਨਿਰਪੱਖ ਫੈਸਲਿਆਂ ਦੀ ਜ਼ਰੂਰਤ 'ਤੇ ਕੇਂਦ੍ਰਿਤ ਹੋਵੇਗਾ। ਇਸ ਕਾਨਫਰੰਸ ਵਿੱਚ ਵਿਧਾਨਕ ਕੰਮਕਾਜ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ (19) ਦੀ ਵਰਤੋਂ 'ਤੇ ਇੱਕ ਵਿਸ਼ੇਸ਼ ਚਰਚਾ ਵੀ ਹੋਵੇਗੀ। ਭਾਗੀਦਾਰ ਇਸ ਗੱਲ 'ਤੇ ਵਿਚਾਰ ਕਰਨਗੇ ਕਿ ਕਿਵੇਂ 19 ਵਿਧਾਨਕ ਖੋਜ ਦੀ ਕੁਸ਼ਲਤਾ ਵਧਾ ਸਕਦਾ ਹੈ, ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾ ਸਕਦਾ ਹੈ, ਅਤੇ ਡਿਜੀਟਲ ਪਲੇਟਫਾਰਮਾਂ ਰਾਹੀਂ ਨਾਗਰਿਕਾਂ ਦੀ ਭਾਗੀਦਾਰੀ ਨੂੰ ਸਸ਼ਕਤ ਬਣਾ ਸਕਦਾ ਹੈ। ਇਹ ਚਰਚਾ ਆਧੁਨਿਕ ਸ਼ਾਸਨ ਵਿੱਚ ਤਕਨਾਲੋਜੀ ਦੀ ਭੂਮਿਕਾ ਨੂੰ ਉਜਾਗਰ ਕਰਦੀ ਹੈ। ਕਾਨਫਰੰਸ ਵਿੱਚ, ਸ਼੍ਰੀ ਵਿਜੇਂਦਰ ਗੁਪਤਾ ਦਿੱਲੀ ਵਿਧਾਨ ਸਭਾ ਦੁਆਰਾ ਕੀਤੇ ਗਏ ਹਾਲੀਆ ਲੋਕਤੰਤਰੀ ਅਤੇ ਤਕਨੀਕੀ ਨਵੀਨਤਾਵਾਂ ਨੂੰ ਉਜਾਗਰ ਕਰਨਗੇ, ਅਤੇ ਜਨਤਕ ਉਮੀਦਾਂ ਦੇ ਅਨੁਸਾਰ ਸੰਸਥਾਗਤ ਢਾਂਚੇ ਨੂੰ ਕਿਵੇਂ ਮਜ਼ਬੂਤ ??ਕਰਨਾ ਹੈ, ਇਸ ਬਾਰੇ ਰੂਪਰੇਖਾ ਤਿਆਰ ਕਰਨਗੇ। ਉਨ੍ਹਾਂ ਦੀ ਭਾਗੀਦਾਰੀ ਸਹਿਕਾਰੀ ਸੰਘਵਾਦ ਅਤੇ ਕਿਰਿਆਸ਼ੀਲ ਵਿਧਾਨਕ ਸ਼ਾਸਨ ਦੇ ਸਾਂਝੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ??ਕਰੇਗੀ। ਸੀਪੀਏ (ਭਾਰਤ ਖੇਤਰ, ਜ਼ੋਨ-2) ਦਾ ਇਹ ਸਾਲਾਨਾ ਸੰਮੇਲਨ ਵਿਚਾਰਾਂ ਦੇ ਆਦਾਨ-ਪ੍ਰਦਾਨ, ਅੰਤਰ-ਵਿਧਾਨਕ ਸਹਿਯੋਗ ਅਤੇ ਸੰਵਿਧਾਨਕ ਲੋਕਤੰਤਰ ਅਤੇ ਚੰਗੇ ਸ਼ਾਸਨ ਦੇ ਸਿਧਾਂਤਾਂ ਪ੍ਰਤੀ ਜਨਤਕ ਪ੍ਰਤੀਨਿਧੀਆਂ ਦੀ ਵਚਨਬੱਧਤਾ ਦੀ ਪੁਸ਼ਟੀ ਲਈ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕਰਦਾ ਹੈ।



## ਅਯੁੱਧਿਆ 'ਚ ਰਾਮ ਮੰਦਰ ਨਿਰਮਾਣ ਕੰਮ ਜੁਲਾਈ ਦੇ ਅੰਤ ਤੱਕ ਪੂਰਾ ਹੋਣ ਦੀ ਸੰਭਾਵਨਾ

ਅਯੁੱਧਿਆ 29 ਜੂਨ। ਉੱਤਰ ਪ੍ਰਦੇਸ਼ ਦੇ ਅਯੁੱਧਿਆ 'ਚ ਰਾਮ ਮੰਦਰ ਨਿਰਮਾਣ ਕਮੇਟੀ ਦੇ ਚੇਅਰਮੈਨ ਨ੍ਰਿਪੇਂਦਰ ਮਿਸ਼ਰਾ ਨੇ ਸ਼ਨੀਵਾਰ ਨੂੰ ਦੱਸਿਆ ਕਿ ਮੰਦਰ ਨਿਰਮਾਣ ਦਾ ਕੰਮ ਆਪਣੇ ਆਖ਼ਰੀ ਪੜਾਅ 'ਚ ਹੈ ਅਤੇ ਨਿਰਮਾਣ ਨਾਲ ਸੰਬੰਧਤ ਸਾਰੇ ਮੁੱਖ ਕੰਮਾਂ ਦੇ ਜੁਲਾਈ ਦੇ ਅੰਤ ਤੱਕ ਪੂਰਾ ਹੋਣ ਦੀ ਸੰਭਾਵਨਾ ਹੈ। ਮੰਦਰ ਨਿਰਮਾਣ ਕਮੇਟੀ ਦੀ ਬੈਠਕ 'ਚ ਹਿੱਸਾ ਲੈਣ ਸ਼ਨੀਵਾਰ ਨੂੰ ਅਯੁੱਧਿਆ ਪਹੁੰਚੇ ਮਿਸ਼ਰਾ ਨੇ ਦੱਸਿਆ ਕਿ ਮੰਦਰ ਤੇ ਉਸ ਦੇ ਪਰਕੋਟੇ ਲਈ 14 ਲੱਖ ਘਣ ਫੁੱਟ ਬੰਸੀ ਪਹਾੜਪੁਰ ਪੱਥਰ ਦੀ ਲੋੜ ਸੀ, ਜਿਸ 'ਚੋਂ 13 ਲੱਖ ਘਣ ਫੁੱਟ ਪੱਥਰ ਲੱਗ ਚੁਕੇ ਹਨ। ਉਨ੍ਹਾਂ ਕਿਹਾ ਕਿ ਹੁਣ ਸਿਰਫ਼ ਇਕ ਲੱਖ ਘਣ ਫੁੱਟ ਪੱਥਰ ਹੀ ਲੱਗਣਾ ਬਾਕੀ ਹੈ। ਮਿਸ਼ਰ ਨੇ ਕਿਹਾ ਕਿ ਮੰਦਰ ਦੇ ਲਗਭਗ 800 ਫੁੱਟ ਲੰਬੇ ਹੇਠਲੀ ਚਬੂਤਰੇ ਦੇ 500 ਫੁੱਟ ਹਿੱਸੇ 'ਤੇ ਰਾਮ ਕਥਾ ਨੂੰ ਦਰਸਾਉਣ ਵਾਲੇ ਚਿੱਤਰ ਤਿਆਰ ਹੋ ਚੁਕੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਨੇੜੇ-ਤੇੜੇ ਦੇ ਘੇਰੇ 'ਚ 80 'ਚੋਂ 45 ਕਾਂਸੀ ਦੇ ਚਿੱਤਰ ਸਥਾਪਤ ਕੀਤੇ ਜਾ ਚੁਕੇ ਹਨ। ਉਨ੍ਹਾਂ ਕਿਹਾ,"ਭਾਰਤ 'ਚ ਪਹਿਲੀ ਵਾਰ ਕਿਸੇ ਮੰਦਰ ਦੀਆਂ ਖਿੜਕੀਆਂ 'ਚ ਟਾਈਟੇਨੀਅਮ ਧਾਤੂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਇਹ ਆਪਣੇ ਆਪਣੇ 'ਚ ਅਨੋਖੀ ਗੱਲ ਹੈ।" ਮੰਦਰ ਨਿਰਮਾਣ ਕਮੇਟੀ ਦੇ ਚੇਅਰਮੈਨ ਨੇ ਕਿਹਾ ਕਿ ਇਸ ਧਾਤੂ ਦੀ ਅਸਾਧਾਰਨ ਮਜ਼ਬੂਤੀ 1,000 ਸਾਲ ਤੋਂ ਵੱਧ ਸਮੇਂ ਤੱਕ ਟਿਕੀ ਰਹਿ ਸਕਦੀ ਹੈ। ਉਨ੍ਹਾਂ ਕਿਹਾ,"ਰਾਮ ਮੰਦਰ ਨਿਰਮਾਣ ਕਮੇਟੀ ਨੂੰ ਉਮੀਦ ਹੈ ਕਿ ਜੁਲਾਈ ਦੇ ਅੰਤ ਤੱਕ ਸਾਰੇ ਵੱਡੇ ਨਿਰਮਾਣ ਕੰਮ ਪੂਰੇ ਹੋ ਜਾਣਗੇ।"

## ਫੈਕਟਰੀ 'ਚ ਅਚਾਨਕ ਲੱਗੀ ਭਿਆਨਕ ਅੱਗ ਲੱਗ, ਲੱਖਾਂ ਦਾ ਸਾਮਾਨ ਸੜ ਕੇ ਸੁਆਹ

ਨੈਸ਼ਨਲ ਡੈਸਕ 29 ਜੂਨ। ਰਾਜੌਰੀ ਦੇ ਜਵਾਹਰ ਨਗਰ ਗਰਿੱਡ ਸਟੇਸ਼ਨ ਦੇ ਨੇੜੇ ਸਥਿਤ ਇੱਕ ਫਰਨੀਚਰ ਫੈਕਟਰੀ ਦੇ ਗੋਦਾਮ 'ਚ ਅਚਾਨਕ ਭਿਆਨਕ ਅੱਗ ਲੱਗ ਗਈ, ਜਿਸ ਨਾਲ ਫੈਕਟਰੀ ਮਾਲਕ ਹਾਜੀ ਕਬੀਰ ਦੀ ਵਪਾਰਕ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਿਆ। ਚਸ਼ਮਦੀਦਾਂ ਅਨੁਸਾਰ ਅੱਗ ਇੰਨੀ ਤੇਜ਼ੀ ਨਾਲ ਫੈਲ ਗਈ ਕਿ ਗੋਦਾਮ 'ਚ ਰੱਖਿਆ ਲੱਖਾਂ ਰੁਪਏ ਦਾ ਸਾਮਾਨ ਕੁਝ ਹੀ ਸਮੇਂ ਵਿੱਚ ਸੜ ਕੇ ਸੁਆਹ ਹੋ ਗਿਆ। ਸਥਾਨਕ ਲੋਕਾਂ ਨੇ ਤੁਰੰਤ ਫਾਇਰ ਬ੍ਰਿਗੇਡ ਨੂੰ ਸੂਚਿਤ ਕੀਤਾ, ਜਿਸ ਤੋਂ ਬਾਅਦ ਫਾਇਰ ਬ੍ਰਿਗੇਡ ਮੌਕੇ 'ਤੇ ਪਹੁੰਚੀ ਅਤੇ ਕਾਫ਼ੀ ਮਿਹਨਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਅੱਗ ਲੱਗਣ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਪਰ ਮੁੱਢਲੀ ਜਾਂਚ 'ਚ ਸ਼ਾਰਟ ਸਰਕਟ ਨੂੰ ਸੰਭਾਵਿਤ ਕਾਰਨ ਦੱਸਿਆ ਜਾ ਰਿਹਾ ਹੈ। ਹਾਜੀ ਕਬੀਰ ਨੂੰ ਅੱਗ ਲੱਗਣ ਦੀ ਇਸ ਘਟਨਾ ਕਾਰਨ ਕਰੋੜਾਂ ਦਾ ਨੁਕਸਾਨ ਹੋਇਆ ਹੈ। ਘਟਨਾ ਤੋਂ ਬਾਅਦ ਸਥਾਨਕ ਵਪਾਰੀਆਂ ਅਤੇ ਨਿਵਾਸੀਆਂ ਵਿੱਚ ਡੂੰਘੀ ਚਿੰਤਾ ਹੈ। ਖੇਤਰੀ ਪ੍ਰਸ਼ਾਸਨ ਨੇ ਘਟਨਾ ਦੀ ਜਾਂਚ ਦੇ ਹੁਕਮ ਦਿੱਤੇ ਹਨ ਅਤੇ ਪ੍ਰਭਾਵਿਤ ਵਪਾਰੀ ਨੂੰ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ।

## ਜਾਅਲੀ ਜ਼ਮਾਨਤ ਕਰਵਾਉਣ ਦੇ ਦੋਸ਼ 'ਚ 4 ਵਿਰੁੱਧ ਕੇਸ ਦਰਜ

ਹੁਸ਼ਿਆਰਪੁਰ 29 ਜੂਨ। ਥਾਣਾ ਸਦਰ ਪੁਲਸ ਨੇ ਜਾਅਲੀ ਜ਼ਮਾਨਤ ਕਰਵਾਉਣ ਦੇ ਦੋਸ਼ ਵਿਚ 4 ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਸ ਨੂੰ ਦਿੱਤੀ ਗਈ ਸ਼ਿਕਾਇਤ ਵਿਚ ਮਾਣਯੋਗ ਜੱਜ ਅਮਨਦੀਪ ਸਿੰਘ ਜੇ. ਐੱਮ. ਆਈ. ਸੀ. ਨੇ ਦੱਸਿਆ ਕਿ ਮੁਕੱਦਮਾ ਨੰਬਰ 37 ਮਿਤੀ 22 ਮਾਰਚ 2021 ਆਰਮਜ਼ ਐਕਟ ਥਾਣਾ ਬੁੱਲ੍ਹੋਵਾਲ ਵਿਚ ਮੁਲਜ਼ਮ ਅਸ਼ੀਸ਼ ਕੁਮਾਰ ਪੁੱਤਰ ਸਵਰਨ ਸਿੰਘ ਵਾਸੀ ਚੱਕੂਪੁਰ ਥਾਣਾ ਬੁੱਲ੍ਹੋਵਾਲ ਦੀ ਜਾਅਲੀ ਜ਼ਮਾਨਤ ਕਰਵਾਉਣ ਦੇ ਸਬੰਧ ਵਿਚ ਅਨਪਛਾਤਾ ਜਾਅਲੀ ਨਾਂ ਰਾਮਧਨੀ ਪੁੱਤਰ ਦੱਤਾ ਵਾਸੀ ਮਕਾਨ ਨੰਬਰ 27 ਕੱਟਲੀ ਦਸੂਹਾ ਰੋਡ ਭੁੰਗਾ, ਅਨਪਛਾਤਾ ਜਾਅਲੀ ਨਾਂ ਇੰਦਰ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਮਕਾਨ ਨੰਬਰ 25 ਕੱਟਲੀ ਦਸੂਹਾ ਰੋਡ ਨੰਬਰਦਾਰ ਅਤੇ ਮਹਿਤ ਪੁੱਤਰ ਰਾਕੇਸ਼ ਕ੍ਰਿਸ਼ਨ ਲਾਲ ਵਾਸੀ ਮਕਾਨ ਨੰਬਰ 417 ਮੁਹੱਲਾ ਰਿਸ਼ੀ ਨਗਰ ਥਾਣਾ ਸਿਟੀ ਅਤੇ ਮੁਲਜ਼ਮ ਅਸ਼ੀਸ਼ ਕੁਮਾਰ ਪੁੱਤਰ ਸਵਰਨ ਸਿੰਘ ਵਾਸੀ ਚੱਲੂਪੁਰ ਖ਼?ਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਦਿੱਲੀ ਵਿੱਚ ਸਿੰਗਲ ਵਿੰਡੋ . . . .

Contd..............Front page

ਇਸ ਦੇ ਨਾਲ ਹੀ, ਬਿਜਲੀ ਮੀਟਰ ਲਗਾਉਣ ਲਈ ਸਿਰਫ਼ 25 ਪ੍ਰਤੀਸ਼ਤ ਸੁਰੱਖਿਆ ਜਮ?ਹਾਂ ਰਾਸ਼ੀ ਲਈ ਜਾਵੇਗੀ। ਮਾਣਯੋਗ ਮੰਤਰੀ ਸ਼੍ਰੀ ਕਪਿਲ ਮਿਸ਼ਰਾ ਨੇ ਇਹ ਵੀ ਦੱਸਿਆ ਕਿ ਕਾਵੜ ਕਮੇਟੀਆਂ ਦੀ ਰਜਿਸਟ?ਰੇਸ਼ਨ ਨਾਲ ਸਬੰਧਤ ਜਾਣਕਾਰੀ ਅੱਜ ਵੱਖ-ਵੱਖ ਅਖ਼ਬਾਰਾਂ ਵਿੱਚ ਪ੍ਰਕਾਸ਼ਿਤ ਇਸ਼ਤਿਹਾਰਾਂ ਰਾਹੀਂ ਜਾਰੀ ਕੀਤੀ ਗਈ ਹੈ, ਤਾਂ ਜੋ ਦਿਲਚਸਪੀ ਰੱਖਣ ਵਾਲੀਆਂ ਕਮੇਟੀਆਂ ਸਮੇਂ ਸਿਰ ਅਰਜ਼ੀ ਦੇ ਸਕਣ ਅਤੇ ਉਨ੍ਹਾਂ ਨੂੰ ਲੋੜੀਂਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ। ਇਸ ਤੋਂ ਇਲਾਵਾ, ਕਾਵੜ ਪ੍ਰਬੰਧਕਾਂ ਨੂੰ ਸਾਰੀਆਂ ਲੋੜੀਂਦੀਆਂ ਇਜਾਜ਼ਤਾਂ ਇੱਕੋ ਥਾਂ ਤੋਂ, ਸਿੰਗਲ ਵਿੰਡੋ ਸਿਸਟਮ ਅਧੀਨ ਪ੍ਰਦਾਨ ਕੀਤੀਆਂ ਜਾਣਗੀਆਂ ਤਾਂ ਜੋ ਉਹ ਬਿਨਾਂ ਕਿਸੇ ਪ੍ਰਬੰਧਕੀ ਰੁਕਾਵਟ ਦੇ ਸ਼ਿਵ ਭਗਤਾਂ ਦੀ ਸੇਵਾ ਕਰ ਸਕਣ। ਦਿੱਲੀ ਸਰਕਾਰ ਦੀ ਇਹ ਪਹਿਲ ਨਾ ਸਿਰਫ਼ ਧਾਰਮਿਕ ਆਸਥਾ ਦੇ ਸਤਿਕਾਰ ਦਾ ਪ੍ਰਤੀਕ ਹੈ, ਸਗੋਂ ਇੱਕ ਸਮਾਵੇਸ਼ੀ ਪ੍ਰਸ਼ਾਸਕੀ ਪਹੁੰਚ ਦੀ ਇੱਕ ਉਦਾਹਰਣ ਵੀ ਹੈ ਜਿਸ ਵਿੱਚ ਆਮ ਲੋਕਾਂ, ਕਿਸਾਨਾਂ, ਵਪਾਰੀਆਂ ਅਤੇ ਸ਼ਰਧਾਲੂਆਂ ਨੂੰ ਨਾਲ ਲੈ ਕੇ ਚੱਲਣ ਦੀ ਭਾਵਨਾ ਸਪੱਸ਼ਟ ਤੌਰ 'ਤੇ ਦਿਖਾਈ ਦਿੰਦੀ ਹੈ।

## ਮਨਜਿੰਦਰ ਸਿੰਘ ਸਿਰਸਾ . . . .

Contd..............Front page

ਇਹ ਪ੍ਰਸਤਾਵ ਦਿੱਲੀ ਸਰਕਾਰ ਦੇ ਵਾਤਾਵਰਣ ਕਾਰਜ ਯੋਜਨਾ 2025 ਦਾ ਹਿੱਸਾ ਹੈ, ਜਿਸ ਵਿੱਚ ਲੰਬੇ ਸਮੇਂ ਤੋਂ ਲਟਕ ਰਹੇ ਨਕਲੀ ਮੀਂਹ ਪ੍ਰੋਜੈਕਟ ਨੂੰ ਮੁੜ ਸੁਰਜੀਤ ਕਰਨਾ, ਰੋਜ਼ਾਨਾ ਮਕੈਨੀਕਲ ਸਫਾਈ, ਪਾਣੀ ਦਾ ਛਿੜਕਾਅ, ਉਸਾਰੀ ਵਾਲੀਆਂ ਥਾਵਾਂ 'ਤੇ ਨਿਯਮਾਂ ਦੀ ਸਖਤੀ ਨਾਲ ਪਾਲਣਾ ਅਤੇ ਧੂੰਆਂ ਵਿਰੋਧੀ ਬੰਦੂਕਾਂ ਦੀ ਸਥਾਪਨਾ ਸ਼ਾਮਲ ਹੈ। ਗਾਜ਼ੀਪੁਰ, ਭਲਸਵਾ ਅਤੇ ਓਖਲਾ ਵਿੱਚ ਕੂੜੇ ਦੇ ਪਹਾੜਾਂ ਨੂੰ ਸਥਾਈ ਤੌਰ 'ਤੇ ਹਟਾਉਣ ਲਈ ਲੈਂਡਫਿਲ ਬਾਇਓ-ਮਾਈਨਿੰਗ ਪੂਰੇ ਜ਼ੋਰਾਂ 'ਤੇ ਹੈ। ਪੁਰਾਣੇ ਅਤੇ ਪ੍ਰਦੂਸ਼ਣ ਫੈਲਾਉਣ ਵਾਲੇ ਵਾਹਨਾਂ ਨਾਲ ਨਜਿੱਠਣ ਲਈ, ਸ਼ਹਿਰ ਦੇ ਪ੍ਰਵੇਸ਼ ਸਥਾਨਾਂ 'ਤੇ ANPR (ਆਟੋਮੈਟਿਕ ਨੰਬਰ ਪਲੇਟ ਪਛਾਣ) ਕੈਮਰੇ ਲਗਾਏ ਜਾ ਰਹੇ ਹਨ, ਜੋ ਸਾਲ ਭਰ GRAP ਨਿਯਮਾਂ ਦੀ ਪਾਲਣਾ ਕਰਨ ਵਿੱਚ ਮਦਦ ਕਰਨਗੇ। ਸਿਰਸਾ ਨੇ ਕਿਹਾ, ਪ੍ਰਦੂਸ਼ਣ ਨਾਲ ਨਜਿੱਠਣ ਲਈ ਵਿਗਿਆਨਕ ਸੋਚ, ਵਚਨਬੱਧਤਾ ਅਤੇ ਨਿਰੰਤਰ ਯਤਨ ਜ਼ਰੂਰੀ ਹਨ। ਇਸ ਲਈ ਅਸੀਂ ਪਹਿਲਾਂ ਇਸ ਮਾਡਲ ਦਾ ਅਧਿਐਨ ਕਰ ਰਹੇ ਹਾਂ ਅਤੇ ਫਿਰ ਕੋਈ ਫੈਸਲਾ ਲਵਾਂਗੇ। ਜੇਕਰ ਇਹ ਅਧਿਐਨ ਸਫਲ ਹੁੰਦਾ ਹੈ, ਤਾਂ ਨਹਿਰੂ ਪਾਰਕ ਵਿੱਚ ਬਣਾਇਆ ਗਿਆ ਇਹ 'ਕਲੀਨ ਏਅਰ ਜ਼ੋਨ' ਦਿੱਲੀ ਦੇ ਹੋਰ ਸ਼ਹਿਰੀ ਖੇਤਰਾਂ ਜਿਵੇਂ ਕਿ ਪਾਰਕਾਂ, ਸਕੂਲਾਂ, ਬਾਜ਼ਾਰਾਂ ਅਤੇ ਰਿਹਾਇਸ਼ੀ ਖੇਤਰਾਂ ਵਿੱਚ ਪ੍ਰਦੂਸ਼ਣ ਕੰਟਰੋਲ ਲਈ ਇੱਕ ਨਵੀਂ ਉਦਾਹਰਣ ਬਣ ਸਕਦਾ ਹੈ।

## 2 ਨਸ਼ਾ ਤਸ਼ਕਰ 1030 ਨਸ਼ੀਲੀਆਂ ਗੋਲੀਆਂ ਸਣੇ ਕਾਬੂ

ਤਪਾ ਮੰਡੀ 29 ਜੂਨ। ਪੰਜਾਬ ਸਰਕਾਰ ਅਤੇ ਡੀ.ਜੀ.ਪੀ ਪੰਜਾਬ ਗੌਰਵ ਯਾਦਵ ਦੇ ਦਿੱਤੇ ਦਿਸ਼ਾਂ-ਨਿਰਦੇਸ਼ਾਂ 'ਤੇ ਐੱਸ.ਐੱਸ.ਪੀ ਬਰਨਾਲਾ ਮੁਹੰਮਦ ਸਰਫਰਾਜ ਆਲਮ ਦੇ ਨਿਰਦੇਸ਼ਾਂ 'ਤੇ ਯੁੱਧ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਨੂੰ ਵਧੀਆ ਨਤੀਜੇ ਨਿਕਲ ਰਹੇ ਹਨ। ਇਸੇ ਲੜੀ ਤਹਿਤ ਪੁਲਸ ਨੇ ਦੋ ਨਸ਼ਾ ਤਸ਼ਕਰਾਂ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 1030 ਨਸ਼ੀਲੀਆਂ ਗੋਲੀਆਂ ਬਰਾਮਦ ਕਰਕੇ ਮਾਨਯੋਗ ਅਦਾਲਤ 'ਚ ਪੇਸ਼ ਕਰਕੇ ਪੁਲਸ ਰਿਮਾਂਡ ਹਾਸਲ ਕਰਕੇ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ। ਇਸ ਸੰਬੰਧੀ ਥਾਣਾ ਮੁੱਖੀ ਸਰੀਫ ਖਾਂ ਨੇ ਦੱਸਿਆ ਕਿ ਡੀ.ਐੱਸ.ਪੀ ਤਪਾ ਗੁਰਬਿੰਦਰ ਸਿੰਘ ਦੇ ਹੁਕਮਾਂ 'ਤੇ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਦੌਰਾਨ ਪੁਲਸ ਨੂੰ ਗੁਪਤ ਸੂਚਨਾ ਮਿਲੀ ਕਿ ਸੰਦੀਪ ਰਾਮ ਪੁੱਤਰ ਰਮੇਸ਼ ਕੁਮਾਰ ਵਾਸੀ ਗੁਰੂ ਨਾਨਕ ਬਸਤੀ ਢਿਲਵਾਂ ਰੋਡ ਤਪਾ ਅਤੇ ਕਰਨ ਸਿੰਘ ਪੁੱਤਰ ਚਮਕੌਰ ਸਿੰਘ ਵਾਸੀ ਜੇਠੂਕੇ ਰੋਡ ਤਪਾ ਸ਼ਹਿਰ 'ਚ ਨਸ਼ੀਲੀਆਂ ਗੋਲੀਆਂ ਲਿਆਕੇ ਵੇਚ ਰਹੇ ਹਨ, ਅੱਜ ਵੀ ਉਕਤ ਨਸ਼ਾ ਤਸਕਰ ਤਾਜੋਕੇ ਰੋਡ ਸਥਿਤ ਦਾਣਾ ਮੰਡੀ 'ਚ ਗੋਲੀਆਂ ਬੈਠਣ ਦੀ ਤਾਕ ਵਿੱਚ ਹਨ। ਅਗਰ ਕਾਰਵਾਈ ਕੀਤੀ ਜਾਵੇ ਤਾਂ ਕਾਬੂ ਆ ਸਕਦੇ ਹਨ। ਚੌਂਕੀ ਇੰਚਾਰਜ ਬਲਜੀਤ ਸਿੰਘ ਢਿੱਲੋਂ ਦੀ ਅਗਵਾਈ 'ਚ ਪੁਲਸ ਪਾਰਟੀ ਨੇ ਤੁਰੰਤ ਉਕਤ ਦੋਵਾਂ ਨੂੰ ਕਾਬੂ ਕਰਕੇ 1030 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਗਈਆਂ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਥਾਣੇਦਾਰ ਬਲਜੀਤ ਸਿੰਘ, ਹਵਾਲਦਾਰ ਸੰਦੀਪ ਸਿੰਘ, ਗੁਰਪਿਆਰ ਸਿੰਘ ਹਵਾਲਦਾਰ, ਹਵਾਲਦਾਰ ਗੁਰਮੀਤ ਸਿੰਘ, ਗੁਰਜੀਤ ਸਿੰਘ ਕਾਂਸਟੇਬਲ, ਕਰਮਜੀਤ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਦੇ ਇਨ੍ਹਾਂ ਵਿਦਿਆਰਥੀਆਂ ਨੂੰ ਮਿਲੇਗਾ ਲਾਭ, ਸੂਬਾ ਸਰਕਾਰ ਕਰ ਰਹੀ ਵੱਡੇ ਉਪਰਾਲੇ

**ਕੌਮੀ ਪਤ੍ਰਿਕਾ**

ਚੰਡੀਗੜ੍ਹ/ਜਲੰਧਰ 29 ਜੂਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਜਿੱਥੇ ਹੋਰ ਵਰਗਾਂ ਦੀ ਤਰੱਕੀ ਲਈ ਦਿਨ-ਰਾਤ ਕੰਮ ਕਰ ਰਹੀ ਹੈ, ਉੱਥੇ ਹੀ ਅਨੁਸੂਚਿਤ ਜਾਤੀਆਂ ਦੇ ਬੱਚਿਆਂ ਨੂੰ ਵੀ ਸਮਾਜ ਦੀ ਮੁੱਖ ਧਾਰਾ 'ਚ ਲਿਆਉਣ ਲਈ ਲਗਾਤਾਰ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਸ ਮਕਸਦ ਦੀ ਪੂਰਤੀ ਲਈ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿੱਤੀ ਸਾਲ 2025-26 ਦੌਰਾਨ 245 ਕਰੋੜ ਰੁਪਏ ਦੇ ਬਜਟ ਪ੍ਰਬੰਧ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਕੀਤਾ। ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਾਲੂ ਵਿੱਤੀ ਸਾਲ ਦੌਰਾਨ 2 ਲੱਖ 70 ਹਜ਼ਾਰ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਕਵਰ ਕਰਨ ਦਾ ਟੀਚਾ ਰੱਖਿਆ ਹੈ। ਇਹ ਟੀਚਾ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੇ ਜੀਵਨ ਪੱਧਰ ਨੂੰ ਉੱਚਾ ਲਿਜਾਣ ਵਿੱਚ ਸਹਾਈ ਸਿੱਧ ਹੋਵੇਗਾ। ਉਨ੍ਹਾਂ ਕਿਹਾ ਕਿ ਪਿਛਲੇ ਵਿੱਤੀ ਸਾਲ ਦੌਰਾਨ ਵੀ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ 2 ਲੱਖ 36 ਹਜ਼ਾਰ 575



ਵਿਦਿਆਰਥੀਆਂ ਨੂੰ ਕਵਰ ਕੀਤਾ ਗਿਆ ਸੀ ਅਤੇ ਸੂਬਾ ਸਰਕਾਰ ਦੇ ਹਿੱਸੇ ਵਜੋਂ 266.57 ਕਰੋੜ ਰੁਪਏ ਦੀ ਰਾਸ਼ੀ ਅਦਾ ਕੀਤੀ ਗਈ ਸੀ। ਡਾ. ਬਲਜੀਤ ਕੌਰ ਨੇ ਕਿਹਾ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਵਿਦਿਆਰਥੀਆਂ ਪਾਸੋਂ ਆਨਲਾਈਨ ਐਪਲੀਕੇਸ਼ਨਾਂ ਪ੍ਰਾਪਤ ਕਰਨ ਲਈ ਜਲਦ ਹੀ ਡਾ. ਅੰਬੇਦਕਰ ਸਕਾਲਰਸ਼ਿਪ ਪੋਰਟਲ ਖੋਲ੍ਹਿਆ ਜਾ ਰਿਹਾ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਲਾਭ ਹਰ ਉਸ ਯੋਗ ਵਿਦਿਆਰਥੀ ਤੱਕ ਪਹੁੰਚਾਇਆ ਜਾਣਾ ਯਕੀਨੀ ਬਣਾਇਆ ਜਾਵੇ, ਜਿਸ ਨੂੰ ਇਸ ਸਕੀਮ ਦੀ ਅਸਲ ਜ਼ਰੂਰਤ ਹੈ। ਇਹ ਧਿਆਨਦੇਣ ਯੋਗ ਹੈ ਕਿ ਸਰਕਾਰ ਨੂੰ ਟੈਂਡਰ ਦੌਰਾਨ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਪਹਿਲੇ ਪੜਾਅ 'ਚ, ਸਿਰਫ਼ 40 ਫ਼ੀਸਦੀ ਸਮੂਹਾਂ ਨੇ ਟੈਂਡਰ ਕੀਤੇ ਹਨ। ਉਸ ਤੋਂ ਬਾਅਦ ਸਰਕਾਰ ਨੇ 3 ਵਾਰ ਟੈਂਡਰਾਂ ਨੂੰ ਸੋਧਿਆ ਅਤੇ ਉਨ੍ਹਾਂ ਨੂੰ ਵੇਚ ਦਿੱਤਾ। ਇਸ ਵਾਰ ਸਰਕਾਰ ਨੇ ਪੰਜਾਬ 'ਚ ਸਮੂਹਾਂ ਦੀ ਗਿਣਤੀ ਵੀ ਘਟਾ ਦਿੱਤੀ ਹੈ। ਪਹਿਲਾਂ ਪੂਰੇ ਪੰਜਾਬ 'ਚ 277 ਸਮੂਹ ਸਨ, ਜੋ ਘਟਾ ਕੇ ਲਗਭਗ 207 ਕਰ ਦਿੱਤੇ ਗਏ ਸਨ। ਇਸੇ ਤਰ੍ਹਾਂ, ਲੁਧਿਆਣਾ 'ਚ ਸਮੂਹਾਂ ਦੀ ਗਿਣਤੀ ਵੀ ਘਟਾ ਕੇ 44 ਕਰ ਦਿੱਤੀ ਗਈ ਸੀ। ਇਸ ਵਾਰ ਸਰਕਾਰ ਨੇ ਐਕਸਾਈਜ਼ ਡਿਊਟੀ ਵਧਾ ਕੇ ਲਗਭਗ 1300 ਕਰੋੜ ਰੁਪਏ ਕਰ ਦਿੱਤੀ ਹੈ। ਕਾਰੋਬਾਰੀਆਂ ਦਾ ਮੰਨਣਾ ਹੈ ਕਿ ਸਰਕਾਰ ਆਪਣੇ ਮਾਲੀਏ ਵੱਲ ਧਿਆਨ ਦੇ ਰਹੀ ਹੈ ਪਰ ਉਨ੍ਹਾਂ ਦੇ ਕਾਰੋਬਾਰ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ।

## ਗੋਲੀਆਂ ਦੀਆਂ ਆਵਾਜ਼ਾਂ ਨਾਲ ਕੰਬਿਆਂ ਇਲਾਕਾ ! ਹਿੰਸਕ ਝੜਪ 'ਚ 2 ਲੋਕਾਂ ਨੂੰ ਗੋਲੀ ਲੱਗੀ

ਵੈੱਬ ਡੈਸਕ 29 ਜੂਨ। ਐਤਵਾਰ ਨੂੰ ਪਟਨਾ ਦੇ ਗੌਰੀਚਕ ਇਲਾਕੇ 'ਚ ਦੋ ਗੁੱਟਾਂ ਵਿਚਕਾਰ ਹੋਈ ਲੜਾਈ 'ਚ ਦੋ ਲੋਕ ਜ਼ਖਮੀ ਹੋ ਗਏ। ਪੁਲਸ ਨੇ ਇਹ ਜਾਣਕਾਰੀ ਦਿੱਤੀ। ਜ਼ਖਮੀਆਂ ਦੀ ਪਛਾਣ ਸ਼ਿਵ ਪ੍ਰਕਾਸ਼ ਤੇ ਆਦਿਤਿਆ ਕੁਮਾਰ ਵਜੋਂ ਹੋਈ ਹੈ। ਇਸ ਦੇ ਨਾਲ ਹੀ ਇਸ ਘਟਨਾ ਤੋਂ ਬਾਅਦ ਇਲਾਕੇ 'ਚ ਤਣਾਅ ਦੀ ਸਥਿਤੀ ਪੈਦਾ ਹੋ ਗਈ। ਪਟਨਾ ਸਦਰ ਸਬ-ਡਿਵੀਜ਼ਨਲ ਪੁਲਸ ਅਧਿਕਾਰੀ (ਐੱਸਡੀਪੀਓ-2) ਸੱਤਿਆਕਾਮ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਐਤਵਾਰ ਸਵੇਰੇ ਗੌਰੀਚਕ ਥਾਣਾ ਖੇਤਰ ਦੇ ਜੁਝਾਰਪੁਰ ਪਿੰਡ 'ਚ ਦੋ ਗੁੱਟਾਂ ਵਿਚਕਾਰ ਲੜਾਈ ਹੋਈ। ਉਨ੍ਹਾਂ ਕਿਹਾ ਕਿ ਝੜਪ ਦੌਰਾਨ ਕੁਝ ਸ਼ੱਕੀਆਂ ਨੇ ਸ਼ਿਵ ਪ੍ਰਕਾਸ਼ ਤੇ ਆਦਿਤਿਆ ਕੁਮਾਰ 'ਤੇ ਗੋਲੀ ਚਲਾਈ ਤੇ ਮੌਕੇ ਤੋਂ ਭੱਜ ਗਏ। ਐੱਸਡੀਪੀਓ ਨੇ ਕਿਹਾ ਕਿ ਪੁਲਸ ਮੌਕੇ 'ਤੇ ਪਹੁੰਚੀ ਅਤੇ ਜ਼ਖਮੀਆਂ ਨੂੰ ਨਜ਼ਦੀਕੀ ਸਰਕਾਰੀ ਹਸਪਤਾਲ ਲੈ ਗਈ, ਜਿੱਥੇ ਉਨ੍ਹਾਂ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿੱਚ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਗਈ ਹੈ। ਅਧਿਕਾਰੀ ਨੇ ਕਿਹਾ ਕਿ ਘਟਨਾ ਦਾ ਅਸਲ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ। ਪਹਿਲੀ ਨਜ਼ਰੇ, ਇਸ ਘਟਨਾ ਦਾ ਕਾਰਨ ਕੋਈ ਪੁਰਾਣੀ ਦੁਸ਼ਮਣੀ ਜਾਪਦੀ ਹੈ।

# ਰਾਤੋ-ਰਾਤ ਲਖਪਤੀ ਬਣੀ .ਗਰੀਬ ਮਹਿਲਾ ਮਜ਼ਦੂਰ, ਖਾਨ ਤੋਂ ਮਿਲਿਆ ਬੇਸ਼ਕੀਮਤੀ ਹੀਰਾ

**ਕੌਮੀ ਪਤ੍ਰਿਕਾ**

ਨੈਸ਼ਨਲ ਡੈਸਕ 29 ਜੂਨ। ਕਿਹਾ ਜਾਂਦਾ ਹੈ ਕਿ ਮਿਹਨਤ ਕਦੇ ਵਿਅਰਥ ਨਹੀਂ ਜਾਂਦੀ। ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੀ ਧਰਤੀ ਨੇ ਇੱਕ ਵਾਰ ਫਿਰ ਇਸ ਕਹਾਵਤ ਨੂੰ ਸੱਚ ਸਾਬਤ ਕਰ ਦਿੱਤਾ ਹੈ। ਤੇਜ਼ ਧੁੱਪ, ਧੂੜ ਅਤੇ ਮੁਸ਼ਕਲ ਹਾਲਾਤਾਂ ਵਿੱਚ ਦੋ ਸਾਲ ਪਸੀਨਾ ਵਹਾਉਣ ਤੋਂ ਬਾਅਦ ਸਾਵਿਤਰੀ ਸਿਸੋਦੀਆ ਨਾਂ ਦੀ ਇੱਕ ਔਰਤ ਮਜ਼ਦੂਰ ਦੀ ਕਿਸਮਤ ਉਸ ਸਮੇਂ ਚਮਕੀ, ਜਦੋਂ ਉਸ ਨੂੰ 2.69 ਕੈਰੇਟ ਦਾ ਇੱਕ ਕੀਮਤੀ ਹੀਰਾ ਮਿਲਿਆ। ਇਹ ਹੀਰਾ ਸਿਰਫ਼ ਇੱਕ ਪੱਥਰ ਨਹੀਂ ਹੈ, ਸਗੋਂ ਸਾਵਿਤਰੀ ਦੀ ਸਾਲਾਂ ਦੀ ਤਪੱਸਿਆ, ਸੰਘਰਸ਼ ਅਤੇ ਉਮੀਦਾਂ ਦਾ ਨਤੀਜਾ ਵੀ ਹੈ। ਸਾਵਿਤਰੀ ਸਿਸੋਦੀਆ ਪਿਛਲੇ ਦੋ ਸਾਲਾਂ ਤੋਂ ਚੋਪੜਾ ਖੇਤਰ ਵਿੱਚ ਇੱਕ ਨਿੱਜੀ ਹੀਰੇ ਦੀ ਖਾਨ ਵਿੱਚ ਕੰਮ ਕਰ ਰਹੀ ਸੀ। ਹਰ ਰੋਜ਼ ਸਵੇਰੇ ਉੱਠ ਕੇ ਖਾਨ ਵੱਲ ਜਾਂਦੀ, ਤੇਜ਼ ਧੁੱਪ ਵਿੱਚ ਪੱਥਰ ਪੁੱਟਦੀ, ਅਤੇ ਫਿਰ ਵੀ ਖਾਲੀ ਹੱਥ ਵਾਪਸ ਆਉਂਦੀ, ਇਹ ਉਸਦੀ ਰੋਜ਼ਾਨਾ ਦੀ ਰੁਟੀਨ ਬਣ ਗਿਆ ਸੀ, ਪਰ ਉਸਨੇ ਕਦੇ ਉਮੀਦ ਨਹੀਂ ਛੱਡੀ। ਮੈਂ ਕਦੇ ਹਾਰ ਨਹੀਂ ਮੰਨੀ। ਜਦੋਂ ਲੋਕ ਕਹਿੰਦੇ ਸਨ ਕਿ ਹੀਰੇ ਸਿਰਫ਼ ਕਿਸਮਤ ਵਾਲੇ ਲੋਕਾਂ ਨੂੰ ਹੀ ਮਿਲਦੇ ਹਨ ਤਾਂ ਮੈਂ ਆਪਣੇ ਮਨ ਵਿੱਚ ਸੋਚਦੀ ਸੀ, ਸ਼ਾਇਦ ਇੱਕ ਦਿਨ ਕਿਸਮਤ ਮੇਰਾ ਵੀ ਸਾਥ ਦੇਵੇਗੀ ਅਤੇ ਅੱਜ ਉਹ ਦਿਨ ਹੈ, ਸਾਵਿਤਰੀ ਭਾਵੁਕ ਹੋ ਕੇ ਕਹਿੰਦੀ ਹੈ। ਹੀਰਾ ਮਾਹਰ ਅਨੁਪਮ ਸਿੰਘ ਅਨੁਸਾਰ, ਸਾਵਿਤਰੀ ਦੁਆਰਾ ਲੱਭਿਆ ਗਿਆ 2.69 ਕੈਰੇਟ ਦਾ ਹੀਰਾ ਉੱਚ ਗੁਣਵੱਤਾ ਵਾਲਾ ਹੈ ਅਤੇ ਇਸਦੀ ਕੀਮਤ ਲੱਖਾਂ ਰੁਪਏ ਹੋ ਸਕਦੀ ਹੈ। ਇਹ ਹੀਰਾ ਹੁਣ ਰਸਮੀ ਪ੍ਰਕਿਰਿਆ ਅਨੁਸਾਰ ਜ਼ਿਲ੍ਹਾ



ਹੀਰਾ ਦਫ਼ਤਰ ਵਿੱਚ ਜਮ?ਹਾਂ ਕਰਵਾ ਦਿੱਤਾ ਗਿਆ ਹੈ ਅਤੇ ਇਸ ਨੂੰ ਆਉਣ ਵਾਲੀ ਹੀਰੇ ਦੀ ਨਿਲਾਮੀ ਵਿੱਚ ਰੱਖਿਆ ਜਾਵੇਗਾ। ਸਰਕਾਰੀ ਨਿਯਮਾਂ ਅਨੁਸਾਰ, ਨਿਲਾਮੀ ਤੋਂ ਪ੍ਰਾਪਤ ਕੁੱਲ ਰਕਮ ਵਿੱਚੋਂ ਰਾਇਲਟੀ, ਟੈਕਸ ਆਦਿ ਕੱਟਣ ਤੋਂ ਬਾਅਦ ਬਾਕੀ ਰਕਮ ਸਾਵਿਤਰੀ ਨੂੰ ਦਿੱਤੀ ਜਾਵੇਗੀ। ਉਮੀਦ ਕੀਤੀ ਜਾਂਦੀ ਹੈ ਕਿ ਇਹ ਰਕਮ ਸਾਵਿਤਰੀ ਵਰਗੇ ਮਜ਼ਦੂਰ ਲਈ ਜੀਵਨ ਬਦਲਣ ਵਾਲੀ ਸਾਬਤ ਹੋ ਸਕਦੀ ਹੈ। ਸਾਵਿਤਰੀ ਹੁਣ ਇਸ ਰਕਮ ਨਾਲ ਆਪਣੇ ਬੱਚਿਆਂ ਨੂੰ ਸਿੱਖਿਆ ਦੇਣ, ਇੱਕ ਵਧੀਆ ਘਰ ਅਤੇ ਇੱਕ ਛੋਟੀ ਜਿਹੀ ਦੁਕਾਨ ਖੋਲ੍ਹਣ ਦਾ ਸੁਪਨਾ ਦੇਖ ਰਹੀ ਹੈ। ਹੁਣ ਮੈਂ ਚਾਹੁੰਦੀ ਹਾਂ ਕਿ ਮੇਰੇ ਬੱਚੇ ਮੇਰੇ ਵਾਂਗ ਖਾਣਾਂ ਵਿੱਚ ਨਾ ਜਾਣ। ਮੈਨੂੰ ਉਨ੍ਹਾਂ ਨੂੰ ਸਿੱਖਿਅਤ ਕਰਨਾ ਪਵੇਗਾ, ਉਨ੍ਹਾਂ ਨੂੰ ਅੱਗੇ ਲੈ ਜਾਣਾ ਪਵੇਗਾ, ਉਹ ਮੁਸਕਰਾਉਂਦੇ ਹੋਏ ਕਹਿੰਦੀ ਹੈ। ਪੰਨਾ ਨੂੰ ਭਾਰਤ ਦੇ ਸਭ ਤੋਂ ਅਮੀਰ ਹੀਰਾ ਉਤਪਾਦਕ ਖੇਤਰਾਂ ਵਿੱਚ ਗਿਣਿਆ ਜਾਂਦਾ ਹੈ। ਇੱਥੇ ਸਰਕਾਰੀ ਅਤੇ ਨਿੱਜੀ ਦੋਵੇਂ ਤਰ੍ਹਾਂ ਦੀਆਂ ਖਾਣਾਂ ਹਨ, ਜਿੱਥੇ ਹਰ ਰੋਜ਼ ਸੈਂਕੜੇ ਮਜ਼ਦੂਰ ਆਪਣੀ ਕਿਸਮਤ ਅਜ਼ਮਾਉਂਦੇ ਹਨ। ਕੁਝ ਖਾਲੀ ਹੱਥ ਵਾਪਸ ਆਉਂਦੇ ਹਨ, ਜਦੋਂਕਿ ਕੁਝ ਜ਼ਿੰਦਗੀ ਬਦਲਣ ਵਾਲਾ ਹੀਰਾ ਲੱਭਦੇ ਹਨ। ਪਿਛਲੇ ਸਾਲਾਂ ਵਿੱਚ ਵੀ ਪੰਨਾ ਦੀ ਧਰਤੀ ਕਈ ਵਾਰ ਸੁਰਖੀਆਂ ਵਿੱਚ ਰਹੀ ਹੈ, ਜਦੋਂ ਇੱਕ ਆਮ ਕਿਸਾਨ, ਇੱਕ ਮਜ਼ਦੂਰ ਜਾਂ ਇੱਕ ਔਰਤ ਨੂੰ ਲੱਖਾਂ ਦਾ ਹੀਰਾ ਮਿਲਿਆ ਅਤੇ ਉਨ੍ਹਾਂ ਦੀ ਜ਼ਿੰਦਗੀ ਨੇ ਇੱਕ ਨਵੀਂ ਦਿਸ਼ਾ ਲਈ। ਹੁਣ ਸਾਵਿਤਰੀ ਦਾ ਨਾਮ ਵੀ ਉਸ ਸੁਨਹਿਰੀ ਸੂਚੀ ਵਿੱਚ ਸ਼ਾਮਲ ਹੋ ਗਿਆ ਹੈ। ਇਹ ਧਿਆਨ ਦੇਣ ਯੋਗ ਹੈ ਕਿ ਪੰਨਾ ਦੀਆਂ ਖਾਣਾਂ ਮੱਧ ਪ੍ਰਦੇਸ਼ ਸਰਕਾਰ ਦੇ ਖਣਿਜ ਵਿਭਾਗ ਅਧੀਨ ਚਲਾਈਆਂ ਜਾਂਦੀਆਂ ਹਨ। ਖਾਣਾਂ ਛੋਟੇ ਕਾਮਿਆਂ ਨੂੰ ਕਿਰਾਏ 'ਤੇ ਦਿੱਤੀਆਂ ਜਾਂਦੀਆਂ ਹਨ, ਜਿੱਥੇ ਉਹ ਆਪਣੀ ਮਿਹਨਤ ਅਤੇ ਕਿਸਮਤ ਨਾਲ ਹੀਰੇ ਲੱਭ ਸਕਦੇ ਹਨ। ਇਸ ਪ੍ਰਣਾਲੀ ਨੇ ਬਹੁਤ ਸਾਰੇ ਗਰੀਬ ਪਰਿਵਾਰਾਂ ਨੂੰ ਆਪਣੀ ਜ਼ਿੰਦਗੀ ਬਦਲਣ ਦਾ ਮੌਕਾ ਦਿੱਤਾ ਹੈ।

# ਕੁੰਵਰ ਵਿਜੇ ਪ੍ਰਤਾਪ ਸਿੰਘ ਵਿਰੁੱਧ ਕਾਰਵਾਈ ਨੇ ਕੇਜਰੀਵਾਲ ਦੀ ਪਾਰਟੀ 'ਚ ਆਲੋਚਨਾ ਪ੍ਰਤੀ ਅੰਦਰੂਨੀ ਅਸਹਿਣਸ਼ੀਲਤਾ ਨੂੰ ਉਜਾਗਰ ਕੀਤਾ : ਪ੍ਰੋ. ਸਰਚਾਂਦ ਸਿੰਘ ਖਿਆਲਾ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ, 29 ਜੂਨ: ਭਾਰਤੀ ਜਨਤਾ ਪਾਰਟੀ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਕੇਜਰੀਵਾਲ ਦੀ ਪਾਰਟੀ ਵੱਲੋਂ ਆਪਣੇ ਹੀ ਬੇਦਾਗ਼ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਵਿਰੁੱਧ ਕੀਤੀ ਗਈ ਕਾਰਵਾਈ ਨੇ ਆਲੋਚਨਾ ਪ੍ਰਤੀ ਆਪ ਦੀ ਅੰਦਰੂਨੀ ਅਸਹਿਣਸ਼ੀਲਤਾ ਨੂੰ ਉਜਾਗਰ ਕੀਤਾ ਹੈ ਅਤੇ ਇਹ ਸਾਬਤ ਕੀਤਾ ਹੈ ਕਿ ਹੁਣ ਇਸ ਪਾਰਟੀ ਵਿੱਚ ਆਲੋਚਨਾ ਦੇ ਲਈ ਕੋਈ ਥਾਂ ਨਹੀਂ ਰਹਿ ਗਈ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਇੱਕ ਇਮਾਨਦਾਰ ਵਿਧਾਇਕ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਨਾਂ ਤੇ ਪਾਰਟੀ ਤੋਂ ਕੱਢ ਦਿੱਤਾ ਗਿਆ, ਜਦਕਿ ਭ੍ਰਿਸ਼ਟਾਚਾਰ ਦੇ ਗੰਭੀਰ ਦੋਸ਼ਾਂ ਹੇਠ ਫੜੇ ਗਏ ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਨੂੰ ਕਲੀਨ ਚਿੱਟ ਦਿੱਤੀ ਗਈ। ਜੋ ਇਹ ਦਰਸਾਉਂਦਾ ਹੈ ਕਿ ਆਮ ਆਦਮੀ ਪਾਰਟੀ ਨੇ ਲੋਕਪਾਲ, ਭ੍ਰਿਸ਼ਟਾਚਾਰ ਵਿਰੋਧ ਅਤੇ ਸਰਕਾਰੀ ਜਵਾਬਦੇਹੀ ਵਰਗੇ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਤਿਲਾਂਜਲੀ ਦੇ ਦਿੱਤੀ ਗਈ ਹੈ, ਜਿਨ੍ਹਾਂ ਲਈ ਅੰਨ੍ਹਾ ਹਜ਼ਾਰੇ ਨੇ ਕਾਂਗਰਸ ਸਰਕਾਰਾਂ ਵਿਰੁੱਧ ਅੰਦੋਲਨ ਕੀਤਾ ਸੀ। ਉਨ੍ਹਾਂ ਕਿਹਾ ਕਿ ਲੋਕਤੰਤਰੀ ਪ੍ਰਣਾਲੀ ਵਿੱਚ, ਆਪਣੀ ਸਰਕਾਰ ਨੂੰ ਕੋਈ ਸੁਝਾਅ ਦੇਣਾ ਜਾਂ ਨੀਤੀਆਂ ਪ੍ਰਤੀ ਆਲੋਚਨਾਤਮਿਕ ਦ੍ਰਿਸ਼ਟੀਕੋਣ ਅਪਨਾ ਕੇ ਸਵਾਲ ਪੁੱਛਣਾ ਕਿਵੇਂ ਗ਼ਲਤ ਹੋ ਸਕਦਾ ਹੈ? ਆਲੋਚਕਾਂ ਨੂੰ ਸੰਤੁਸ਼ਟ ਕਰਨ ਦੀ ਥਾਂ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣ ਲਈ ਪਾਰਟੀ ਵਿੱਚੋਂ ਕੱਢਣਾ ਸਾਬਤ ਕਰਦਾ ਹੈ ਕਿ ਕੇਜਰੀਵਾਲ ਦੀ ਪਾਰਟੀ ਵਿੱਚ ਕੋਈ ਲੋਕਤੰਤਰੀ ਢਾਂਚਾ ਨਹੀਂ ਬਚਿਆ ਹੈ। ਪ੍ਰੋ. ਸਰਚਾਂਦ ਸਿੰਘ ਨੇ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਯਾਦ ਦਿਵਾਇਆ ਕਿ ਬਰਗਾੜੀ ਬੇਅਦਬੀ ਮਾਮਲੇ ਅਤੇ ਕੋਟਕਪੂਰਾ ਗੋਲ?ੀਬਾਰੀ ਮਾਮਲੇ ਵਿੱਚ ਸੀਨੀਅਰ ਪੁਲਿਸ ਅਧਿਕਾਰੀ ਵਜੋਂ ਐਸ ਆਈ ਟੀ ਦੇ ਮੈਂਬਰ ਵਜੋਂ ਕੁੰਵਰ ਵਿਜੇ ਪ੍ਰਤਾਪ ਸਿੰਘ ਦੁਆਰਾ ਨਿਭਾਈ ਗਈ ਭੂਮਿਕਾ ਲਈ ਸਿੱਖ ਭਾਈਚਾਰੇ ਵੱਲੋਂ ਮਿਲੇ ਭਾਰੀ ਹੁੰਗਾਰੇ ਨੂੰ ਦੇਖਦੇ ਹੋਏ, ਕੇਜਰੀਵਾਲ ਖ਼ੁਦ ਅੰਮ੍ਰਿਤਸਰ ਆਏ ਅਤੇ ਕੁੰਵਰ ਪ੍ਰਤਾਪ ਨੂੰ ਪਾਰਟੀ ਵਿੱਚ ਸ਼ਾਮਲ ਕਰਕੇ 'ਆਪ' ਦਾ ਬ੍ਰਾਂਡ ਬਣਾਇਆ। ਵਿਧਾਇਕ ਬਣਨ ਤੋਂ ਬਾਅਦ, ਉਨ੍ਹਾਂ ਨੇ ਪੂਰੀ ਨਿਡਰਤਾ ਅਤੇ ਇਮਾਨਦਾਰੀ ਨਾਲ ਮਾਨ ਸਰਕਾਰ ਦੀਆਂ ਗ਼ਲਤ ਨੀਤੀਆਂ ਵਿਰੁੱਧ ਲੋਕਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ। ਪਰ ਬਦਕਿਸਮਤੀ ਨਾਲ, ਦੇਰ ਬਾਅਦ ਉਨ੍ਹਾਂ ਨੂੰ ਅਹਿਸਾਸ ਮਹਿਸੂਸ ਹੋਇਆ ਕਿ ਉਹ ÷ਵਰਤੇ ਜਾ ਚੁੱਕੇ ਹਨ÷ ਸੋ ਮਾਨ ਸਰਕਾਰ ਤੋਂ ਨਿਰਾਸ਼ ਹੋਣਾ ਉਨ੍ਹਾਂ ਲਈ ਸੁਭਾਵਿਕ ਸੀ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ "ਮੈਂ ਕੁੰਵਰ ਵਿਜੇ ਪ੍ਰਤਾਪ ਸਿੰਘ ਦਾ ਸਮਰਥਨ ਕਰਦਾ ਹਾਂ ਜਿਨ੍ਹਾਂ ਨੇ ਇਹ ਜੁਰਅਤ ਕੀਤੀ ਕਿ ਕੇਜਰੀਵਾਲ ਅਤੇ ਭਗਵੰਤ ਮਾਨ ਨੇ ਚੋਣਾਂ ਵਿੱਚ ਵਾਅਦਾ ਸਰਕਾਰ ਬਣਨ ਤੋਂ ਬਾਅਦ ਬੇਅਦਬੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਦੀ ਕੀਤੀ ਸੀ, ਪਰ ਭਗਵੰਤ ਮਾਨ ਦੀ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਾਲ ਮਿਲੀਭੁਗਤ ਨੇ ਦੋਸ਼ੀਆਂ ਨੂੰ ਆਜ਼ਾਦ ਅਤੇ ਨਿਡਰ ਹੋ ਕੇ ਘੁੰਮਣ ਦਾ ਮੌਕਾ ਦਿੱਤਾ ਹੈ। ਇਹ ਵੀ ਕਿ ਮੁੱਖ ਮੰਤਰੀ ਦੀ ਨਿਗਰਾਨੀ ਹੇਠ 'ਐਸ ਆਈ ਟੀ' ਗਵਾਹਾਂ ਨੂੰ



ਮੁੱਕਰਨ ਲਈ ਮਜਬੂਰ ਕਰ ਰਹੀ ਹੈ ਅਤੇ ਦੋਸ਼ੀਆਂ ਨੂੰ ਫ਼ਾਇਦਾ ਪਹੁੰਚਾਇਆ ਜਾ ਰਿਹਾ ਹੈ। ਦੋਸ਼ੀਆਂ ਨੇ ਸਰਕਾਰੀ ਮਸ਼ੀਨਰੀ 'ਤੇ ਦਬਦਬਾ ਬਣਾ ਲਿਆ ਹੈ। ਪੰਜਾਬ ਦੇ ਲੋਕਾਂ ਨਾਲ ਧੋਖਾ ਹੋ ਚੁੱਕਿਆ ਹੈ। ਹੁਣ ਫ਼ੈਸਲਾ ਗੁਰੂ ਗੋਬਿੰਦ ਸਿੰਘ ਜੀ ਦੀ ਅਦਾਲਤ ਵਿੱਚ ਹੋਵੇਗਾ। ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਵੀ ਬੇਅਦਬੀ ਦੇ ਮੁੱਦੇ 'ਤੇ ਬੋਲਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਕਿ ਵਿਧਾਇਕ ਨੂੰ ਬਾਹਰ ਦਾ ਰਸਤਾ ਦਿਖਾਉਣ ਲਈ ਬਿਕਰਮ ਸਿੰਘ ਮਜੀਠੀਆ ਵਿਰੁੱਧ ਵਿਜੀਲੈਂਸ ਕਾਰਵਾਈ 'ਤੇ ਸਵਾਲ ਉਠਾਉਣ ਨੂੰ ਅਧਾਰ ਬਣਾਉਣਾ ਤਾਂ ਇਕ ਬਹਾਨਾ ਸੀ, ਬੇਸ਼ੱਕ, ਮਾਨ ਸਰਕਾਰ ਅਤੇ 'ਆਪ' ਨੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਕਿ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਰਾਜਨੀਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਦਰਅਸਲ, ਵਿਧਾਇਕ ਵੱਲੋਂ ਆਪ ਸਰਕਾਰ ਦੀ ਉਸ ਦੇ ਗ਼ਲਤ ਕੰਮਾਂ ਲਈ ਵਾਰ-ਵਾਰ ਆਲੋਚਨਾ ਕਰਨ ਅਤੇ ਘੇਰਨ ਤੋਂ ਬਾਅਦ ਮਾਨ ਸਰਕਾਰ ਆਪਣੇ ਆਪ ਨੂੰ ਬੁਰੀ ਤਰ੍ਹਾਂ ਫਸੀ ਹੋਈ ਮਹਿਸੂਸ ਕਰ ਰਹੀ ਸੀ। ਪਰ ਸਰਕਾਰ ਇਹ ਜਵਾਬ ਦੇਣ ਤੋਂ ਅਸਮਰਥ ਰਹੀ ਕਿ ਮਜੀਠੀਆ ਤੋਂ ਜਦੋਂ ਉਹ ਜੇਲ੍ਹ ਵਿੱਚ ਸੀ ਤਾਂ ਸਰਕਾਰ ਨੇ ਪੁੱਛਗਿੱਛ ਕਿਉਂ ਨਹੀਂ ਕੀਤੀ, ਉਸ ਦਾ ਰਿਮਾਂਡ ਕਿਉਂ ਨਹੀਂ ਲਿਆ ਗਿਆ ਅਤੇ ਉਸ ਨੂੰ ਜ਼ਮਾਨਤ ਕਿਉਂ ਦਿੱਤੀ ਗਈ? ਕੀ ਇਹ ਸੱਚ ਨਹੀਂ ਹੈ ਕਿ ਸਰਕਾਰ ਨੇ ਵਿਜੀਲੈਂਸ ਨੂੰ ਆਪਣੇ ਫ਼ਾਇਦੇ ਲਈ ਵਰਤਿਆ ਹੈ? ਪ੍ਰੋ. ਸਰਚਾਂਦ ਸਿੰਘ ਨੇ ਅੱਗੇ ਕਿਹਾ ਕਿ ਕੀ ਵਿਧਾਇਕ ਨੂੰ ਬਾਹਰ ਦਾ ਰਸਤਾ ਇਸ ਲਈ ਨਹੀਂ ਦਿਖਾਇਆ ਗਿਆ, ਕਿਉਂਕਿ ਉਸ ਨੇ ਨਗਰ ਨਿਗਮ ਚੋਣਾਂ ਤੋਂ ਬਾਅਦ ਜਿੱਤੇ ਕੌਂਸਲਰਾਂ ਦੀ ਖ਼ਰੀਦੋ-ਫ਼ਰੋਖ਼ਤ ਦਾ ਪਰਦਾਫਾਸ਼ ਕਰਕੇ ਆਪਣੀ ਹੀ ਸਰਕਾਰ ਦੀ ਆਲੋਚਨਾ ਕੀਤੀ ਸੀ? ਇਸ ਲਈ ਕਿ ਉਨ੍ਹਾਂ ਨੇ 'ਆਪ' ਸੰਸਦ ਮੈਂਬਰ ਦਾ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿੱਚ ਤਸਕਰਾਂ ਦੀ ਮਦਦ ਕਰਨ ਲਈ ਪੁਲਿਸ ਅਧਿਕਾਰੀਆਂ ਦੀ ਸਰਪ੍ਰਸਤੀ ਕਰਨ ਦਾ ਖ਼ੁਲਾਸਾ ਕੀਤਾ? ਮਜੀਠਾ ਸ਼ਰਾਬ ਮਾਮਲੇ ਵਿੱਚ ਰਾਜਨੀਤੀ-ਪੁਲਿਸ ਅਤੇ ਸ਼ਰਾਬ ਮਾਫ਼ੀਆ ਦੇ ਗੱਠਜੋੜ ਨੂੰ ਰੋਕਣ ਵਿੱਚ ਮਾਨ ਸਰਕਾਰ ਦੀ ਅਸਫਲਤਾ 'ਤੇ ਸਵਾਲ ਉਠਾਏ ਜਿਸ ਵਿੱਚ 24 ਲੋਕਾਂ ਦੀ ਮੌਤ ਹੋ ਗਈ ਸੀ? ਭਗਵੰਤ ਮਾਨ ਵਿਰੁੱਧ ਕੇਸ ਦਰਜ ਕਰਨ ਅਤੇ ਉਸ ਦੇ ਅਸਤੀਫ਼ੇ ਦੀ ਮੰਗ ਇਸ ਆਧਾਰ 'ਤੇ ਕੀਤੀ ਕਿ ਉਸ ਨੇ 2020 ਦੇ ਜ਼ਹਿਰੀਲੇ ਸ਼ਰਾਬ ਮਾਮਲੇ ਲਈ ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਜ਼ਿੰਮੇਵਾਰ ਠਹਿਰਾ ਕੇ ਉਸ ਦਾ ਅਸਤੀਫ਼ਾ ਮੰਗਿਆ ਸੀ? ਕੀ ਵਿਧਾਇਕ ਵਿਰੁੱਧ ਕਾਰਵਾਈ ਇਸ ਲਈ ਕੀਤੀ ਗਈ ਕਿਉਂਕਿ ਉਸ ਨੇ ਮਾਨ ਸਰਕਾਰ ਦੇ ਸਕੂਲ ਆਫ਼ ਐਮੀਨੈਂਸ ਸਥਾਪਤ ਕਰਨ ਅਤੇ ਸਿੱਖਿਆ ਕ੍ਰਾਂਤੀ ਲਿਆਉਣ ਦੇ ਦਾਅਵਿਆਂ ਦੀ ਖਿੱਲੀ ਉਡਾਈ ਸੀ ਅਤੇ ਕਿਹਾ ਸੀ, ÷ਮੈਨੂੰ ਦਿਖਾਓ ਕਿ ਸਕੂਲ ਆਫ਼ ਐਮੀਨੈਂਸ ਦੇ ਨਵੇਂ ਸਕੂਲ ਕਿੱਥੇ ਬਣਾਏ ਗਏ ਹਨ?÷ ਕਿਉਂਕਿ ਇਹ ਪਹਿਲਾਂ ਹੀ ਚੰਗੀ ਤਰ੍ਹਾਂ ਚਲਾਏ ਜਾ ਰਹੇ ਸਕੂਲ ਹਨ ਜਿਨ੍ਹਾਂ ਦੇ ਨਾਮ ਬਦਲ ਦਿੱਤੇ ਗਏ ਹਨ। ਅੰਤ ਵਿੱਚ, ਸਰਚਾਂਦ ਸਿੰਘ ਨੇ ਕਿਹਾ ਕਿ ਲੋਕ ਕੇਜਰੀਵਾਲ ਅਤੇ 'ਆਪ' ਦੇ ਦੋਹਰੇ ਮਾਪਦੰਡਾਂ ਅਤੇ ਤਾਨਾਸ਼ਾਹੀ ਦਾ ਜਵਾਬ ਦੇਣਗੇ। ਭਾਜਪਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ, ਇਮਾਨਦਾਰ ਅਤੇ ਨਿਡਰ ਆਵਾਜ਼ਾਂ ਦਾ ਸਤਿਕਾਰ ਕਰਦੀ ਹੈ।